ੴ ਸਤਿਗੁਰ ਪ੍ਰਸਾਦਿ

# ਪਾਕਿਸਤਾਨ ਵਿਚ ਗੁਰਦੁਆਰਿਆਂ ਦੀ ਯਾਤਰਾ

(ਇਕ ਨਿੱਜੀ ਅਨੁਭਵ)

**ਪ੍ਰੋ. ਬਸੰਤ ਸਿੰਘ ਬਰਾੜ**
ਐਮ.ਏ., ਪੀ.ਈ.ਐਸ.-I (ਰਿਟਾ.)
ਭੂਤਪੂਰਵ ਮੁਖੀ, ਅੰਗ੍ਰੇਜ਼ੀ ਵਿਭਾਗ
ਸਰਕਾਰੀ ਕਾਲਜ, ਮੁਕਤਸਰ
6829, ਪੀਪਲ ਸਟ੍ਰੀਟ
ਕੋਟਕਪੂਰਾ ਰੋਡ
ਮੁਕਤਸਰ - 152 026
ਫੋਨ : 01633-260990

2003
ਗੁਰੂ ਨਾਨਕ ਦੇਵ ਮਿਸ਼ਨ ਲੜੀ
520-521-522

ਗੁਰੂ ਨਾਨਕ ਦੇਵ ਮਿਸ਼ਨ
ਅਕਾਡਮੀ ਆਫ਼ ਸਿੱਖ ਰਿਲੀਜਨ ਐਂਡ ਕਲਚਰ
1-ਢਿੱਲੋਂ ਮਾਰਗ, ਪਟਿਆਲਾ

ਭੇਟਾ - 25/-

# ਗੁਰੂ ਨਾਨਕ ਦੇਵ ਮਿਸ਼ਨ ਵਲੋਂ ਛਾਪੇ ਗਏ ਕੁੱਝ ਟ੍ਰੈਕਟ

| ਲੜੀ ਨੰ: | ਟ੍ਰੈਕਟ ਦਾ ਨਾਮ | ਕੀਮਤ |
|---|---|---|
| 462 | ਗੁਰਮਤਿ ਵਿਚ ਤਖਤਾਂ ਦੀ ਮਹਾਨਤਾ | 6.00 |
| 465 | ਗੁਰਬਾਣੀ ਪਾਠ ਕਿਵੇਂ ਕਰੀਏ? | 4.00 |
| 466 | Why Am I a Sikh | 2.00 |
| 467 | ਬਾਣੀ ਨਾਮਦੇਵ ਜੀ | 8.00 |
| 468 | ਸੁਖਮਨੀ ਸਾਹਿਬ ਦਾ ਆਦਰਸ਼-ਮਨੁੱਖ-ਬ੍ਰਹਮ ਗਿਆਨੀ | 5.00 |
| 469 | ਪੰਜਾਬੀ ਸਭਿਆਚਾਰ ਦਾ ਵਿਸ਼ਵ ਦ੍ਰਿਸ਼ਟੀਕੋਣ | 8.00 |
| 470 | ਭਗਤ ਕਬੀਰ | 6.00 |
| 478 | ਸਿੱਖ ਸਭਿਆਚਾਰ-'ਸ' ਸੱਭਿਆਚਾਰ | 9.00 |
| 479 | 1699 ਦੀ ਵਿਸਾਖੀ | 10.00 |
| 480 | The Vision of Gursikh (The Disciple of the Guru) in Gurbani | 8.00 |
| 481 | ਭਾਈ ਮੱਖਣ ਸ਼ਾਹ ਲੁਬਾਣਾ | 6.00 |
| 483 | ਸ਼ਹੀਦੀ ਦਾ ਸੰਕਲਪ ਤੇ ਸਿੱਖ ਜੀਵਨ ਜਾਚ | 4.00 |
| 484 | Permanent Peace | |
| 485 | ਸਿੱਖੀ ਸਿੱਖਿਆ ਗੁਰਵਿਚਾਰ | 10.00 |
| 486 | | |
| 487 | ਜਥੇਦਾਰ ਅੱਤਰ ਸਿੰਘ | 6.00 |
| 488 | ਦਸਮ ਗ੍ਰੰਥ-ਸੰਖੇਪ ਨਿਰੀਖਣ | 6.00 |
| 489 | ਸਿੱਖ ਨਾਮ ਕੋਸ਼ | 6.00 |
| 497 | ਗੁਰਮਤਿ ਸੰਪੂਰਨ ਜੀਵਨ ਦਾ ਮਾਰਗ | 6.00 |
| 498 | ਨਾਮ ਅੰਮ੍ਰਿਤ-ਖੰਡੇ ਦਾ ਅੰਮ੍ਰਿਤ | 6.00 |
| 499 | ਗੁਰਮਤਿ-ਸੰਪੂਰਨ ਜੀਵਨ ਦਾ ਮਾਰਗ | 8.00 |
| 500 | ਸਿੱਖ-ਵਿਦਿਅਕ ਸੰਸਥਾਵਾਂ ਤੇ ਸਿੱਖੀ ਇਤਿਹਾਸ | 6.00 |
| 501 | 'ਚੜ੍ਹਦੀ ਕਲਾ' ਦਾ ਸੰਖੇਪ ਇਤਿਹਾਸ | 10.00 |
| 502 | '੧ਓ' ਦਾ ਸਿਧਾਂਤ ਤੇ ਭੂਗੋਲ | 10.00 |
| 503 | ਪ੍ਰਾਪਤ ਪੁਰਾਣੇ ਰਹਿਤਨਾਮੇ-ਮੁਲਾਂਕਣ | 12.00 |
| 504 | | |
| 505 | ਪ੍ਰਾਪਤ ਪੁਰਾਣੇ ਰਹਿਤਨਾਮੇ-ਮੁਲਾਂਕਣ | 12.00 |
| 506 | | |
| 507 | ਅਜੋਕੇ ਯੁੱਗ ਵਿੱਚ ਖ਼ਾਲਸੇ ਦੀ ਪ੍ਰਾਸੰਗਿਕਤਾ | 12.00 |
| 508 | | |
| 509 | Creation of the Khalsa | 15.00 |
| 510 | | |
| 511 | ਦਸਵੰਧ ਪ੍ਰੰਪਰਾ | 2.00 |
| 512 | ਅਨੁਭਉ ਪ੍ਰਕਾਸ਼ | 2.00 |
| 513 | Maharaja Ranjit Singh his image & influence at home & abroad | 12.00 |
| 514 | ਜਪਹੁ ਤ ਏਕੋ ਨਾਮਾ | 15.00 |
| 515 | ਬਾਬਾ ਫ਼ਰੀਦ ਜੀ (ਡਾ. ਇੰਦਰਜੀਤ ਸਿੰਘ 'ਵਾਸੂ' | 15.00 |
| 516 | | |
| 517 | ਬਾਬਾ ਫਰੀਦ ਜੀ (ਸ. ਗੁਰਬਖਸ਼ ਸਿੰਘ ਫ਼ਿਆਜ਼) | 15.00 |
| 518 | | |
| 519 | 21ਵੀਂ ਸਦੀ ਵਿੱਚ ਸਿੱਖ | 12.00 |

# ਇਸ ਪੁਸਤਿਕਾ (Tract) ਸੰਬੰਧੀ

ਇਹ ਪੁਸਤਿਕਾ ਪ੍ਰੋ. ਬਸੰਤ ਸਿੰਘ ਬਰਾੜ ਦੁਆਰਾ ਲਿਖੀ ਗਈ ਹੈ। ਪ੍ਰੋ. ਬਰਾੜ ਹਰਿਆਣਾ ਅਤੇ ਪੰਜਾਬ ਦੇ ਕਈ ਕਾਲਜਾਂ ਵਿੱਚ ਅੰਗ੍ਰੇਜ਼ੀ ਪੜ੍ਹਾਉਣ ਦੀ ਕਾਫੀ ਲੰਬੀ ਸੇਵਾ ਕਰਨ ਮਗਰੋਂ ਸਰਕਾਰੀ ਕਾਲਜ ਮੁਕਤਸਰ ਤੋਂ ਅੰਗ੍ਰੇਜ਼ੀ ਵਿਭਾਗ ਦੇ ਮੁਖੀ ਦੀ ਪਦਵੀ ਤੋਂ 1998 ਵਿਚ ਸੇਵਾ-ਮੁਕਤ ਹੋਏ ਸਨ। ਪ੍ਰੋ. ਬਰਾੜ ਭਾਵੇਂ ਅੰਗ੍ਰੇਜ਼ੀ ਸਾਹਿਤ ਦੇ ਅਧਿਆਪਕ ਰਹੇ ਹਨ, ਪ੍ਰੰਤੂ ਧਰਮ ਪ੍ਰਤੀ ਵੀ ਉਨ੍ਹਾਂ ਦਾ ਝੁਕਾਅ ਹਮੇਸ਼ਾ ਹੀ ਰਿਹਾ ਹੈ। ਸਿੱਖ ਧਰਮ ਪ੍ਰਤੀ ਅਟਲ ਅਤੇ ਨਿਸ਼ਕਾਮ ਲਗਨ ਦੀ ਗੁੜ੍ਹਤੀ ਉਨ੍ਹਾਂ ਨੂੰ ਖਾਨਦਾਨੀ ਵਿਰਸੇ ਤੋਂ ਪ੍ਰਾਪਤ ਹੋਈ ਹੈ। ਉਨ੍ਹਾਂ ਦੇ ਸਵਰਗਵਾਸੀ ਪਿਤਾ ਸਰਦਾਰ ਕਰਤਾਰ ਸਿੰਘ ਇਕ ਸੱਚੇ-ਸੁੱਚੇ ਅੰਮ੍ਰਿਤਧਾਰੀ ਸਿੱਖ ਸਨ। ਆਪਣੇ ਗੁਰਸਿੱਖ ਪਿਤਾ ਦੀ ਪ੍ਰੇਰਨਾ ਦੇ ਫਲਸਰੂਪ ਹੀ ਪ੍ਰੋ. ਬਰਾੜ ਉਸ ਸਮੇਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ ਲੱਗ ਪਏ ਸਨ ਜਦੋਂ ਉਹ ਅਜੇ ਪ੍ਰਾਇਮਰੀ ਸਕੂਲ ਦੇ ਹੀ ਵਿਦਿਆਰਥੀ ਸਨ। ਉਹਨਾਂ ਨੂੰ ਮੈਂ ਨਿੱਜੀ ਤੌਰ ਤੇ ਬਹੁਤ ਹੀ ਨੇੜਿਓਂ ਜਾਣਨ ਦੀ ਕੋਸ਼ਿਸ਼ ਕੀਤੀ ਹੈ। ਵੱਖ-ਵੱਖ ਵਿਸ਼ਿਆਂ ਸੰਬੰਧੀ ਉਨ੍ਹਾਂ ਨਾਲ ਕਈ ਵਾਰ ਵਿਚਾਰ-ਵਟਾਂਦਰਾ ਵੀ ਹੋਇਆ ਹੈ। ਅਜਿਹੇ ਵਿਚਾਰ-ਵਟਾਂਦਰਿਆਂ ਦੇ ਫਲਸਰੂਪ ਹੀ ਸਿੱਖੀ ਪ੍ਰਤੀ ਪ੍ਰੋ. ਬਰਾੜ ਦੀ ਦ੍ਰਿੜ ਲਗਨ ਅਤੇ ਸਿੱਖੀ ਦੇ ਆਰਦਸ਼ਾਂ ਦੇ ਪ੍ਰਚਾਰ ਸੰਬੰਧੀ ਉਨ੍ਹਾਂ ਦੀ ਹਾਰਦਿਕ ਇੱਛਾ ਦਾ ਮੇਰੇ ਮਨ ਤੇ ਅਮਿੱਟ ਪ੍ਰਭਾਵ ਪਿਆ ਹੈ।

1999 ਵਿਚ ਖਾਲਸਾ ਪੰਥ ਦੇ 300 ਸਾਲਾ ਸਮਾਗਮ ਸਮੇਂ ਪ੍ਰਸਿੱਧ ਅਭਿਨੇਤਾ (Actor) ਅਤੇ ਨਿਰਮਾਤਾ (Producer) ਮੰਗਲ ਢਿੱਲੋਂ ਨੇ 'ਖਾਲਸਾ' ਨਾਮ ਦੀ ਫਿਲਮ ਪੰਜਾਬੀ ਵਿਚ ਬਣਾਈ ਸੀ। ਵਿਦੇਸ਼ਾਂ ਵਿਚ ਰਹਿੰਦੇ ਸਿੱਖ ਪਰਿਵਾਰਾਂ ਦੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਦੀ ਪੂਰਨ ਜਾਣਕਾਰੀ ਨਾ ਹੋਣ ਕਾਰਨ ਉਹ ਫਿਲਮ ਉਨ੍ਹਾਂ ਲਈ ਲਾਭਦਾਇਕ ਸਿੱਧ ਨਹੀਂ ਹੋ ਸਕਦੀ ਸੀ। ਪੰਜਾਬੀ ਭਾਸ਼ਾ ਤੋਂ ਅਨਜਾਣ ਵਿਦੇਸ਼ਾਂ ਵਿਚ ਵਸਦੇ ਸਿੱਖਾਂ ਨੂੰ ਸਿੱਖੀ ਵਿਰਸੇ ਅਤੇ ਸਿੱਖ ਧਰਮ ਨਾਲ ਜੋੜਨ ਦੇ ਮਨੋਰਥ ਨੂੰ ਮੁੱਖ ਰੱਖ ਕੇ ਪ੍ਰੋ. ਬਰਾੜ ਨੇ ਪੰਜਾਬੀ ਭਾਸ਼ਾ ਵਿੱਚ ਬਣੀ ਫਿਲਮ 'ਖਾਲਸਾ' ਦਾ ਅੰਗ੍ਰੇਜ਼ੀ ਵਿੱਚ ਅਨੁਵਾਦ ਕੀਤਾ ਸੀ ਅਤੇ ਉਸ ਫਿਲਮ ਨੂੰ ਪੂਰਾ ਕਰਨ ਵਿਚ ਨਿਰਮਾਤਾ ਮੰਗਲ ਢਿੱਲੋਂ ਨੂੰ ਪੂਰਨ ਸਹਿਯੋਗ ਦਿੱਤਾ ਸੀ। ਪ੍ਰੋ. ਬਰਾੜ ਨੇ ਇਸ ਕੰਮ ਬਦਲੇ ਕਿਸੇ ਕਿਸਮ ਦਾ ਕੋਈ ਮਾਲੀ ਮਿਹਨਤਾਨਾ ਜਾਂ ਮੁਆਵਜ਼ਾ ਨਹੀਂ ਲਿਆ ਸੀ। ਸ. ਮੰਗਲ ਢਿੱਲੋਂ ਪ੍ਰੋ. ਬਰਾੜ ਦੇ ਵਿਦਿਆਰਥੀ ਵੀ ਰਹੇ ਸਨ, ਪਰ ਪ੍ਰੋ. ਬਰਾੜ ਨੇ ਇਹ ਕੰਮ ਗੁਰ-ਚੇਲੇ ਦੇ ਰਿਸ਼ਤੇ ਤੋਂ ਵੱਧ ਸਿੱਖੀ ਦੀ ਸੇਵਾ ਕਰਨ ਦੀ ਭਾਵਨਾ ਤੋਂ ਪ੍ਰੇਰਿਤ ਹੋ ਕੇ ਕੀਤਾ ਸੀ। ਸਰਕਾਰੀ ਸੇਵਾ ਦੌਰਾਨ ਉਨ੍ਹਾਂ ਨੇ ਇਹ ਪ੍ਰਣ ਕੀਤਾ ਹੋਇਆ ਸੀ ਕਿ ਸੇਵਾ-ਮੁਕਤ ਹੋਣ ਮਗਰੋਂ ਉਹ ਸਿੱਖ

ਧਰਮ ਦੀ ਯੋਗ ਸੇਵਾ ਕਰਨ ਦਾ ਹਰ ਸੰਭਵ ਉਪਰਾਲਾ ਕਰਨਗੇ। ਇਹ ਹਥਲੀ-ਪੁਸਤਿਕਾ ਉਨ੍ਹਾਂ ਦੇ ਉਸ ਪ੍ਰਣ ਦਾ ਹੀ ਇੱਕ ਮਹੱਤਵਪੂਰਨ ਸਿੱਟਾ ਹੈ। ਪ੍ਰੋ. ਬਰਾੜ ਨੇ ਪਾਕਿਸਤਾਨ ਵਿਚ ਗੁਰਦਵਾਰਿਆਂ ਦੀ ਯਾਤਰਾ ਕਰ ਕੇ ਆਏ ਕਈ ਆਪਣੇ ਨਿਕਟਵਰਤੀ ਦੋਸਤਾਂ ਤੋਂ ਇਹ ਸੁਣਿਆ ਸੀ ਕਿ ਪਾਕਿਸਤਾਨ ਵਿਚ ਗੁਰਦਵਾਰਿਆਂ ਦੀ ਵਾਸਤਵਿਕ ਤਸਵੀਰ ਬਹੁਤ ਨਿਰਾਸ਼ਾਜਨਕ ਹੈ । ਇਸ ਤਰ੍ਹਾਂ ਦੀ ਜਾਣਕਾਰੀ ਨੇ ਪ੍ਰੋ. ਬਰਾੜ ਦੀ ਆਤਮਾ ਨੂੰ ਹਲੂਣਾ ਦਿੱਤਾ ਕਿ ਉਹ ਨਿੱਜੀ ਤੌਰ ਤੇ ਜਾ ਕੇ ਪਾਕਿਸਤਾਨ ਵਿਚ ਸਥਿਤ ਗੁਰਦਵਾਰਿਆਂ ਅਤੇ ਉਨ੍ਹਾਂ ਗੁਰਦਵਾਰਿਆਂ ਦੀਆਂ ਯਾਤਰਾਵਾਂ ਦੀ ਸਮੁੱਚੀ ਪ੍ਰਕ੍ਰਿਆ ਸੰਬੰਧੀ ਸਹੀ ਜਾਣਕਾਰੀ ਲੋਕਾਂ ਦੇ ਸਾਹਮਣੇ ਪੇਸ਼ ਕਰਨ। ਇਸ ਮੰਤਵ ਲਈ ਹੀ ਪ੍ਰੋ. ਬਰਾੜ ਅਪ੍ਰੈਲ 2001 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵਲੋਂ ਭੇਜੇ ਗਏ ਇਕ ਜੱਥੇ ਦੇ ਨਾਲ ਪਾਕਿਸਤਾਨ ਵਿਚ ਸਿੱਖ ਗੁਰਧਾਮਾਂ ਦੀ ਯਾਤਰਾ ਕਰਨ ਲਈ ਗਏ। ਉਸ ਯਾਤਰਾ ਦੌਰਾਨ ਉਨ੍ਹਾਂ ਨੇ ਜੋ ਕੁਝ ਅੱਖੀਂ ਡਿੱਠਾ ਉਸ ਨੂੰ ਉਨ੍ਹਾਂ ਨੇ ਕਲਮਬੱਧ ਕੀਤਾ ਅਤੇ ਅਸੀਂ ਉਨ੍ਹਾਂ ਦੀ ਲਿਖਤ ਨੂੰ ਸਿੱਖ ਸੰਗਤਾਂ ਤੱਕ ਪਹੁੰਚਾਉਣ ਲਈ ਇਹ ਪੁਸਤਿਕਾ ਪ੍ਰਕਾਸ਼ਿਤ ਕਰਨ ਦਾ ਉਪਰਾਲਾ ਕੀਤਾ ਹੈ। ਇਸ ਪੁਸਤਿਕਾ ਵਿਚ ਜਿੱਥੇ ਪਾਕਿਸਤਾਨ ਵਿਚ ਗੁਰਦੁਆਰਿਆਂ ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਕੁਝ ਦੂਜੇ ਇਤਿਹਾਸਿਕ ਸਥਾਨਾਂ ਦੀ ਵਾਸਤਵਿਕ ਦਿਸ਼ਾ ਦਾ ਸੰਖੇਪ ਵਰਣਨ ਹੈ ਉਥੇ ਇਸ ਪੁਸਤਿਕਾ ਵਿਚ ਪ੍ਰੋ. ਬਰਾੜ ਦੁਆਰਾ ਅਨੇਕਾਂ ਹੀ ਅਜਿਹੇ ਮਹੱਤਵਪੂਰਨ ਤੱਥ ਅੰਕਿਤ ਕੀਤੇ ਗਏ ਹਨ ਜੋ ਪਾਠਕਾਂ ਨੂੰ ਵਡਮੁੱਲੀ ਜਾਣਕਾਰੀ ਦੇਣ ਤੋਂ ਇਲਾਵਾ ਪਾਕਿਸਤਾਨ ਵਿਚ ਗੁਰਧਾਮਾਂ ਦੀ ਯਾਤਰਾ ਕਰਨ ਵਾਲੇ ਚਾਹਵਾਨਾਂ ਦਾ ਮਾਰਗ ਦਰਸ਼ਨ ਕਰਨਗੇ। ਪਾਠਕਾਂ ਨੂੰ ਬੇਨਤੀ ਹੈ ਕਿ ਜੇਕਰ ਉਹ ਇਸ ਵਿਸ਼ੇ ਸੰਬੰਧੀ ਕਿਸੇ ਵੀ ਕਿਸਮ ਦੀ ਕੋਈ ਹੋਰ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੇ ਹਨ ਤਾਂ ਉਹ ਸਿੱਧਾ ਪ੍ਰੋ. ਬਰਾੜ ਨਾਲ ਸੰਪਰਕ ਕਰ ਸਕਦੇ ਹਨ ਜਾਂ ਸਾਨੂੰ ਪੱਤਰ ਲਿਖ ਸਕਦੇ ਹਨ। ਮੈਨੂੰ ਪੂਰਨ ਵਿਸ਼ਵਾਸ ਹੈ ਕਿ ਗੁਰੂ ਨਾਨਕ ਦੇਵ ਮਿਸ਼ਨ ਦਾ ਇਹ ਉਪਰਾਲਾ ਪਾਠਕਾਂ ਲਈ ਬਹੁਤ ਲਾਭਕਾਰੀ ਸਿੱਧ ਹੋਵੇਗਾ।


**ਡਾ. ਐਸ.ਐਸ. ਨੰਦਾ**

ਸਕੱਤਰ

ਗੁਰੂ ਨਾਨਕ ਦੇਵ ਮਿਸ਼ਨ

ਅਕਾਡਮੀ ਆਫ਼ ਸਿੱਖ ਰਿਲੀਜਨ ਐਂਡ ਕਲਚਰ,

1-ਢਿੱਲੋਂ ਮਾਰਗ, ਪਟਿਆਲਾ

ਫੋਨ : 0175-2215704

0175-2219475

# ਪਾਕਿਸਤਾਨ ਵਿਚ ਗੁਰਦੁਆਰਿਆਂ ਦੀ ਯਾਤਰਾ
## (ਇਕ ਨਿੱਜੀ ਅਨੁਭਵ)

ਪ੍ਰੋ. ਬਸੰਤ ਸਿੰਘ ਬਰਾੜ

1965 ਤੋਂ 1998 ਤੱਕ ਵੱਖ ਵੱਖ ਕਾਲਜਾਂ ਵਿਚ ਪੜ੍ਹਾਉਂਦੇ ਹੋਏ ਲੰਘ ਗਏ। ਵੱਖ ਵੱਖ ਇਲਾਕੇ ਵੇਖਣ ਦੀ ਇੱਛਾ ਬੱਸ ਇਰਾਦਿਆਂ ਵਿਚ ਹੀ ਰਹੀ। ਵੱਧ ਤੋਂ ਵੱਧ ਦੋ ਤਿੰਨ ਵਾਰ ਹਿਮਾਚਲ ਘੁੰਮ ਆਏ। ਵਰਨਾ ਹਰ ਸਾਲ ਓਹੀ ਕਹੀ, ਓਹੀ ਕੁਹਾੜਾ। ਨਿਰੇ ਕੋਹਲੂ ਦੇ ਬੈਲ ਬਣੇ ਰਹੇ।

ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਵਿਚ ਕੁਝ ਰਿਸ਼ਤੇਦਾਰ, ਸੱਚੇ ਦੋਸਤ ਅਤੇ ਪਿਆਰੇ ਵਿਦਿਆਰਥੀ ਹਨ ਜੋ ਕਈ ਵਾਰ ਓਧਰ ਗੇੜਾ ਮਾਰਨ ਬਾਰੇ ਕਹਿ ਚੁੱਕੇ ਹਨ। ਪਰ ਮੈਂ ਤਾਂ ਪਾਸਪੋਰਟ ਤੱਕ ਨਹੀਂ ਬਣਾਇਆ ਸੀ।

ਰਿਟਾਇਰਮੈਂਟ ਤੋਂ ਬਾਅਦ ਮੈਂ ਸਭ ਤੋਂ ਪਹਿਲਾਂ ਕੰਮ ਪਾਸਪੋਰਟ ਬਣਵਾਉਣ ਦਾ ਕੀਤਾ। ਪਰ ਘਰੇਲੂ ਹਾਲਾਤ ਸੁਖਾਵੇਂ ਨਾ ਹੋਣ ਕਰਕੇ ਕੋਈ ਲੰਬਾ ਦੌਰਾ ਕਰਨ ਦਾ ਪ੍ਰੋਗਰਾਮ ਨਾ ਬਣਿਆ। 2001 ਵਿਚ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੇ ਵਿਸਾਖੀ ਦੇ ਸਮੇਂ ਜਥਾ ਲਿਜਾਣ ਦਾ ਇਸ਼ਤਿਹਾਰ ਕੱਢਿਆ ਤਾਂ ਮੈਂ ਸੋਚਿਆ ਕਿ ਚਲੋ ਪਾਕਿਸਤਾਨ ਹੀ ਘੁੰਮ ਆਈਏ। ਖੁਸ਼ਕਿਸਮਤੀ ਨਾਲ, ਮੇਰੇ ਪੁਰਾਣੇ ਦੋਸਤ ਅਤੇ ਰੌਣਕੀ ਬੰਦੇ ਪ੍ਰੋ. ਗੁਰਮੇਲ ਸਿੰਘ ਜੌਹਲ ਵੀ ਤਿਆਰ ਹੋ ਗਏ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦਾ ਮੁੱਢਲਾ ਪ੍ਰਬੰਧ ਵਧੀਆ ਸੀ। ਮੁਕਤਸਰ ਵਿਚ ਹੀ ਆ ਕੇ ਉਨ੍ਹਾਂ ਦੇ ਨੁਮਾਇੰਦੇ ਪਾਸਪੋਰਟ ਅਤੇ ਲੋੜੀਂਦੇ ਪੈਸੇ ਲੈ ਗਏ। ਇੱਕ ਕਾਗਜ਼ ਤੇ ਜ਼ਰੂਰੀ ਹਦਾਇਤਾਂ ਵੀ ਦੇ ਗਏ। ਕੈਮਰਾ, ਦੂਰਬੀਨ ਅਤੇ ਸੋਨਾ ਲਿਜਾਣਾ ਮਨ੍ਹਾਂ ਸੀ। ਵੀਜ਼ਾ ਉਨ੍ਹਾਂ ਨੇ ਲਵਾਉਣਾ ਸੀ ਅਤੇ ਪਾਕਿਸਤਾਨੀ ਕਰੰਸੀ ਉਧਰ ਜਾ ਕੇ ਦੇਣੀ ਸੀ।

ਅਪ੍ਰੈਲ ਦਾ ਸੁਹਾਵਣਾ ਮੌਸਮ ਹੋਣ ਕਰਕੇ ਅਸੀਂ ਥੋੜ੍ਹਾ ਥੋੜ੍ਹਾ ਸਮਾਨ ਲੈ ਕੇ 8 ਅਪ੍ਰੈਲ, 2001 ਨੂੰ ਅੰਮ੍ਰਿਤਸਰ ਦਰਬਾਰ ਸਾਹਿਬ ਪਹੁੰਚ ਗਏ। **ਸਾਡਾ ਸੰਘਰਸ਼ ਉਥੋਂ ਹੀ ਸ਼ੁਰੂ ਹੋ ਗਿਆ।**

**ਠਹਿਰਨ ਦੀ ਸਮੱਸਿਆ** : 'ਪਹਿਲੀ ਸਮੱਸਿਆ ਠਹਿਰਨ ਦੀ ਆਈ। ਦਰਬਾਰ ਸਾਹਿਬ ਦੀਆਂ ਸਰਾਵਾਂ ਵਿਚ ਠਹਿਰਨ ਦਾ ਸਾਡਾ ਇਹ ਪਹਿਲਾ ਅਨੁਭਵ ਸੀ ਅਤੇ ਪਤਾ ਨਹੀਂ ਸੀ ਕਿ ਉੱਥੇ ਕੀ ਦਾਅ ਪੇਚ ਚਲਦੇ ਹਨ। ਯਾਤਰੀਆਂ ਦੀ ਗਿਣਤੀ ਬਹੁਤ ਜ਼ਿਆਦਾ ਸੀ। ਸਾਨੂੰ ਇਕ ਸਰਾਂ ਤੋਂ ਦੂਜੀ ਸਰਾਂ ਧਕਦੇ ਰਹੇ। ਇਕ ਉਸਾਰੀ ਅਧੀਨ ਸਰਾਂ ਵਿਚ ਦਰੀਆਂ ਵਿਛਾਈਆਂ ਹੋਈਆਂ ਸਨ। ਸੋਚਿਆ, ਚਲੋ ਏਥੇ ਹੀ ਲੇਟ ਜਾਵਾਂਗੇ। ਕੰਮ ਕਰ ਰਹੇ ਮਜ਼ਦੂਰਾਂ ਨੂੰ ਪੁੱਛਿਆ ਕਿ ਇਸ ਸਰਾਂ ਦੀਆਂ ਟਾਇਲਟਸ ਕਿੱਥੇ ਹਨ ਤਾਂ ਉਹ ਮੁਸਕਰਾ ਕੇ ਚੁੱਪ ਹੋ ਗਏ। ਭਈਏ ਹੋਣ ਕਰਕੇ ਸ਼ਾਇਦ ਉਹ ਸਾਡਾ ਸਵਾਲ ਨਹੀਂ ਸਮਝੇ ਸਨ। ਅਸੀਂ ਸਮਾਨ ਸਹਿਤ ਧੱਕੇ ਖਾਂਦੇ ਫਿਰਦੇ ਸਾਂ। ਅਚਾਨਕ ਸਾਡੇ ਇਕ ਪੁਰਾਣੇ ਸਾਥੀ ਪ੍ਰੋ. ਮਹਿਲ ਸਿੰਘ ਗਿੱਲ ਮਿਲ ਗਏ। ਉਨ੍ਹਾਂ ਦੀ ਧਰਮ ਪਤਨੀ, ਬੀਬੀ ਦਵਿੰਦਰ ਕੌਰ, ਸ਼੍ਰੋਮਣੀ ਕਮੇਟੀ ਦੇ ਮੈਂਬਰ ਸਨ ਅਤੇ ਉਨ੍ਹਾਂ ਦੇ ਕੋਟੇ ਵਿਚੋਂ ਹੀ

ਅਸੀਂ ਫਾਰਮ ਭਰੇ ਸਨ। ਉਨ੍ਹਾਂ ਨੇ ਸਾਨੂੰ ਆਪਣੇ ਕੋਲ ਸ਼੍ਰੀ ਗੁਰੂ ਅਰਜਨ ਨਿਵਾਸ ਵਿਚ ਠਹਿਰਾਅ ਲਿਆ। ਵਧੀਆ ਕਮਰੇ, ਵਧੀਆ ਸਹੂਲਤਾ ਸਨ। ਸਾਬਣ ਤੌਲੀਏ ਵੀ ਕਮੇਟੀ ਦੇ, ਖਾਣਾ ਕਮਰਿਆਂ ਵਿਚ, ਰਾਤ ਨੂੰ ਦੁੱਧ, ਇਹ ਸਹੂਲਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਰੇ ਮੈਂਬਰਾਂ ਨੂੰ ਪ੍ਰਾਪਤ ਸਨ।

**ਪਾਸਪੋਰਟ ਲੈਣ ਲਈ ਸੰਘਰਸ਼ :** ਵੀਜ਼ਾ ਲਗਾਉਣ ਤੋਂ ਬਾਅਦ ਸਾਡੇ ਪਾਸਪੋਰਟ ਸ਼੍ਰੋਮਣੀ ਕਮੇਟੀ ਨੇ ਵਾਪਸ ਕਰਨੇ ਸਨ। ਠਹਿਰਨ ਦਾ ਇੰਤਜ਼ਾਮ ਹੋਣ ਤੋਂ ਬਾਅਦ ਅਸੀਂ ਇਸ ਪਾਸੇ ਲੱਗ ਪਏ। ਤੇਜਾ ਸਿੰਘ ਸਮੁੰਦਰੀ ਹਾਲ ਦੇ ਵਰਾਂਡਿਆਂ ਵਿਚ ਕਈ ਥਾਵਾਂ ਤੇ ਲਾਈਨਾਂ ਲੱਗੀਆਂ ਹੋਈਆਂ ਸਨ। ਇਹ ਕਿਤੇ ਨਹੀਂ ਲਿਖਿਆ ਸੀ ਕਿ ਕਿੰਨੇ ਨੰਬਰ ਦੀ ਰਸੀਦ ਵਾਲੇ ਨੂੰ ਪਾਸਪੋਰਟ ਕਿੱਥੋਂ ਵਾਪਸ ਹੋਵੇਗਾ। ਪੁੱਛ-ਗਿੱਛ ਨਾਲ ਲੋਕ ਏਧਰ ਉਧਰ ਭੱਜ ਨੱਸ ਕਰ ਰਹੇ ਸਨ। ਭੀੜ ਘਟਣ ਤੇ ਪਤਾ ਲੱਗਿਆ ਕਿ ਅਲੱਗ ਅਲੱਗ ਕਾਊਂਟਰਾਂ ਤੇ ਨੰਬਰ ਬੁਰਜੀਆਂ ਉਤੇ ਪੈਂਸਲ ਨਾਲ ਏਨੇ ਨੀਵੇਂ ਲਿਖੇ ਹੋਏ ਸਨ ਕਿ ਉਹ ਭੀੜ ਨੇ ਢਕ ਲਏ ਸਨ। ਹਰ ਕਾਊਂਟਰ ਤੇ ਲੋਕਾਂ ਦੇ ਮਖਿਆਲ ਲੱਗੇ ਸਨ। ਕੀੜੀਆਂ ਵਾਲੀਆਂ ਕਤਾਰਾਂ ਕਿਤੇ ਵੀ ਨਹੀਂ ਸਨ।

ਪ੍ਰੋ. ਗੁਰਮੇਲ ਸਿੰਘ ਜੌਹਲ ਅਤੇ ਮੇਰੇ ਰਸੀਦ ਨੰਬਰ ਅੱਗੇ ਪਿੱਛੇ ਸਨ। ਬੜੀ ਮੁਸ਼ਕਲ ਨਾਲ ਵਾਰੀ ਆਈ ਤਾਂ ਮੇਰਾ ਪਾਸਪੋਰਟ ਤਾਂ ਮਿਲ ਗਿਆ, ਪ੍ਰੰਤੂ ਪ੍ਰੋ: ਜੌਹਲ ਦਾ ਉਥੇ ਨਹੀਂ ਸੀ। ਇੰਚਾਰਜ ਕਹਿਣ ਲੱਗਾ ਕਿ ਕੁਝ ਪਾਸਪੋਰਟਾਂ ਤੇ ਵੀਜ਼ਾ ਨਹੀਂ ਲੱਗਿਆ; ਤੁਸੀਂ ਉਥੇ ਪਤਾ ਕਰੋ। ਫਿਰ ਓਧਰ ਜਾ ਕੇ ਧੱਕਾ ਮੁੱਕੀ ਸ਼ੁਰੂ ਹੋ ਗਈ। ਅਖੀਰ ਉੱਥੇ ਵੀ ਸਾਰੇ ਪਾਸਪੋਰਟ ਵੇਖ ਲਏ ਅਤੇ ਜੌਹਲ ਦਾ ਪਾਸਪੋਰਟ ਨਾ ਮਿਲਿਆ। ਵਾਪਸ ਆਪਣੀ ਖਿੜਕੀ (ਮਤਲਬ ਵਰਾਂਡੇ ਵਿਚਲੀ ਖੁੱਲ੍ਹੀ ਥਾਂ ਜੋ ਹਰ ਪਾਸਿਓਂ ਘਿਰੀ ਹੋਈ ਸੀ) ਉਤੇ ਗਏ। ਇੰਚਾਰਜ ਕਹਿੰਦਾ ਕਿ ਸ਼ਾਇਦ ਕਿਸੇ ਹੋਰ ਕਾਊਂਟਰ ਤੇ ਚਲਾ ਗਿਆ ਹੋਵੇ। ਦੂਸਰੇ ਕਾਊਂਟਰਾਂ ਤੇ ਭੀੜ ਕੁਝ ਘਟਣ ਤੋਂ ਬਾਅਦ ਅਸੀਂ ਉਨ੍ਹਾਂ ਕੋਲ ਬਚੇ ਪਾਸਪੋਰਟ ਵੀ ਵੇਖ ਆਏ। ਪ੍ਰੋ. ਜੌਹਲ ਦਾ ਪਾਸਪੋਰਟ ਕਿਤੇ ਨਹੀਂ ਸੀ। ਸਾਰੇ ਕਾਊਂਟਰਾਂ ਦਾ ਸਾਂਝਾ ਇੰਚਾਰਜ ਕਹਿਣ ਲੱਗਾ ਕਿ ਟਾਈਮ ਖ਼ਤਮ ਹੋਣ ਤੋਂ ਬਾਅਦ ਇਕੱਠੇ ਚੈੱਕ ਕਰਾਂਗੇ। ਸ਼ਾਮ ਵੀ ਹੋ ਗਈ। ਇੱਕ ਇੱਕ ਕਰਕੇ ਸਾਰੇ ਪਾਸਪੋਰਟ ਫਰੋਲ ਲਏ। ਕੋਈ ਉੱਘ ਸੁੱਘ ਨਾ ਲੱਗੀ। ਅਸੀਂ ਵੇਖਿਆ ਕਿ ਸਾਡੇ ਵਾਂਗ ਕੁਝ ਹੋਰ ਯਾਤਰੀ ਵੀ ਸਵੇਰ ਤੋਂ ਏਸੇ ਚੱਕਰ ਵਿਚ ਫਸੇ ਹੋਏ ਸਨ।

ਮੇਰਾ ਵਿਸ਼ਵਾਸ ਹੈ ਕਿ ਜਿੱਥੇ ਕੰਮ ਅੜ ਜਾਵੇ, ਉਥੇ ਅੰਗ੍ਰੇਜ਼ੀ ਵਿਚ ਗੱਲਬਾਤ ਸ਼ੁਰੂ ਕਰ ਦਿਓ। ਇਸ ਦਾ ਜਾਦੂਮਈ ਅਸਰ ਹੁੰਦਾ ਹੈ। ਅਖ਼ੀਰ ਅਸੀਂ ਮੈਨੇਜਰ ਨੂੰ ਅੰਗ੍ਰੇਜ਼ੀ ਵਿਚ ਕਿਹਾ ਕਿ ਅਸੀਂ ਦੋਵੇਂ ਅੰਗ੍ਰੇਜ਼ੀ ਦੇ ਪ੍ਰੋਫੈਸਰ ਰਹੇ ਹਾਂ। ਸਾਨੂੰ ਇਹ ਦੱਸੋ ਕਿ ਤੁਹਾਥੋਂ ਸਾਡਾ ਪਾਸਪੋਰਟ ਗੁੰਮ ਹੋਣ ਦੀ ਰਿਪੋਰਟ ਕਿਸ ਥਾਣੇ ਲਿਖਾਈਏ। ਨਾਲ ਹੀ ਅਸੀਂ ਉਹਨੂੰ ਦੱਸਿਆ ਕਿ ਇੰਨੀ ਲਾਪਰਵਾਹੀ ਨਾਲ ਤਾਂ ਅਸੀਂ ਕਾਲਜ ਦੇ ਵਿਦਿਆਰਥੀਆਂ ਦੇ ਪਹਿਚਾਣ-ਪੱਤਰ ਵੀ ਇਧਰ-ਉਧਰ ਨਹੀਂ ਸੁਟਦੇ। ਨਾਲ ਦੀ ਨਾਲ ਹੀ ਉਸਦਾ ਵਤੀਰਾ ਬਦਲ ਗਿਆ।

ਗੱਲ ਦਰਅਸਲ ਹੋਰ ਹੀ ਸੀ ਜਿਹੜੀ ਕਿਸੇ ਕਾਰਨ ਉਹ ਗੁਪਤ ਰੱਖਣੀ ਚਾਹੁੰਦਾ ਸੀ। ਪਾਕਿਸਤਾਨ ਨੇ 'ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ' ਬਣਾ ਕੇ 11 ਅਪਰੈਲ 1999 ਤੋਂ ਪਾਕਿਸਤਾਨ ਵਿਚਲੇ ਸਾਰੇ ਗੁਰਦੁਆਰੇ ਉਸ ਸੰਸਥਾ ਨੂੰ ਸੌਂਪ ਦਿੱਤੇ ਸਨ। ਇਸ ਤੋਂ ਪਹਿਲਾਂ ਇਹ ਗੁਰਦੁਆਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਪ੍ਰਬੰਧ ਹੇਠ ਸਨ। ਰੋਸ ਵਜੋਂ ਸ਼੍ਰੋਮਣੀ ਕਮੇਟੀ ਨੇ ਯਾਤਰੀ ਭੇਜਣੇ ਬੰਦ ਕਰ ਦਿੱਤੇ ਸਨ। ਇਸ ਸਮੇਂ ਦੌਰਾਨ

ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਥੇ ਭੇਜਦੀ ਰਹੀ। ਫਿਰੋਜ਼ਪੁਰ ਦੀ ਇੱਕ ਸੰਸਥਾ ਵੀ ਬਹੁਤ ਸਰਗਰਮ ਹੋ ਗਈ ਅਤੇ ਉਹ ਵੀ ਜਥੇ ਭੇਜਦੀ ਰਹੀ। ਅਪਰੈਲ, 2001 ਤੋਂ ਸ਼੍ਰੋਮਣੀ ਕਮੇਟੀ ਨਵੇਂ ਸਿਰਿਉਂ ਫੇਰ ਜਥੇ ਭੇਜਣ ਲੱਗੀ ਸੀ। ਸਾਡਾ ਜਥਾ ਬਾਈਕਾਟ ਤੋਂ ਬਾਅਦ ਪਹਿਲਾ ਜਥਾ ਸੀ। ਇਸ ਵਾਰ ਫਿਰੋਜ਼ਪੁਰ ਵਾਲੀ ਸੰਸਥਾ ਨੇ ਵੀ ਸ਼੍ਰੋਮਣੀ ਕਮੇਟੀ ਦੇ ਜਥੇ ਦੇ ਨਾਲ ਹੀ ਆਪਣੇ ਜਥੇ ਦੇ ਪਾਸਪੋਰਟ ਵੀਜ਼ਾ ਲਗਵਾਉਣ ਲਈ ਭੇਜੇ ਸਨ। ਕਾਰਵਾਈ ਹੋਣ ਤੋਂ ਬਾਅਦ ਉਹ ਆਪਣੇ ਪਾਸਪੋਰਟ ਵਾਪਸ ਫਿਰੋਜ਼ਪੁਰ ਵੰਡਣ ਲਈ ਲੈ ਗਏ ਸਨ। ਉਨ੍ਹਾਂ ਵਿਚ ਕੁਝ ਵਾਧੂ ਪਾਸਪੋਰਟ ਵੀ ਚਲੇ ਗਏ।

ਕਾਨੂੰਨੀ ਕਾਰਵਾਈ ਦੀ ਗੱਲ ਸੁਣ ਕੇ ਮੈਨੇਜਰ ਨੇ ਇਹ ਕਹਾਣੀ ਦੱਸੀ ਅਤੇ ਫਿਰੋਜ਼ਪੁਰ ਫੋਨ ਕੀਤਾ। ਪ੍ਰੋ. ਜੌਹਲ ਦਾ ਪਾਸਪੋਰਟ ਵੀ ਉਥੇ ਚਲਾ ਗਿਆ ਸੀ। ਸ਼੍ਰੋਮਣੀ ਕਮੇਟੀ ਦੇ ਮੈਨੇਜਰ ਨੇ ਸਾਨੂੰ ਕਿਹਾ ਕਿ ਤੁਸੀਂ ਫਿਰੋਜ਼ਪੁਰ ਜਾ ਕੇ ਪਾਸਪੋਰਟ ਲੈ ਆਓ। ਰਾਤ ਹੋ ਚੁੱਕੀ ਸੀ। ਅਸੀਂ ਥੱਕੇ ਟੁੱਟੇ ਪਏ ਸਾਂ ਅਤੇ ਫਿਰ ਅਸੀਂ ਜਾਈਏ ਵੀ ਕਿਉਂ ? ਫਿਰੋਜ਼ਪੁਰ ਵਾਲਿਆਂ ਨੇ ਬੱਸਾਂ ਰਾਹੀਂ ਜਾ ਕੇ ਅਟਾਰੀ ਤੋਂ ਗੱਡੀ ਪਕੜਨੀ ਸੀ ਅਤੇ ਲੰਘਣਾ ਅੰਮ੍ਰਿਤਸਰ ਵਿਚੋਂ ਸੀ। ਅਖੀਰ ਫੈਸਲਾ ਇਹ ਹੋਇਆ ਕਿ ਇਕ ਚੌਕ ਵਿਚ ਸਵੇਰੇ ਅਸੀਂ ਉਨ੍ਹਾਂ ਦੀਆਂ ਬੱਸਾਂ ਉਡੀਕੀਏ। ਉਥੇ ਉਹ ਪਾਸਪੋਰਟ ਦੇ ਦੇਣਗੇ। ਸਵੇਰੇ ਜੌਹਲ ਸਾਹਿਬ ਉਥੇ ਜਾ ਕੇ ਖਲੋ ਗਏ। ਕਈ ਘੰਟੇ ਵਾਪਸ ਨਾ ਆਏ। ਸਭ ਯਾਤਰੀ ਸਟੇਸ਼ਨ ਤੇ ਚਲੇ ਗਏ ਸਨ। ਮੈਂ ਸਰਾਂ ਦੀ ਖਿੜਕੀ ਕੋਲ ਬੈਠਾ ਬਾਜ਼ਾਰ ਵੱਲ ਟਿਕ-ਟਿਕੀ ਲਾ ਕੇ ਜੌਹਲ ਸਾਹਿਬ ਦਾ ਰਿਕਸ਼ਾ ਆਉਣ ਦੀ ਉਡੀਕ ਕਰਦਾ ਰਿਹਾ। ਗੁੱਸਾ ਵੀ ਸੀ ਅਤੇ ਹਾਸਾ ਵੀ ਆਉਂਦਾ ਸੀ ਕਿ ਕਿੰਨੀ ਬੇਪਰਵਾਹ ਕੌਮ ਹੈ। ਪਾਸਪੋਰਟਾਂ ਨੂੰ ਸਕੂਲ ਦੀਆਂ ਕਾਪੀਆਂ ਵਾਂਗ ਰੋਲੀ ਫਿਰਦੇ ਹਨ। ਮੈਂ ਸੋਚਿਆ ਕਿ ਜੇ ਗੱਲ ਨਾ ਬਣੀ ਤਾਂ ਰਿਪੋਰਟ ਲਿਖਾ ਕੇ ਇੱਥੇ ਹੀ ਪੈਰਵੀ ਕਰਾਂਗੇ ਅਤੇ ਫੇਰ ਹੀ ਦੋਨੋਂ ਵਾਪਸ ਮੁਕਤਸਰ ਜਾਵਾਂਗੇ।

ਅਖੀਰ ਕਾਫੀ ਦੇਰ ਬਾਅਦ ਜੌਹਲ ਸਾਹਿਬ ਦਾ ਰਿਕਸ਼ਾ ਮੋੜ੍ਹੋਂ ਮੁੜਿਆ। ਮੈਂ ਐਨਕ ਲਾ ਕੇ ਉਨ੍ਹਾਂ ਦੀ ਜੇਬ ਵੱਲ ਵੇਖਿਆ। ਜੇਬ ਵਿਚ ਜਦ ਕਾਲੀ ਕਾਪੀ ਦਿੱਸੀ ਤਾਂ ਜਾਨ ਵਿਚ ਜਾਨ ਆਈ। ਇਹ ਘਟਨਾ ਲਾਪਰਵਾਹੀ ਕਾਰਨ ਹੋਈ ਜਾਂ ਕਿਸੇ ਡੂੰਘੀ ਚਾਲ ਹੇਠ ਹੋਈ, ਇਹ ਅੱਜ ਤੱਕ ਸਮਝ ਵਿਚ ਨਹੀਂ ਆਇਆ।

**ਰਵਾਨਗੀ :** ਅਸੀਂ ਸਭ ਤੋਂ ਅਖੀਰਲੀ ਗੱਡੀ ਤੇ ਅੰਮ੍ਰਿਤਸਰ ਤੋਂ ਚੱਲੇ। ਕਾਹਲੇ ਲੋਕ ਪਹਿਲਾਂ ਹੀ ਅਟਾਰੀ ਪਹੁੰਚ ਚੁੱਕੇ ਸਨ। ਇਸ ਲਈ ਕੋਈ ਭੀੜ ਨਹੀਂ ਸੀ। ਅਸੀਂ ਆਪਣੇ ਟਿਕਟ ਖਰੀਦੇ। ਆਉਣ ਜਾਣ ਦੇ ਵਾਪਸੀ ਟਿਕਟ ਸਿਰਫ ਇੱਕ ਵਾਰ ਹੀ ਲੈਣੇ ਪਏ। 38 ਰੁਪਏ ਭਾਰਤੀ ਰੇਲਵੇ ਨੇ ਅਟਾਰੀ ਤੱਕ ਦੇ ਲਏ ਅਤੇ 220 ਰੁਪਏ ਸਾਰੇ ਪਾਕਿਸਤਾਨ ਦੇ ਆਉਣ ਜਾਣ ਦੇ ਲੱਗੇ। ਇਸ ਤਰਾਂ ਕੁੱਲ ਕਿਰਾਇਆ ਤਾਂ ਤਿੰਨ ਸੌ ਤੋਂ ਵੀ ਘੱਟ ਲੱਗਿਆ। ਜੇ ਕਿਸੇ ਨੇ ਸਮਾਨ ਨਾ ਖਰੀਦਣਾ ਹੋਵੇ ਅਤੇ ਗੁਰਦੁਆਰਿਆਂ ਵਿੱਚ ਰਿਹਾਇਸ਼ ਅਤੇ ਲੰਗਰ ਦੇ ਪ੍ਰਬੰਧ ਦਾ ਹੀ ਲਾਭ ਉਠਾਉਣਾ ਹੋਵੇ ਤਾਂ 500 ਰੁਪਏ ਵਿਚ ਇਕ ਯਾਤਰਾ ਕੀਤੀ ਜਾ ਸਕਦੀ ਹੈ। ਟਿਕਟ ਕਿਤੇ ਵੀ ਚੈੱਕ ਨਹੀਂ ਕੀਤੇ ਜਾਂਦੇ। ਮੇਰੀ ਟਿਕਟ ਮੇਰੇ ਕੋਲ ਹੀ ਪਈ ਹੈ। ਮੈਨੂੰ ਸ਼ੱਕ ਹੈ ਕਿ ਕਈ ਯਾਤਰੀ ਬਿਨਾਂ ਟਿਕਟ ਹੀ ਘੁੰਮ ਆਉਂਦੇ ਹੋਣਗੇ। ਕੋਈ ਵੀ ਕਿਤੇ ਟਿਕਟ ਨਹੀਂ ਪੁਛਦਾ।

9-4-2001 ਨੂੰ ਅਟਾਰੀ ਸਟੇਸ਼ਨ ਤੇ ਪਹੁੰਚਣ ਤੋਂ ਬਾਅਦ ਨਵਾਂ ਸੰਘਰਸ਼ ਸ਼ੁਰੂ ਹੋਇਆ ਜਿਹੜਾ ਕਿ 19 ਤਾਰੀਖ ਰਾਤ 11 ਵਜੇ ਅੰਮ੍ਰਿਤਸਰ ਵਾਪਸ ਪਹੁੰਚਣ ਤੱਕ ਜਾਰੀ ਰਿਹਾ। ਸਾਨੂੰ ਸਿਰਫ ਸ਼੍ਰੋਮਣੀ ਕਮੇਟੀ ਦੇ ਜਥੇ ਬਾਰੇ ਹੀ ਪਤਾ ਸੀ। ਪ੍ਰੰਤੂ ਉਥੇ ਤਿੰਨ ਜਥਿਆਂ ਦਾ

ਸੰਗਮ ਹੋ ਗਿਆ। ਦਿੱਲੀ ਵਾਲੇ ਅਤੇ ਫਿਰੋਜ਼ਪੁਰ ਵਾਲੇ ਅਲੱਗ ਦੋ ਜਥੇ ਲਿਆਏ ਸਨ। ਇਸ ਕਰਕੇ ਅਟਾਰੀ ਸਟੇਸ਼ਨ ਤੇ ਤਿਲ ਸੁੱਟਣ ਨੂੰ ਥਾਂ ਨਹੀਂ ਸੀ। ਇਮੀਗਰੇਸ਼ਨ ਅਤੇ ਕਸਟਮਜ਼ ਦੀਆਂ ਉਪਚਾਰਤਾਵਾਂ ਤਾਂ ਸਾਰੀਆਂ ਵਿਦੇਸ਼ ਜਾਣ ਵਾਲੀਆਂ ਹੀ ਸਨ ਅਤੇ ਜ਼ਿਆਦਾ ਪੇਂਡੂ ਲੋਕ ਇਸ ਮੂਡ ਵਿਚ ਸਨ ਜਿਵੇਂ ਲੁਧਿਆਣੇ ਤੋਂ ਜਲੰਧਰ ਚੱਲੇ ਹੋਣ। ਕਸਟਮਜ਼ ਵਾਲਿਆਂ ਦਾ ਪ੍ਰਬੰਧ ਵੀ ਅੱਛਾ ਨਹੀਂ ਸੀ। ਕਾਊਂਟਰ ਤਾਂ ਕਾਫੀ ਸਨ, ਪਰ ਇਹ ਦੱਸਣ ਵਾਲਾ ਕੋਈ ਨਹੀਂ ਸੀ ਕਿ ਫ਼ਾਰਮ ਕਿੱਥੋਂ ਮਿਲਦੇ ਹਨ। ਕੋਈ ਲਾਊਡ ਸਪੀਕਰ ਨਹੀਂ ਲੱਗੇ ਸਨ ਜਿਸ ਨਾਲ ਲੋਕਾਂ ਨੂੰ ਰਾਹੇ ਪਾਇਆ ਜਾ ਸਕੇ। ਲੋਕ ਏਧਰ ਉਧਰ ਭੱਜ ਰਹੇ ਸਨ, ਸਮਾਨ ਸਹਿਤ। ਫੇਰ ਕਾਊਂਟਰਾਂ ਉੱਤੇ ਲਿਖੇ ਜ਼ਿਲ੍ਹਿਆਂ ਮੁਤਾਬਕ ਵੀ ਚੈਕਿੰਗ ਨਹੀਂ ਹੋ ਰਹੀ ਸੀ। ਮੁਕਤਸਰ, ਨਵਾਂ ਸ਼ਹਿਰ ਅਤੇ ਮੋਗੇ ਵਾਲਿਆਂ ਨੂੰ ਕਦੇ ਕਿਧਰੇ ਭੇਜ ਦਿੰਦੇ ਸਨ ਅਤੇ ਕਦੇ ਕਿਧਰੇ ਹੋਰ। ਸ਼ਾਇਦ ਇਹ ਨਵੇਂ ਜ਼ਿਲ੍ਹੇ ਬਣੇ ਹੋਣ ਕਰਕੇ ਸੀ। ਬਹੁਤ ਦੇਰ ਤੱਕ ਲਾਈਨ ਵਿਚ ਖਲੋਣ ਤੋਂ ਬਾਅਦ ਜਦੋਂ ਵਾਰੀ ਆਈ ਤਾਂ ਸਾਨੂੰ ਹੋਰ ਕਾਊਂਟਰ ਉਤੇ ਭੇਜ ਦਿੱਤਾ। ਉੱਥੇ ਕੰਪਿਊਟਰ ਖਰਾਬ ਸੀ ਅਤੇ ਥੋੜੇ-ਥੋੜੇ ਪਾਸਪੋਰਟ ਹੋਰ ਥਾਂ ਤੋਂ ਚੈੱਕ ਕਰਕੇ ਵਾਪਸ ਕੀਤੇ ਜਾਂਦੇ ਸਨ। ਅਟਾਰੀ ਪਿੰਡ ਵਾਲਿਆਂ ਨੇ ਸਟੇਸ਼ਨ ਤੇ ਲੰਗਰ ਲਾਇਆ ਹੋਇਆ ਸੀ। ਪਰ ਸਿਰਫ ਤਜਰਬੇਕਾਰ ਆਦਮੀ ਹੀ ਛੇਤੀ ਵਿਹਲੇ ਹੋ ਕੇ ਦੁਪਹਿਰ ਦਾ ਲੰਗਰ ਛਕ ਸਕੇ।

ਅਖੀਰ ਕਾਰਵਾਈ ਪੂਰੀ ਹੋਣ ਤੋਂ ਬਾਅਦ ਜਦੋਂ ਅਸੀਂ ਪਾਕਿਸਤਾਨ ਸਰਕਾਰ ਦੇ ਹਵਾਲੇ ਹੋ ਗਏ ਤਾਂ ਪਤਾ ਲੱਗਿਆ ਕਿ ਸਮਾਨ ਚੈੱਕ ਕਰਵਾਉਣ ਵੇਲੇ ਪ੍ਰੋ. ਜੌਹਲ ਦੀ ਐਨਕ ਜੇਬ ਵਿਚੋਂ ਉਥੇ ਗਿਰ ਗਈ ਸੀ। ਗੱਡੀ ਚੱਲਣ ਵਿਚ ਤਾਂ ਅਜੇ ਦੇਰ ਸੀ ਪਰ ਦੁਬਾਰਾ ਸਟੇਸ਼ਨ ਅੰਦਰ ਜਾਣ ਦੀ ਇਜਾਜ਼ਤ ਨਹੀਂ ਸੀ। ਭੀੜ ਘਟ ਚੁੱਕੀ ਸੀ। ਇਸ ਲਈ ਇਕ ਕਰਮਚਾਰੀ ਨੇ ਐਨਕ ਲੱਭ ਕੇ ਲਿਆ ਦਿੱਤੀ। ਪਹਿਲਾਂ ਉਨ੍ਹਾਂ ਦੇ ਅਟੈਚੀ ਦੀ ਚਾਬੀ ਗੁੰਮ ਗਈ ਸੀ। ਪਰ ਉਹ ਵੀ ਉਸ ਗੱਡੀ ਵਿੱਚੋਂ ਮਿਲ ਗਈ ਸੀ ਜਿਸ ਤੇ ਅਸੀਂ ਅਟਾਰੀ ਤੱਕ ਆਏ ਸੀ। ਦੋ ਚੀਜ਼ਾਂ ਗੁੰਮ ਹੋ ਕੇ ਮਿਲਣ ਨੂੰ ਅਸੀਂ ਸ਼ੁਭ ਸ਼ਗਨ ਗਿਣਿਆ ਅਤੇ ਵਿਦੇਸ਼ ਯਾਤਰਾ ਵਾਲੀ ਗੱਡੀ ਵਿਚ ਜਾ ਬੈਠੇ। ਪੜ੍ਹੇ ਲਿਖੇ ਲੋਕਾਂ ਅਤੇ ਖਾਸ ਕਰਕੇ ਅਧਿਆਪਕਾਂ ਵਾਂਗ ਅਸੀਂ ਸਾਰੀ ਯਾਤਰਾ ਦੌਰਾਨ ਅਖੀਰ ਵਾਲੀ ਗੱਡੀ ਉੱਤੇ ਹੀ ਹੁੰਦੇ ਸੀ। ਇਸ ਵਿਚ ਸ਼ਰਾਫਤ ਅਤੇ ਸਿਆਣਪ ਦਾ ਹੱਥ ਸੀ। ਧੱਕੇ ਮੁੱਕੀ ਤੋਂ ਬਚਣ ਦੀ ਕੋਸ਼ਿਸ਼ ਕਰਦੇ ਪਿੱਛੇ ਰਹਿ ਜਾਂਦੇ ਸਾਂ।

ਗੱਡੀ ਤੁਰਨ ਵੇਲੇ ਇਕ ਹੋਰ ਸਮੱਸਿਆ ਖੜ੍ਹੀ ਹੋ ਗਈ। ਇਕ ਪਰਿਵਾਰ ਨਾਲ ਇਕ 6-7 ਸਾਲ ਦਾ ਲੜਕਾ ਸੀ ਜਿਸਦੀ ਪਾਸਪੋਰਟ ਵਿਚ ਐਂਟਰੀ ਨਹੀਂ ਸੀ। ਅਧਿਕਾਰੀਆਂ ਨੇ ਉਸ ਨੂੰ ਰੋਕ ਲਿਆ ਅਤੇ ਵਾਅਦਾ ਕੀਤਾ ਕਿ ਉਹ ਉਸਨੂੰ ਵਾਪਸ ਘਰ ਪਹੁੰਚਾ ਦੇਣਗੇ। ਉਹ ਲੜਕਾ ਚੀਕਾਂ ਮਾਰਦਾ ਗੱਡੀ 'ਚ ਬੈਠੇ ਆਪਣੇ ਮਾਂ ਬਾਪ ਕੋਲ ਭੱਜ ਕੇ ਆ ਗਿਆ। ਅਧਿਕਾਰੀ ਫੇਰ ਉਸਨੂੰ ਖਿੱਚ ਧੂਹ ਕੇ ਲੈ ਗਏ। ਫਰਜ਼ ਕਰੋ ਜੇ ਕਿਸੇ ਤਰ੍ਹਾਂ ਉਹ ਚਲਾ ਜਾਂਦਾ ਤਾਂ ਵਾਪਸੀ ਤੇ ਉਹ ਅਟਾਰੀ ਫਿਰ ਫੜਿਆ ਜਾਣਾ ਸੀ। ਬਹੁਤੇ ਲੋਕ ਪਾਕਿਸਤਾਨ ਜਾਣ ਨੂੰ ਵਿਦੇਸ਼ ਜਾਣਾ ਨਹੀਂ ਸਮਝਦੇ। ਉਹ ਸਮਝਦੇ ਹਨ ਕਿ ਗੁਰਦੁਆਰਿਆਂ ਦੇ ਦਰਸ਼ਨ ਕਰਨ ਹੀ ਤਾਂ ਜਾਣਾ ਹੈ।

**ਵਾਹਗੇ ਦੇ ਅਨੁਭਵ :** ਜਦੋਂ 9 ਅਪਰੈਲ, 2001 ਨੂੰ ਸਾਡੀ ਗੱਡੀ ਅਟਾਰੀ ਸਟੇਸ਼ਨ ਤੋਂ ਤੁਰੀ ਤਾਂ ਅਜੀਬ ਜਿਹਾ ਅਹਿਸਾਸ ਹੋ ਰਿਹਾ ਸੀ। ਅਸੀਂ ਬਿਗਾਨੇ ਦੇਸ਼ ਜਾ ਰਹੇ ਸਾਂ ਜਿਸਦੀ ਭਾਰਤ ਨਾਲ ਦੁਸ਼ਮਣੀ ਸੀ। ਫਿਰ ਵੀ ਉਹ ਲੋਕ ਸਾਡੇ ਹੀ ਸਨ ਸਿਆਸੀ ਦੁਸ਼ਮਣੀ ਤੋਂ ਬਿਨਾਂ ਕੁਝ ਵੀ ਬਿਗਾਨਾ ਨਹੀਂ ਸੀ। ਭਾਸ਼ਾ ਵੀ ਸਾਂਝੀ, ਸੱਭਿਆਚਾਰ ਵੀ ਸਾਂਝਾ।

ਸਮਝੌਤਾ ਐਕਸਪ੍ਰੈਸ ਜੂੰ ਦੀ ਤੋਰ ਤੁਰ ਰਹੀ ਸੀ। ਸੀਟਾਂ ਉਤੇ ਫੋਮ ਲੱਗੀ ਹੋਣ ਕਰਕੇ ਪਹਿਲੀ ਨਜ਼ਰ ਤੇ ਪਾਕਿਸਤਾਨ ਦੀਆਂ ਗੱਡੀਆਂ ਦੇ ਦੂਜੇ ਦਰਜੇ ਦੇ ਡੱਬੇ ਭਾਰਤ ਦੀਆਂ ਗੱਡੀਆਂ ਨਾਲੋਂ ਚੰਗੇ ਲੱਗੇ। ਪਰ ਦਰਅਸਲ ਉਨ੍ਹਾਂ ਵਿਚ ਬਹੁਤ ਨੁਕਸ ਸਨ ਜੋ ਸਾਨੂੰ ਹੌਲੀ ਹੌਲੀ ਪਤਾ ਲੱਗੇ।

ਗੱਡੀ ਦੇ ਨਾਲ ਨਾਲ ਬੀ. ਐਸ. ਐਫ਼. ਦੇ ਘੋੜ ਸਵਾਰ ਦੌੜ ਰਹੇ ਸਨ ਤਾਂ ਕਿ ਗੱਡੀ ਵਿਚ ਹੋਰ ਕੋਈ ਚੜ੍ਹ ਨਾ ਸਕੇ ਅਤੇ ਨਾ ਹੀ ਉਤਰ ਸਕੇ। ਕੁਝ ਦੇਰ ਬਾਅਦ ਕੰਡਿਆਲੀ ਤਾਰ ਵਿਖਾਈ ਦੇਣ ਲੱਗੀ। ਮੈਨੂੰ ਇਹ ਜਚਿਆ ਹੋਇਆ ਸੀ ਕਿ ਤਾਰ ਸਰਹੱਦ ਉਤੇ ਲੱਗੀ ਹੋਈ ਹੈ। ਦਰਅਸਲ ਇਹ ਸਰਹੱਦ ਤੋਂ ਪਹਿਲਾਂ ਭਾਰਤੀ ਇਲਾਕੇ ਵਿਚ ਹੈ। ਸਰਹੱਦੀ ਤਾਰ ਤੋਂ ਇਲਾਵਾ ਰੇਲਵੇ ਲਾਈਨ ਦੇ ਦੋਨੋ ਪਾਸੇ ਵੀ ਤਾਰ ਲੱਗੀ ਹੋਈ ਹੈ। ਤਾਰ ਤੋਂ ਅੱਗੇ ਖੇਤਾਂ ਵਿਚ ਜਾਣ ਲਈ ਕਿਤੇ ਕਿਤੇ ਗੇਟ ਲੱਗੇ ਹੋਏ ਹਨ। ਸਰਹੱਦ ਉਤੇ ਰੇਲਵੇ ਲਾਈਨ ਉਤੇ ਵੀ ਗੇਟ ਹੈ ਜੋ ਸਿਰਫ ਗੱਡੀਆਂ ਆਉਣ ਜਾਣ ਸਮੇਂ ਹੀ ਖੁਲ੍ਹਦਾ ਹੈ। ਮੇਰੀ ਇਕ ਹੋਰ ਦਿਮਾਗੀ ਤਸਵੀਰ ਸਰਹੱਦ ਦੀ ਰੇਖਾ ਬਾਰੇ ਸੀ। ਮੇਰਾ ਖਿਆਲ ਸੀ ਕਿ ਜ਼ਮੀਨ ਦਾ ਲੈਣ ਦੇਣ ਕਰਕੇ ਸਰਹੱਦ ਰੇਖਾ ਸਿਧੀ ਹੋਵੇਗੀ। ਪਰ ਇਹ ਤਾਂ ਪਿੰਡਾਂ ਦੀਆਂ ਜ਼ਮੀਨਾਂ ਦੀ ਹੱਦ ਹੈ। ਬੁਰੀ ਤਰ੍ਹਾਂ ਵਿੰਗੀ ਟੇਢੀ ਹੈ। ਵਿਚਾਲੇ ਸਿਰਫ 15-20 ਫੁੱਟ ਦਾ ਰਾਹ ਹੈ ਅਤੇ ਕੋਈ ਰੁਕਾਵਟ ਨਹੀਂ। ਕਿਤੇ ਭਾਰਤੀ ਜ਼ਮੀਨ ਪਾਕਿਸਤਾਨ ਵੱਲ ਨਿਕਲ ਜਾਂਦੀ ਹੈ ਅਤੇ ਕਿਤੇ ਇਸਦੇ ਉਲਟ। ਆਪਣੇ ਖੇਤਾਂ ਦੀ ਵੱਟ ਤੇ ਖੜ੍ਹ ਕੇ ਭਾਰਤੀ ਅਤੇ ਪਾਕਿਸਤਾਨੀ ਕਿਸਾਨ ਆਸਾਨੀ ਨਾਲ ਗੱਲਾਂ ਕਰ ਸਕਦੇ ਹਨ। ਉੱਥੇ ਦੋਹਾਂ ਦੇਸ਼ਾਂ ਦੇ ਕੋਈ ਵੀ ਫੌਜੀ ਜਾਂ ਨੀਮ ਫੌਜੀ ਅਧਿਕਾਰੀ ਦਿਖਾਈ ਨਹੀਂ ਦਿੱਤੇ।

ਅਟਾਰੀ ਅਤੇ ਵਾਹਗੇ ਵਿਚਕਾਰ ਬਹੁਤ ਥੋੜ੍ਹੀ ਦੂਰੀ ਹੈ। ਵਾਹਗੇ ਜਾ ਕੇ ਵਾਤਾਵਰਣ ਵਿਚ ਤਬਦੀਲੀ ਮਹਿਸੂਸ ਹੋਈ ਕਿਉਂਕਿ ਪੁਲੀਸ ਅਤੇ ਕਸਟਮਜ਼ ਵਾਲਿਆਂ ਦੀਆਂ ਵਰਦੀਆਂ ਵੱਖਰੀਆਂ ਸਨ। ਇਕ ਆਦਮੀ ਸਟੇਸ਼ਨ ਉਤੇ ਹੀ ਨਮਾਜ਼ ਪੜ੍ਹ ਰਿਹਾ ਸੀ। ਬਾਕੀ ਸਭ ਆਪਣੇ ਕੰਮ ਕਾਜ ਲੱਗੇ ਹੋਏ ਸਨ।

**ਵਾਹਗਾ ਕਸਟਮਜ਼/ਇਮੀਗਰੇਸ਼ਨ ਚੈਕਿੰਗ :** ਵਾਹਗੇ ਦੀ ਚੈੱਕ ਪੋਸਟ ਉਤੇ ਸਿਰਫ ਰੇਲਵੇ ਸਟੇਸ਼ਨ ਹੀ ਹੈ। ਕੋਈ ਅਬਾਦੀ ਨਹੀਂ। ਅਟਾਰੀ ਸਟੇਸ਼ਨ ਉੱਤੇ ਸਿਰਫ਼ ਪਲੇਟ ਫਾਰਮ ਹਨ ਜਿਨ੍ਹਾਂ ਉਪਰ ਛੱਤ ਹੈ। ਇਸ ਦੇ ਮੁਕਾਬਲੇ ਵਾਹਗੇ ਦੀ ਚੈਕ ਪੋਸਟ ਇੱਕ ਬਹੁਤ ਵੱਡੇ ਹਾਲ ਵਿਚ ਹੈ। ਇਸ ਵਿਚ ਮੇਜ਼ ਲਗਾ ਕੇ ਵੱਖ-ਵੱਖ ਕਾਊਂਟਰ ਬਣਾਏ ਹੋਏ ਸਨ ਅਤੇ ਸਾਹਮਣੇ ਕਤਾਰਾਂ ਬਣਾਉਣ ਲਈ ਪਾਈਪਾਂ ਦੇ ਬੈਰੀਕੇਡ ਲੱਗੇ ਹੋਏ ਸਨ। ਅਸੀਂ ਉੱਥੇ ਸਿਰਫ ਪਾਸਪੋਰਟ ਜਮ੍ਹਾਂ ਕਰਵਾ ਕੇ ਰਸੀਦਾਂ ਲੈਣੀਆ ਸਨ ਜਿਨ੍ਹਾ ਨੂੰ ਵਿਖਾ ਕੇ ਵਾਪਸੀ ਤੇ ਪਾਸਪੋਰਟ ਮਿਲ ਜਾਣੇ ਸਨ। ਪਹਿਲਾਂ ਇਹ ਪ੍ਰਣਾਲੀ ਨਹੀਂ ਸੀ ਹੁੰਦੀ ਅਤੇ ਕਈ ਨੌਜਵਾਨ ਪਾਸਪੋਰਟ ਕੋਲ ਹੋਣ ਕਰਕੇ ਮੱਧ-ਪੂਰਬ ਦੇ ਦੇਸ਼ਾਂ ਨੂੰ ਨਿਕਲ ਜਾਂਦੇ ਸਨ ਅਤੇ ਫੇਰ ਅੱਗੇ। ਪਾਸਪੋਰਟ ਜਮ੍ਹਾਂ ਕਰਨ ਦਾ ਸਿਸਟਮ ਇਸ ਲਈ ਅਪਣਾਉਣਾ ਪਿਆ ਤਾਂ ਕਿ ਸਾਰੇ ਯਾਤਰੀ ਭਾਰਤ ਵਾਪਸ ਚਲੇ ਜਾਣ।

ਵਾਹਗੇ ਜਾ ਕੇ ਯਾਤਰੀਆਂ ਨੇ ਜੋ ਅਨੁਸ਼ਾਸ਼ਨਹੀਣਤਾ ਵਿਖਾਈ ਉਹ ਹੈਰਾਨੀਜਨਕ ਸੀ। ਆਪਣੇ ਲੋਕਾਂ ਦੀ ਜ਼ਹਿਨੀਅਤ ਹੈ ਕਿ ਸਿਰਫ਼ ਡਰ ਹੇਠ ਹੀ ਅਨੁਸ਼ਾਸ਼ਨ ਰਖਦੇ ਹਨ। ਅਟਾਰੀ ਵਿਖੇ ਹਰ ਜਗ੍ਹਾ ਪੁਲੀਸ ਸੀ। ਇਸ ਲਈ ਹੱਦੋਂ ਵੱਧ ਮੁਸ਼ਕਲਾਂ ਆਉਣ ਦੇ ਬਾਵਜੂਦ ਵੀ ਕਿਸੇ ਨੇ ਚੂੰ ਨਹੀਂ ਕੀਤੀ। ਵਾਹਗੇ ਵਿਖੇ ਪੁਲੀਸ ਦੇ ਸਿਪਾਹੀ ਬਹੁਤ ਘੱਟ ਸਨ ਅਤੇ ਬਹੁਤ ਦੋਸਤਾਨਾ ਰੁਖ ਵਿਖਾ ਰਹੇ ਸਨ। ਸ਼ਾਇਦ ਅਜੇਹੀ ਹਿਦਾਇਤ ਹੋਵੇ ਕਿਉਂਕਿ ਬਾਅਦ ਵਿਚ ਮੈਂ

ਵੇਖਿਆ ਕਿ ਪਾਕਿਸਤਾਨੀ ਯਾਤਰੀਆਂ ਨਾਲ ਉਹ ਪੂਰੀ ਸਖ਼ਤੀ ਅਤੇ ਕੁਰਖਤੀ ਨਾਲ ਪੇਸ਼ ਆ ਰਹੇ ਸਨ।

ਅਟਾਰੀ ਤੋਂ ਗੱਡੀਆਂ ਇਸ ਹਿਸਾਬ ਨਾਲ ਤੋਰੀਆਂ ਜਾਂਦੀਆਂ ਸਨ ਕਿ ਉਸ ਤੋਂ ਪਹਿਲੀ ਗੱਡੀ ਵਾਲੇ ਯਾਤਰੀਆਂ ਦੀ ਸਾਰੀ ਕਾਰਵਾਈ ਹੋ ਚੁੱਕੀ ਹੋਵੇ। ਫਿਰ ਵੀ ਸਾਡੇ ਭਰਾਵਾਂ ਨੇ ਐਸਾ ਜਲੂਸ ਕਢਵਾਇਆ ਜਿਸ ਦੀ ਮਿਸਾਲ ਮਿਲਣੀ ਔਖੀ ਹੈ। ਕੁਦਰਤੀ ਤੌਰ ਤੇ ਇਕ ਬੈਰੀਕੈਡ ਵਿਚਕਾਰ ਇੱਕ ਇੱਕ ਦੀ ਕਤਾਰ ਹੋਣੀ ਚਾਹੀਦੀ ਹੈ। ਪਹਿਲਾਂ ਤਾਂ ਠੀਕ ਸੀ ਫਿਰ ਦੋ ਦੋ ਜਣੇ ਬਰਾਬਰ ਹੋ ਗਏ। ਤੀਜੀ ਕਤਾਰ ਵੀ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਪਿਛਲੇ ਲੋਕ ਅਗਲਿਆਂ ਨੂੰ ਧੱਕੇ ਮਾਰੀ ਜਾਂਦੇ ਸਨ। ਕਸਟਮਜ਼ ਅਧਿਕਾਰੀਆਂ ਨੇ ਹੱਥ ਨਾਲ ਰਸੀਦ ਉੱਤੇ ਨਾਮ ਅਤੇ ਪਾਸਪੋਰਟ ਨੰਬਰ ਲਿਖਣਾ ਹੁੰਦਾ ਸੀ। ਮੇਜ਼ ਨੂੰ ਧੱਕੇ ਵੱਜਣ ਕਰਕੇ ਲਿਖਿਆ ਨਹੀਂ ਸੀ ਜਾ ਰਿਹਾ ਅਤੇ ਹੋਰ ਦੇਰ ਹੋ ਰਹੀ ਸੀ। ਸਭ ਨੂੰ ਪਤਾ ਸੀ ਕਿ ਸਾਰੇ ਪਾਸਪੋਰਟ ਜਮ੍ਹਾਂ ਹੋਏ ਬਿਨਾਂ ਗੱਡੀ ਨਹੀਂ ਤੁਰਨੀ। ਫੇਰ ਵੀ ਏਨੀ ਧੱਕਾ ਮੁੱਕੀ। ਦੁਖੀ ਹੋ ਕੇ ਸਾਡੇ ਕਾਊਂਟਰ ਦਾ ਕਲਰਕ ਉੱਠਕੇ ਚਲਾ ਗਿਆ। ਸਾਰੇ ਕਲਰਕਾਂ ਨੇ ਸਾਹਮਣੇ ਵੱਡੇ ਮੇਜ਼ ਲਾਏ ਸਨ। ਉਸਦਾ ਮੇਜ਼ ਧੱਕੇ ਵੱਜ ਵੱਜ ਕੇ ਥੋੜਾ ਟੇਢਾ ਵੀ ਹੋ ਗਿਆ ਸੀ ਅਤੇ ਧੱਕਿਆਂ ਕਰਕੇ ਲਿਖਿਆ ਬਿਲਕੁਲ ਨਹੀਂ ਜਾਂਦਾ ਸੀ। ਉਸ ਨੇ ਉਠ ਕੇ ਪਹਿਲਾ ਠੰਢੇ ਪਾਣੀ ਨਾਲ ਮੂੰਹ ਧੋਤਾ, ਫਿਰ ਆਪਣੇ ਅਫ਼ਸਰ ਨਾਲ ਕੋਈ ਗੱਲ ਕੀਤੀ ਅਤੇ ਬਾਹਰ ਚਲਾ ਗਿਆ।

ਥੋੜੀ ਦੇਰ ਲਈ ਸ਼ਾਂਤੀ ਹੋ ਗਈ। ਜਦੋਂ ਕਾਫ਼ੀ ਦੇਰ ਤੱਕ ਉਹ ਵਾਪਸ ਨਾ ਆਇਆ ਤਾਂ ਲੋਕ ਬੋਲਣੇ ਸ਼ੁਰੂ ਹੋ ਗਏ। ਇਕ ਅਨਪੜ੍ਹ ਬਾਬਾ ਉਨ੍ਹਾਂ ਦੇ ਸਭ ਤੋਂ ਸੀਨੀਅਰ ਅਫਸਰ ਨੂੰ ਕਹਿੰਦਾ, "ਓਇ ਤੂੰ ਕੱਟਦੇ ਪਰਚੀਆਂ। ਤੈਨੂੰ ਕੀ ਲਿਖਣਾ ਨਹੀਂ ਆਉਂਦਾ ?" ਮੈਂ ਸਾਰਿਆਂ ਦੇ ਮੋਢੇ ਦੇ ਸਟਾਰ ਵੇਖ ਲਏ ਸਨ। ਮੈਂ ਕਿਹਾ, "ਬਾਬਾ ਜੀ, ਇਹ ਤਾਂ ਇਨ੍ਹਾਂ ਦਾ ਵੱਡਾ ਅਫ਼ਸਰ ਹੈ।" ਬਾਬਾ ਕਹਿੰਦਾ, "ਫੇਰ ਕੀ ਹੋ ਗਿਆ ? ਐਵੇਂ ਜਾਣ ਕੇ ਖ਼ਰਾਬ ਕਰਨ ਡਹੇ ਨੇ।" ਉਹ ਅਫਸਰ ਮੁਸਕਰਾ ਕੇ ਪਾਸੇ ਨੂੰ ਚਲਾ ਗਿਆ। ਮੇਰੇ ਪਿਛੇ ਇੱਕ ਪੁਰਾਣਾ ਫੌਜੀ ਖੜਾ ਸੀ। ਉਸਨੇ ਤਾਂ ਹੱਦ ਹੀ ਕਰ ਦਿੱਤੀ। ਉਹ ਬੋਲਿਆ, "ਮੇਰੇ ਕੋਲੇ ਹਥਿਆਰ ਹੋਵੇ ਤਾਂ ਸਾਰਿਆਂ ਦੇ ਢੇਰ ਲਾ ਦੇਵਾਂ।" ਮੈਂ ਕਿਹਾ, "ਭਾਈ ਸਾਹਿਬ, ਕੀ ਕਹੀ ਜਾਂਦੇ ਹੋ ? ਪਤਾ ਹੈ ਬਿਗਾਨੇ ਦੇਸ਼ 'ਚ ਖੜੇ ਹੋ ?" ਫੌਜੀ ਗਲਤੀ ਮਹਿਸੂਸ ਕਰਕੇ ਨਿੰਮੋਝੂਣਾ ਜੇਹਾ ਹੋ ਗਿਆ। ਫਿਰ ਉਹ ਨਹੀਂ ਬੋਲਿਆ। ਖ਼ੁਸ਼ਕਿਸਮਤੀ ਨਾਲ ਕਿਸੇ ਪਾਕਿਸਤਾਨੀ ਅਧਿਕਾਰੀ ਨੇ ਉਸ ਦੀ ਗੱਲ ਨਹੀਂ ਸੁਣੀ ਸੀ।

ਕੋਈ ਅੱਧੇ ਘੰਟੇ ਬਾਅਦ ਉਹ ਅਫ਼ਸਰ ਸਾਡੀ ਖਿੜਕੀ ਕੋਲ ਆਇਆ ਅਤੇ ਸਾਨੂੰ ਪੁੱਛਿਆ, "ਇੱਥੇ ਕਿਸ ਦੀ ਡਿਊਟੀ ਸੀ ?" ਸਾਰੇ ਪੰਜ-ਛੇ ਕਾਊਂਟਰ ਸਨ। ਉਹ ਕਲਰਕ ਇਸ ਅਫਸਰ ਨੂੰ ਮਿਲਕੇ ਵੀ ਗਿਆ ਸੀ। ਇਹ ਸਾਨੂੰ ਉਸਦਾ ਨਾਂ ਕਿਉਂ ਪੁੱਛ ਰਿਹਾ ਸੀ ? ਸ਼ਾਇਦ ਜਾਣਨਾ ਚਾਹੁੰਦਾ ਹੋਵੇ ਕਿ ਕੋਈ ਉਸਦੀ ਸ਼ਿਕਾਇਤ ਤਾਂ ਨਹੀਂ ਕਰੇਗਾ। ਮੈਂ ਉਸ ਡਿਊਟੀ ਵਾਲੇ ਕਲਰਕ ਦੀ ਜੇਬ ਤੇ ਲੱਗੀ ਨੇਮ ਪਲੇਟ ਪੜ੍ਹ ਲਈ ਸੀ। ਮੈਂ ਕਿਹਾ, "ਜਨਾਬ, ਏਥੇ ਯੂਨਸ ਮਲਿਕ ਸਾਹਿਬ ਸਨ। ਸਾਡੇ ਤੇ ਕਰਮ ਕਰਕੇ ਉਨ੍ਹਾਂ ਨੂੰ ਬੁਲਾ ਦਿਓ। ਗਲਤੀ ਸਾਡੇ ਬੰਦਿਆਂ ਦੀ ਹੈ।" ਉਸ ਅਫਸਰ ਨੇ ਸੁਨੇਹਾ ਭੇਜ ਕੇ ਉਸਨੂੰ ਬੁਲਾ ਲਿਆ। "ਆਖਰ ਨੌਕਰੀ ਤਾਂ ਕਰਨੀ ਹੈ।" ਕਹਿ ਕੇ ਉਹ ਫਿਰ ਚੁੱਪ ਚਾਪ ਰਸੀਦਾਂ ਕੱਟਣ ਲੱਗ ਪਿਆ। ਫਿਰ ਯਾਤਰੀ ਵੀ ਥੋੜੇ ਠੀਕ ਰਹੇ ਅਤੇ ਕੰਮ ਨਿੱਬੜ ਗਿਆ।

ਸ਼ਾਮ ਹੋਣ ਵਾਲੀ ਸੀ। ਸਟੇਸ਼ਨ ਤੇ ਕਰੰਸੀ ਬਦਲਣ ਲਈ ਪ੍ਰਾਈਵੇਟ ਸਟਾਲ ਲੱਗੇ ਹੋਏ

ਸਨ। ਅਸੀਂ ਵੀ ਦੋ ਸੌ ਰੁਪਏ ਦੀ ਪਾਕਿਸਤਾਨੀ ਕਰੰਸੀ ਲੈ ਲਈ। ਗੱਡੀ ਤੁਰਨ ਵਿਚ ਅਜੇ ਦੇਰ ਸੀ। ਅਸੀਂ ਕੁਝ ਖਾਣ ਪੀਣ ਬਾਰੇ ਸੋਚਿਆ। ਉਥੇ ਸਾਨੂੰ ਪਹਿਲਾ ਅਨੁਭਵ ਹੋਇਆ ਕਿ ਉਧਰਲੇ ਲੋਕ ਭਾਰਤੀ ਦੁਕਾਨਦਾਰਾਂ ਜਿੰਨੇ ਤੇਜ਼ ਨਹੀਂ। ਖਾਣ ਦੀਆਂ ਚੀਜ਼ਾਂ ਖ਼ਤਮ ਸਨ। ਕੋਲਡ ਡਰਿੰਕਸ ਵੀ ਖ਼ਤਮ ਸਨ। ਜੌਹਲ ਸਾਹਿਬ ਕੋਲ ਪੰਜੀਰੀ ਸੀ। ਉਹ ਖਾ ਕੇ ਅਸੀਂ ਪਾਣੀ ਪੀ ਲਿਆ।

ਵਾਹਗੇ ਸਟੇਸ਼ਨ ਤੇ ਬਣੇ ਹੋਏ ਬਾਥਰੂਮ ਸਾਫ ਸਨ। ਅਟਾਰੀ ਤਾਂ ਇੰਨੀ ਗੰਦੀ ਹਾਲਤ ਸੀ ਕਿ ਬਾਥਰੂਮ ਜਾਣਾ ਹੀ ਮੁਸ਼ਕਲ ਸੀ। ਹਾਂ, ਪਲੇਟਫਾਰਮ ਤੇ ਮੱਖੀਆਂ ਵਾਹਗੇ ਬਹੁਤ ਜ਼ਿਆਦਾ ਸਨ।

ਗੱਡੀ ਤੁਰਨ ਦਾ ਨਾਂ ਹੀ ਨਹੀਂ ਲੈਂਦੀ ਸੀ। ਸਾਰਾ ਦਿਨ 25-30 ਕਿਲੋਮੀਟਰ ਦੇ ਸੰਨ੍ਹ ਵਿਚ ਬੀਤ ਗਿਆ। ਹਰ ਡੱਬੇ ਨਾਲ ਇਕ ਸਿਪਾਹੀ ਸੀ। ਸਾਡੇ ਡੱਬੇ ਵਾਲੇ ਸਿਪਾਹੀ ਦੇ ਕੋਲ ਕਿੰਨੇ ਹੀ ਯਾਤਰੀ ਖੜ੍ਹੇ ਸਨ ਅਤੇ ਪਾਕਿਸਤਾਨ ਬਾਰੇ ਕਈ ਗੱਲਾਂ ਪੁੱਛ ਰਹੇ ਸਨ। ਵੈਸੇ ਤਾਂ ਸਾਰੀ ਯਾਤਰਾ ਦੌਰਾਨ ਹਰ ਜਗ੍ਹਾ ਦਾ ਸਟਾਫ ਸਾਡੇ ਨਾਲ ਬਹੁਤ ਦੋਸਤੀ ਵਿਖਾਉਂਦਾ ਰਿਹਾ (ਇਹ ਹਿਦਾਇਤ ਲਗਦੀ ਸੀ), ਪਰ ਇਹ ਸਿਪਾਹੀ ਕੁਝ ਜ਼ਿਆਦਾ ਹੀ ਸ਼ਰੀਫ ਸੀ। ਉਸਨੇ ਦੱਸਿਆ ਕਿ ਪਾਕਿਸਤਾਨ ਵਿਚ ਤਨਖਾਹਾਂ ਬਹੁਤ ਘੱਟ ਹਨ। ਕਣਕ ਬਹੁਤ ਮਹਿੰਗੀ ਹੈ। ਕਿਸੇ ਨੇ ਕੋਈ ਸਿਆਸੀ ਗੱਲ ਨਹੀਂ ਕੀਤੀ, ਪਰ ਇਹ ਸਪਸ਼ਟ ਸੀ ਕਿ ਮੁਲਾਜ਼ਮਾਂ ਵਿਚ ਸਰਕਾਰ ਦੀ ਕੋਈ ਦਹਿਸ਼ਤ ਨਹੀਂ ਸੀ। ਅੱਗੇ ਚੱਲ ਕੇ ਇਹ ਗੱਲ ਹੋਰ ਵੀ ਸਪਸ਼ਟ ਹੋ ਗਈ। ਪਾਕਿਸਤਾਨ ਦੇ ਲੋਕ ਆਪਣੇ ਦੇਸ਼ ਦੇ ਨੁਕਸ ਅਤੇ ਕਮਜ਼ੋਰੀਆਂ ਦੱਸਣ ਤੋਂ ਝਿਜਕਦੇ ਨਹੀਂ ਸਨ। ਇਕ ਕੁਲੀ ਬਿਨਾਂ ਪੁੱਛੇ ਹੀ ਕਹਿ ਰਿਹਾ ਸੀ ਕਿ ਸਾਡੇ ਸ਼ਰਾਬ ਮਨ੍ਹਾਂ ਹੈ, ਪਰ ਬਹੁਤ ਲੋਕ ਪੀਂਦੇ ਹਨ। ਸ਼ਾਇਦ ਉਹ ਹਿੰਟ ਦੇ ਰਿਹਾ ਸੀ ਕਿ ਜੇ ਲਿਆਏ ਹੋ ਤਾਂ ਵੇਚ ਲਓ। ਪਰ ਕਿਸੇ ਯਾਤਰੀ ਨੇ ਅਜਿਹੀ ਪੇਸ਼ਕਸ਼ ਨਹੀਂ ਕੀਤੀ।

ਸੂਰਜ ਡੁੱਬ ਗਿਆ। ਭਾਰਤ ਵੱਲ ਕੰਡਿਆਲੀ ਤਾਰ ਦੇ ਨਾਲ ਲਾਈਟਾਂ ਜਗ ਪਈਆਂ। ਪਰ ਗੱਡੀ ਤੁਰ ਹੀ ਨਹੀਂ ਰਹੀ ਸੀ। ਸਾਰੀ ਯਾਤਰਾ ਦੌਰਾਨ ਅਸੀਂ ਵੇਖਿਆ ਕਿ ਗੱਡੀਆਂ ਰਾਤ ਨੂੰ ਚਲਾਉਂਦੇ ਸਨ। ਪਤਾ ਨਹੀਂ ਉਹ ਕਿਸ ਚੀਜ਼ ਦਾ ਲੁਕੋ ਰੱਖਣਾ ਚਾਹੁੰਦੇ ਸਨ। ਬਹੁਤ ਘੁਟਣ ਹੁੰਦੀ ਸੀ, ਜਿਵੇਂ ਕੋਈ ਅੱਖਾਂ ਤੇ ਪੱਟੀਆ ਬੰਨ੍ਹ ਕੇ ਸੈਰ ਕਰਵਾ ਰਿਹਾ ਹੋਵੇ। ਅਸੀਂ ਸਿਰਫ ਗੁਰਦੁਆਰੇ ਅਤੇ ਕੁਝ ਸ਼ਹਿਰ ਹੀ ਵੇਖੇ। ਪੇਂਡੂ ਇਲਾਕੇ ਦੀ ਨਾਮਾਤਰ ਹੀ ਕਿਤੇ ਝਲਕ ਮਿਲੀ।

ਅਖੀਰ ਗੱਡੀ ਚੱਲ ਹੀ ਪਈ। ਸਾਡੇ ਡੱਬੇ ਵਿਚ ਇੱਕ ਪਾਕਿਸਤਾਨੀ ਔਰਤ ਚੜ੍ਹੀ ਜਿਹੜੀ ਦੋ ਯਾਤਰੀ ਔਰਤਾਂ ਦੇ ਵਿਚਾਲੇ ਬੈਠ ਗਈ। ਗੋਰੀ ਚਿੱਟੀ, ਮੋਟੀ ਤਾਜ਼ੀ, ਪੜ੍ਹੀ ਲਿਖੀ, ਮਿਠ ਬੋਲੀ। ਸਾਡੀ ਸੀਟ ਤੇ ਇਕ ਬਜ਼ੁਰਗ ਫੌਜੀ ਬੈਠਾ ਸੀ। ਦਰਅਸਲ ਉਹ ਉਸ ਔਰਤ ਦੇ ਪਿਤਾ ਦਾ ਦੋਸਤ ਸੀ। ਉਹ ਉਸਨੂੰ ਲੈਣ ਖਾਸ ਤੌਰ ਤੇ ਵਾਹਗੇ ਆਈ ਸੀ। ਉਹ ਬਜ਼ੁਰਗ ਉਸਨੂੰ ਤੋਹਫੇ ਵਿਖਾਣ ਲੱਗ ਪਿਆ। ਕਾਫੀ ਕੁਝ ਲੈ ਕੇ ਗਿਆ ਸੀ। ਉਸ ਔਰਤ ਨੇ ਵੀ ਥੋੜੇ ਜੇਹੇ ਸਫਰ ਵਿਚ ਪਾਕਿਸਤਾਨ ਬਾਰੇ ਕਾਫੀ ਕੁਝ ਦੱਸਿਆ। ਮੈਂ ਉਸਦੇ ਮੂੰਹੋ ਪਹਿਲੀ ਵਾਰੀ ਸੁਣਿਆ ਕਿ ਪਾਕਿਸਤਾਨ ਵਿਚ ਸ਼ਾਪਿੰਗ ਬੈਗ ਨੂੰ 'ਸ਼ਾਪਰ' ਕਹਿੰਦੇ ਹਨ। ਲਾਹੌਰ ਸਟੇਸ਼ਨ ਤੇ ਉਹ ਸਾਰਾ ਪਰਿਵਾਰ ਉਸ ਬਜ਼ੁਰਗ ਨੂੰ ਮਿਲਣ ਆਇਆ। ਬਹੁਤ ਗਲਵੱਕੜੀਆਂ ਪਾਈਆਂ। ਉਨ੍ਹਾਂ ਦਾ ਮੋਹ ਪਿਆਰ ਵੇਖਕੇ ਹਰ ਕੋਈ ਬਹੁਤ ਖੁਸ਼ ਹੋਇਆ। ਜਵਾਨ ਕੁੜੀਆਂ ਵੀ ਬਜ਼ੁਰਗ ਦੇ ਬਗਲਗੀਰ ਹੋਈਆਂ। ਪੜ੍ਹਿਆ ਲਿਖਿਆ ਵਰਗ ਉਥੇ ਵੀ ਖੁੱਲ੍ਹਾ ਡੁੱਲ੍ਹਾ ਹੈ। ਕੋਈ ਪਰਦਾ ਨਹੀਂ, ਕੋਈ ਝਿਜਕ ਨਹੀਂ। ਉਹ ਬਜ਼ੁਰਗ ਦੁਬਾਰਾ ਸਾਡੇ ਡੱਬੇ ਵਿਚ ਨਹੀਂ ਚੜ੍ਹਿਆ। ਸ਼ਾਇਦ ਲਾਹੌਰ ਆਪਣੇ ਦੋਸਤ

ਦੇ ਪਰਿਵਾਰ ਕੋਲ ਹੀ ਰੁਕ ਗਿਆ ਹੋਵੇ ਅਤੇ 19 ਅਪ੍ਰੈਲ ਨੂੰ ਵਾਪਸੀ ਤੇ ਗੱਡੀ ਚੜ੍ਹਿਆ ਹੋਵੇ। ਇਹ ਤਕਨੀਕੀ ਤੌਰ 'ਤੇ ਸੰਭਵ ਹੈ ਅਤੇ ਕਿਸੇ ਸਰਕਾਰ ਨੂੰ ਕੋਈ ਇਤਰਾਜ਼ ਨਹੀਂ।

ਲਾਹੌਰ ਸਟੇਸ਼ਨ ਉੱਤੇ ਵੀ ਖਾਣਾ ਤਕਰੀਬਨ ਖ਼ਤਮ ਸੀ। ਸਿਰਫ ਥੋੜੇ ਜਿਹੇ ਚੌਲ ਮਿਲੇ। ਜੌਹਲ ਸਾਹਿਬ ਬਹੁਤ ਹਿੰਮਤੀ ਨਿਕਲੇ। ਉਹਨਾਂ ਕੋਲ ਬਿੰਦੀਆਂ ਦੇ ਕੁਝ ਪੱਤੇ ਸਨ। ਉਨ੍ਹਾਂ ਨੇ ਸਟਾਲ ਦੇ ਮਾਲਕ ਨੂੰ ਇੱਕ ਪੱਤਾ ਤੋਹਫੇ ਵਜੋਂ ਦੇ ਦਿੱਤਾ ਅਤੇ ਉਸਨੇ ਨੌਕਰ ਭੇਜ ਕੇ ਬਾਹਰੋਂ ਸਾਡੇ ਲਈ ਚਾਰ ਰੋਟੀਆਂ ਅਤੇ ਦਾਲ ਮੰਗਵਾ ਦਿੱਤੀ। ਪੈਸੇ ਤਾਂ ਦੇਣੇ ਹੀ ਸਨ, ਪਰ ਅਸੀਂ ਉਸਦੇ ਸ਼ੁਕਰਗੁਜ਼ਾਰ ਸਾਂ। ਪਾਕਿਸਤਾਨ ਵਿਚ ਬਿੰਦੀਆਂ ਅਤੇ ਕੜੇ ਬਹੁਤ ਮੰਗਦੇ ਹਨ।

**ਨਨਕਾਣਾ ਸਾਹਿਬ ਲਈ ਰਵਾਨਗੀ :** ਜਦੋਂ ਗੱਡੀ ਨਨਕਾਣਾ ਸਾਹਿਬ ਨੂੰ ਤੁਰੀ ਤਾਂ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਗੂੰਜ ਉੱਠੇ। ਸਭ ਖੁਸ਼ ਸਨ ਕਿ ਬਾਬੇ ਦੇ ਜਨਮ ਅਸਥਾਨ ਦੇ ਦਰਸ਼ਨ ਕਰਨ ਚੱਲੇ ਹਾਂ। ਲਾਹੌਰ ਤੋਂ ਨਨਕਾਣਾ ਸਾਹਿਬ ਬਹੁਤੀ ਦੂਰ ਨਹੀਂ। ਸਿਰਫ 80 ਕਿਲੋਮੀਟਰ ਦੱਖਣ-ਪੱਛਮ ਵੱਲ ਹੈ। ਇਸ ਲਈ ਰਾਤ ਹੋ ਜਾਣ ਦੇ ਬਾਵਜੂਦ ਕਿਸੇ ਨੇ ਵੀ ਸੌਣ ਦੀ ਕੋਸ਼ਿਸ਼ ਨਹੀਂ ਕੀਤੀ। ਪਾਕਿਸਤਾਨ ਦੀ ਸਿਆਸਤ ਬਾਰੇ ਤਾਂ ਕਿਸੇ ਨੇ ਕਿਤੇ ਵੀ ਗੱਲ ਨਹੀਂ ਤੋਰੀ, ਪਰ ਭਾਰਤ ਦੀ ਸਿਆਸਤ ਬਾਰੇ ਖੂਬ ਬਹਿਸ ਹੋਈ। ਸਾਡੇ ਨਾਲ ਇੱਕ 60 ਕੁ ਸਾਲ ਦਾ ਸਮਰਾਲੇ ਕੋਲ ਕੋਟਲੀ ਪਿੰਡ ਦਾ ਜੱਟ ਬੈਠਾ ਸੀ। ਉਹ ਭਾਰਤੀ ਕਿਸਾਨਾਂ ਦੀ ਮੰਦੀ ਹਾਲਤ ਲਈ ਸਰਕਾਰ ਨੂੰ ਭੰਡਣ ਲੱਗ ਪਿਆ। ਖੁਸ਼ਦਿਲ, ਰੌਣਕੀ ਅਤੇ ਭਰਵੀ ਆਵਾਜ਼ ਵਾਲਾ ਇਨਸਾਨ ਸੀ। ਪ੍ਰੋ. ਗੁਰਮੇਲ ਸਿੰਘ ਜੌਹਲ ਵੀ ਜ਼ਬਾਨ ਦੇ ਧਨੀ ਹਨ। ਦੋਹਾਂ ਦੇ ਸਿੰਗ ਅੜ ਗਏ। ਲਗਦਾ ਸੀ ਕਿ ਕਿਤੇ ਗਰਮ ਹੀ ਨਾ ਹੋ ਜਾਣ। ਪਰ ਦੋਨੋਂ ਹੀ ਜੀਭ ਤੋਂ ਕੰਮ ਲੈਣ ਵਾਲੇ ਸਿਆਣੇ ਆਦਮੀ ਨਿਕਲੇ। ਅਖੀਰ ਉਹ ਸਿੰਘ ਉੱਠਿਆ ਅਤੇ ਕਵੀਸ਼ਰੀ ਕਰਨ ਲੱਗ ਪਿਆ। ਬਹੁਤ ਮਜ਼ੇਦਾਰ ਗੱਲਾਂ ਸਨ। ਵਧੀਆ ਤੁਕਬੰਦੀ ਅਤੇ ਸ਼ਹਿਰੀ ਤਬਕੇ ਦੀ ਹੁਸ਼ਿਆਰੀ ਅਤੇ ਪਿੰਡਾਂ ਦੀ ਲੁੱਟ ਖਸੁੱਟ ਬਾਰੇ ਬੜੇ ਸੋਹਣੇ ਕਬਿੱਤ ਸਨ। ਉਹ ਬੇਧੜਕ ਉੱਚੀ ਅਵਾਜ਼ ਵਿਚ ਗਾਈ ਗਿਆ। ਆਸੇ ਪਾਸੇ ਵਾਲੇ ਵੀ ਇਕੱਠੇ ਹੋ ਗਏ। ਡਿਊਟੀ ਵਾਲਾ ਮੁਰਦਲਾ ਜੇਹਾ ਦਾੜ੍ਹੀ ਵਾਲਾ ਸਿਪਾਹੀ ਵੀ ਆ ਗਿਆ। ਸਾਰੇ ਖੁਸ਼ ਸਨ ਅਤੇ ਸਭ ਤੋਂ ਵੱਧ ਖੁਸ਼ ਉਹ ਸਿਪਾਹੀ ਸੀ, ਜਿਵੇਂ ਇਹ ਸਿੰਘ ਉਸਦਾ ਹੀ ਦੁਖਾਂਤ ਸਵਾਦਲੇ ਢੰਗ ਨਾਲ ਗਾ ਰਿਹਾ ਹੋਵੇ। ਉਸ ਦੀ ਸ਼ਾਇਰੀ ਨੋਟ ਕਰਨ ਨੂੰ ਦਿਲ ਕੀਤਾ ਪਰ ਕਾਗਜ਼ ਨਹੀਂ ਸੀ। ਬਾਅਦ ਵਿਚ ਅਸੀਂ ਉਸਨੂੰ ਇਹ ਗੀਤ ਨਨਕਾਣਾ ਸਾਹਿਬ ਜਾ ਕੇ ਲਿਖ ਕੇ ਸਾਨੂੰ ਦੇਣ ਲਈ ਕਿਹਾ। ਪਰ ਉਹ ਕਹਿੰਦਾ ਕਿ ਮੈਂ ਤਾਂ ਅਨਪੜ੍ਹ ਹਾਂ। ਸ਼ਾਇਦ ਉਹ ਮਚਲਾ ਬਣ ਰਿਹਾ ਸੀ ਕਿ ਕੌਣ ਪੰਗਾ ਕਰੇ। ਬਹਿਸ ਵਿਚ ਤਾਂ ਉਹ ਕੀਮਤ ਸੂਚਕ ਅੰਕ ਦੀਆਂ ਗੱਲਾਂ ਕਰਦਾ ਰਿਹਾ ਸੀ। ਉਹ ਗੀਤ ਨਾ ਲਿਖਣ ਦਾ ਮੈਨੂੰ ਅੱਜ ਤੱਕ ਦੁੱਖ ਹੈ। ਬਹਿਸ ਦੇ ਅੰਤ ਦੇ ਰੂਪ ਵਿਚ ਉਸਨੇ ਦੋ ਵਾਰੀ 'ਵਾਹਿਗੁਰੂ, ਵਾਹਿਗੁਰੂ' ਕਿਹਾ, ਅੱਖਾਂ ਮੀਚੀਆਂ ਅਤੇ ਘੁਰਾੜੇ ਮਾਰਨ ਲੱਗ ਪਿਆ। ਕਿੰਨੇ ਖੁੱਲੇ ਡੁੱਲ੍ਹੇ, ਬੇਫਿਕਰ ਹਨ ਇਹ ਪੰਜਾਬੀ ਜੱਟ।

ਇੱਕ ਥਾਂ ਤੇ ਗੱਡੀ ਸਟੇਸ਼ਨ ਤੋਂ ਪਹਿਲਾਂ ਰੁਕ ਗਈ। ਕੋਈ ਸ਼ਹਿਰ ਲਗਦਾ ਸੀ, ਸ਼ਾਇਦ ਕਿਲ੍ਹਾ ਸ਼ੇਖੂਪੁਰਾ ਸੀ। ਲਾਈਨ ਦੇ ਦੋਨੋ ਪਾਸੇ ਦੂਰ ਦੂਰ ਤੱਕ ਸੀਵਰ ਦਾ ਪਾਣੀ ਖੜ੍ਹਾ ਸੀ। ਐਨੀ ਬਦਬੂ ਕਿ ਨੱਕ ਬੰਦ ਕੀਤਿਆਂ ਵੀ ਨਾ ਹਟੇ। ਸ਼ਾਇਦ ਉਹ ਸੀਵਰ ਦਾ ਪਾਣੀ ਖੇਤਾਂ ਵਿਚ ਨਹੀਂ ਲਾਉਂਦੇ। ਆਪਣੇ ਤਾਂ ਸੀਵਰ ਦਾ ਗੰਦਾ ਪਰ ਉਪਜਾਊ ਪਾਣੀ ਲਾਉਣ ਲਈ ਲੜਾਈਆਂ ਹੋ ਜਾਂਦੀਆਂ ਹਨ। ਗੱਡੀ ਜਲਦੀ ਹੀ ਤੁਰ ਪਈ ਅਤੇ ਸਭ ਨੇ ਸ਼ੁਕਰ ਮਨਾਇਆ।

ਨਨਕਾਣਾ ਸਾਹਿਬ ਆਉਣ ਵਿਚ ਹੀ ਨਹੀਂ ਆ ਰਿਹਾ ਸੀ। ਗੱਡੀ ਬਹੁਤ ਹੌਲੀ ਚੱਲ

ਰਹੀ ਸੀ। ਕਿਸੇ ਜਾਣਕਾਰ ਨੇ ਦੱਸਿਆ ਕਿ ਇਹ ਬਹੁਤਾ ਮਹੱਤਵਪੂਰਣ ਰੇਲ ਟੁਕੜਾ ਨਹੀਂ ਹੈ। ਪੈਸੇ ਦੀ ਘਾਟ ਕਰਕੇ ਲਾਈਨਾਂ ਦੇ ਨਾਲ ਪੱਥਰ ਦੀ ਰੋੜੀ ਬਹੁਤ ਘੱਟ ਪਾਈ ਹੈ। ਇਸ ਲਈ ਗੱਡੀਆਂ ਤੇਜ ਨਹੀਂ ਚੱਲ ਸਕਦੀਆਂ। ਕਿੰਨਾ ਵੱਡਾ ਦੁਖਾਂਤ ਹੈ ਕਿ ਅਜੇਹਾ ਗਰੀਬ ਦੇਸ਼ ਵੀ ਫੌਜੀ ਹਥਿਆਰਾਂ ਉੱਤੇ ਅਰਬਾਂ ਖਰਬਾਂ ਰੁਪਏ ਖਰਚ ਕਰ ਰਿਹਾ ਹੈ। ਕਸ਼ਮੀਰ ਬਾਰੇ ਝਗੜੇ ਨੇ ਬਾਕੀ ਸਭ ਵਿਕਾਸ ਕੰਮ ਠੱਪ ਕੀਤੇ ਹੋਏ ਹਨ।

**ਨਨਕਾਣਾ ਸਾਹਿਬ : 10 ਅਪ੍ਰੈਲ 2001 :** ਜੂੰ ਦੀ ਤੋਰ ਤੁਰਦੀ ਹੋਈ ਸਾਡੀ ਗੱਡੀ ਆਖਰ ਨਨਕਾਣਾ ਸਾਹਿਬ ਜਾ ਰੁਕੀ। ਇਹ ਪੜ੍ਹ ਕੇ ਖੁਸ਼ੀ ਹੋਈ ਕਿ ਸਟੇਸ਼ਨ ਦਾ ਨਾਮ ਵੀ 'ਨਨਕਾਣਾ ਸਾਹਿਬ' ਹੈ। ਸਾਡੀ ਗੱਡੀ ਆਖਰੀ ਸੀ। ਸਟੇਸ਼ਨ ਤੋਂ ਗੁਰਦੁਆਰੇ ਤੱਕ ਬੱਸਾਂ ਲੱਗੀਆਂ ਹੋਈਆਂ ਸਨ। ਰਾਤ ਦੇ ਸਵਾ ਬਾਰਾਂ ਵਜੇ ਸਨ। ਬੱਸਾਂ ਵਿਚ ਬਹੁਤ ਭੀੜ ਸੀ। ਖਾਲੀ ਹੱਥ ਮੁਸਾਫਰਾਂ ਤੋਂ ਉਹ ਘੱਟ ਕਿਰਾਇਆ ਲੈ ਰਹੇ ਸਨ ਅਤੇ ਸਮਾਨ ਵਾਲਿਆਂ ਤੋਂ ਵੱਧ। ਸਮਾਨ ਕਿਹੜਾ ਸੀ ? ਕਿਸੇ ਕੋਲ ਬੈਗ, ਕਿਸੇ ਕੋਲ ਅਟੈਚੀ ਕੇਸ। ਦਿੱਲੀ ਦੇ ਦੁਕਾਨਦਾਰ ਸਿੱਖ ਤਜਰਬੇਕਾਰ ਸਨ। ਦੋ ਜਣਿਆ ਦਾ ਸਮਾਨ ਇੱਕ ਜਣਾ ਫੜੀ ਬੈਠਾ ਸੀ। ਕਿਰਾਇਆ ਵੀ ਘੱਟ ਹੀ ਸੀ, ਪਰ ਸਿਸਟਮ ਅਜੀਬ ਸੀ।

ਪਾਕਿਸਤਾਨ ਵਿੱਚ ਕਿਉਂਕਿ ਗੱਡੀਆਂ ਰਾਤ ਨੂੰ ਹੀ ਤੋਰਦੇ ਸਨ, ਇਸ ਲਈ ਮੈਂ ਚੌਕਸ ਰਿਹਾ। ਉੱਥੇ ਕੰਮ ਬਹੁਤ ਸੌਖਾ ਸੀ। ਹਰ ਸਟੇਸ਼ਨ ਦੇ ਨੇੜੇ ਕੋਈ ਨਾ ਕੋਈ ਮਸਜਿਦ ਜ਼ਰੂਰ ਹੁੰਦੀ ਹੈ ਅਤੇ ਨਮਾਜ਼ ਪੜ੍ਹਨ ਵਾਲੀ ਦੀਵਾਰ ਦਾ ਮੂੰਹ ਪੂਰਬ ਵੱਲ ਹੁੰਦਾ ਹੈ ਤਾਂ ਕਿ ਨਮਾਜ਼ੀ ਦਾ ਮੂੰਹ ਮੱਕੇ (ਪੱਛਮ) ਵੱਲ ਹੋਵੇ। ਬੱਸ ਮਸਜਿਦਾਂ ਵੇਖਦੇ ਜਾਓ। ਬਿਲਕੁਲ ਸਹੀ ਪਤਾ ਲੱਗਦਾ ਜਾਂਦਾ ਹੈ ਕਿ ਗੱਡੀ ਕਿੱਧਰ ਨੂੰ ਜਾ ਰਹੀ ਹੈ। ਇਸ ਹਿਸਾਬ ਨਾਲ ਨਨਕਾਣਾ ਸਾਹਿਬ ਸਟੇਸ਼ਨ ਤੱਕ ਦਿਸ਼ਾ ਬਿਲਕੁਲ ਸਹੀ ਰਹੀ ਸੀ।

ਬੱਸ ਵਿਚ ਭੀੜ ਸੀ। ਬਾਹਰ ਦਿਸਦਾ ਹੀ ਨਹੀਂ ਸੀ। ਜਦੋਂ ਬੱਸ ਗੁਰਦੁਆਰੇ ਦੇ ਗੇਟ ਕੋਲ ਰੁਕੀ ਤਾਂ ਗੇਟ ਤੋਂ ਗੁਰਦੁਆਰਾ ਪੂਰਬ ਵੱਲ ਲੱਗਿਆ। ਕਈ ਘੰਟੇ ਕਮਰਾ ਲੈਣ ਦੀ ਹੱਡ ਭੰਨਵੀਂ ਭੱਜ ਦੌੜ ਕਰਨ ਤੋਂ ਬਾਅਦ, ਹਾਰ ਕੇ ਮੈਦਾਨ ਵਿਚ ਲੱਗੇ ਇੱਕ ਤੰਬੂ ਵਿਚ ਦਰੀ ਤੇ ਪੈ ਗਏ। ਸਵੇਰੇ ਉੱਠੇ ਤਾਂ ਮੇਰੇ ਲਈ ਸਭ ਕੁਝ ਪੁੱਠਾ ਹੋਇਆ ਪਿਆ ਸੀ। ਗੁਰਦਵਾਰੇ ਦੇ ਨੇੜਲੀ ਮਸਜਿਦ, ਜਿਸਨੂੰ ਮੈਂ ਪੱਛਮ ਵੱਲ ਸਮਝ ਕੇ ਸੁੱਤਾ ਸਾਂ, ਉਸ ਪਾਸਿਓਂ ਸੂਰਜ ਦੀ ਲਾਲੀ ਆ ਰਹੀ ਸੀ। ਪਰ ਬਾਬੇ ਦੀ ਕਿਰਪਾ ਨਾਲ ਇਹ ਤੁਰੰਤ ਹੀ ਠੀਕ ਹੋ ਗਿਆ। ਮੈਂ ਭਾਗਾਂ ਵਾਲਾ ਸੀ ਕਿ ਨਨਕਾਣਾ ਸਾਹਿਬ ਗੁਰਦੁਆਰੇ ਦਾ ਮੂੰਹ ਪੱਛਮ ਵੱਲ ਵੀ ਵੇਖ ਲਿਆ ਅਤੇ ਪੂਰਬ ਵੱਲ ਵੀ।

**ਰਿਹਾਇਸ਼ ਦੀ ਸਮੱਸਿਆ :** ਪਾਕਿਸਤਾਨ ਦੇ ਗੁਰਦੁਆਰਿਆਂ ਵਿਚ ਸਭ ਤੋਂ ਵੱਡੀ ਮੁਸ਼ਕਲ ਰਿਹਾਇਸ਼ ਦੀ ਹੈ। ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੇ ਨਾਮ ਤੇ 18,000 ਏਕੜ ਜ਼ਮੀਨ ਹੈ। ਇਸ ਵਿਚੋਂ 700 ਏਕੜ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਹੀ ਦਿੱਤੀ ਸੀ। ਸਾਰਾ ਕਸਬਾ ਗੁਰਦੁਆਰੇ ਦੀ ਥਾਂ ਵਿਚ ਵਸਿਆ ਹੋਇਆ ਹੈ। ਹਰ ਸਾਲ ਲੱਖਾਂ ਰੁਪਏ ਦੀ ਆਮਦਨ ਹੋਣੀ ਹੈ। ਫੇਰ ਚੜ੍ਹਾਵਾ ਵੀ ਕਾਫ਼ੀ ਚੜ੍ਹਦਾ ਹੈ। ਪਤਾ ਨਹੀਂ ਉਹ ਪੈਸਾ ਕਿੱਧਰ ਜਾਂਦਾ ਰਿਹਾ ਹੈ। ਯਾਤਰੀਆਂ ਦੇ ਠਹਿਰਨ ਲਈ 1947 ਤੋਂ ਪਹਿਲਾਂ ਦੀ ਬਣੀ ਹੋਈ ਸਿਰਫ ਇੱਕ ਧਰਮਸ਼ਾਲਾ ਹੈ। ਉਹ ਅੰਗ੍ਰੇਜ਼ੀ ਦੇ 'ਯੂ' ਅਕਾਰ ਦੀ ਹੈ। ਵਿਚਾਲੇ ਬਹੁਤ ਖੁੱਲ੍ਹੀ ਥਾਂ ਛੱਡ ਕੇ ਸਾਰੇ ਪਾਸੇ ਕਮਰੇ ਬਣੇ ਹੋਏ ਹਨ ਅਤੇ ਅੱਗੇ ਵਰਾਂਡੇ ਵੀ ਹਨ। ਕਮਰੇ ਬਹੁਤ ਛੋਟੇ ਹਨ। ਪਰ ਜੇ ਕਮਰਾ ਮਿਲ ਜਾਵੇ ਤਾਂ ਸਮਾਨ ਨੂੰ ਤਾਂ ਤਾਲਾ ਲਾਇਆ ਜਾ ਸਕਦਾ ਹੈ। ਉਸ ਨਾਲ

ਘੁੰਮਣ ਫਿਰਨ ਵਿਚ ਤਾਂ ਸੌਖ ਹੋ ਜਾਂਦੀ ਹੈ।

ਉਹ 10-15 ਯਾਤਰੀਆਂ ਨੂੰ ਸਮਾਨ ਰੱਖਣ ਲਈ ਇੱਕ ਕਮਰਾ ਦੇ ਰਹੇ ਸਨ। ਜਿਹੜੇ ਤਾਂ ਟੋਲੀਆਂ ਵਿਚ ਸਨ, ਉਹ ਤਾਂ ਕਮਰੇ ਲੈ ਗਏ। ਮੈਂ ਸਮਾਨ ਕੋਲ ਖਲੋ ਗਿਆ ਅਤੇ ਵਿਚਾਰੇ ਜੌਹਲ ਸਾਹਿਬ ਨੇ ਭੱਜ ਨੱਸ ਸ਼ੁਰੂ ਕੀਤੀ। ਪਤਾ ਲੱਗਿਆ ਕਿ ਅਲਾਟ ਕਰਨ ਵਾਲੇ 15 ਪਾਸਪੋਰਟਾਂ ਦੀਆਂ ਰਸੀਦਾਂ ਵੇਖ ਕੇ ਕਮਰਾ ਦਿੰਦੇ ਸਨ। ਤਜਰਬੇਕਾਰ ਟੋਲੀਆਂ ਵਾਹਗੇ ਤੋਂ ਹੀ ਇੱਕ ਰਸੀਦ ਉੱਤੇ ਕਈ ਕਈ ਪਾਸਪੋਰਟਾਂ ਦੀ ਸੂਚੀ ਬਣਵਾ ਕੇ ਲਿਆਈਆਂ ਸਨ। ਸਾਡੇ ਕੋਲ ਸਿਰਫ਼ ਦੋ ਪਾਸਪੋਰਟਾਂ ਦੀ ਰਸੀਦ ਸੀ। ਬਿਗਾਨੇ ਲੋਕ ਹੋਰ ਕਿਸੇ ਨੂੰ ਆਪਣੀ ਰਸੀਦ ਨਹੀਂ ਦਿੰਦੇ ਸਨ। ਜੌਹਲ ਸਾਹਿਬ ਨੇ ਬੜੀ ਮੁਸ਼ਕਲ ਨਾਲ 7-8 ਜਣਿਆਂ ਦੀਆਂ ਰਸੀਦਾਂ ਇਕੱਠੀਆਂ ਕੀਤੀਆਂ। ਕਈ ਘੰਟੇ ਭੱਜ ਨੱਸ ਕਰਨ ਤੋਂ ਬਾਅਦ ਅਖੀਰ ਇੱਕ ਟੈਂਟ ਵਿਚ ਹੀ ਸਮਾਨ ਸਹਿਤ ਅੱਡਾ ਲਾਉਣਾ ਪਿਆ। ਵਾਰੀ ਨਾਲ ਇੱਕ ਜਣੇ ਨੂੰ ਸਮਾਨ ਕੋਲ ਬੈਠਣਾ ਪੈਂਦਾ ਸੀ। ਦਸ ਬਾਰਾਂ ਬੰਦੇ ਹਰ ਇੱਕ ਟੈਂਟ ਵਿਚ ਟਿਕੇ ਹੋਏ ਸਨ। ਪੁਲੀਸ ਵਾਲੇ ਬਾਹਰਲੇ ਆਦਮੀਆਂ ਨੂੰ ਤਾਂ ਅੰਦਰ ਨਹੀਂ ਆਉਣ ਦਿੰਦੇ ਸਨ, ਪਰ ਅੰਦਰ ਹੀ 'ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ' ਦੇ ਕਰਮਚਾਰੀ, ਦੁਕਾਨਦਾਰ, ਧੋਬੀ ਆਦਿ ਕਾਫ਼ੀ ਸਨ। ਇਸ ਲਈ ਵਾਰੀ ਵਾਰੀ ਨਾਲ ਘੱਟੋ ਘੱਟ ਇੱਕ ਯਾਤਰੀ ਹਰ ਟੈਂਟ ਵਿਚ ਰਹਿੰਦਾ ਸੀ। ਆਮ ਤੌਰ 'ਤੇ ਕਿਸੇ ਸ਼ਰੀਫ ਜਿਹੇ ਆਦਮੀ ਨੂੰ ਕਹਿ ਛਡਦੇ, "ਅਸੀਂ ਹੁਣੇ ਆਏ।" ਉਹ ਵਿਚਾਰਾ ਘੰਟਿਆਂ ਬੱਧੀ ਫਸਿਆ ਰਹਿੰਦਾ। ਸਾਡੇ ਸਾਹਮਣੇ ਵਾਲੇ ਟੈਂਟ ਵਿਚ ਇੱਕ ਸਿੱਧੇ ਜੇਹੇ ਫੌਜੀ ਨੂੰ ਬਿਠਾ ਗਏ। ਦੂਜੇ ਯਾਤਰੀ ਉਸਦੇ ਵਾਕਫ਼ ਵੀ ਨਹੀਂ ਸਨ ਅਤੇ ਉਹ ਆਪਣੇ ਨਾਲ ਵੇਚਣ ਲਈ ਸਮਾਨ ਲਿਆਏ ਲਗਦੇ ਸਨ। ਇਕ ਟੈਕਸੀ ਵਾਲਾ ਕਈ ਵਾਰ ਉਨ੍ਹਾਂ ਦੇ ਟੈਂਟ ਵਿਚ ਆਇਆ ਸੀ। ਉਹ ਵਿਚਾਰਾ ਫੌਜੀ ਥੋੜੀ ਦੇਰ ਪਾਸੇ ਹੋਇਆ ਅਤੇ ਕਿਸੇ ਦਾ ਕਾਫ਼ੀ ਮਹਿੰਗਾ ਸਮਾਨ ਚੋਰੀ ਹੋ ਗਿਆ। ਉਹ ਸਗੋਂ ਵਿਚਾਰੇ ਫੌਜੀ ਤੇ ਸ਼ੱਕ ਕਰੀ ਗਏ। ਬੜੀ ਮੁਸ਼ਕਲ ਨਾਲ ਉਸਨੇ ਕਸਮਾਂ ਚੁੱਕ ਕੇ ਪਿੱਛਾ ਛੁਡਾਇਆ। ਅਸੀਂ ਵੀ ਫੌਜੀ ਦੀ ਪੂਰੀ ਹਮਾਇਤ ਕੀਤੀ। ਉਸ ਤੋਂ ਬਾਅਦ ਉਹ ਸਮਾਨ ਚੁੱਕ ਕੇ ਕਿਸੇ ਹੋਰ ਟੈਂਟ ਵਿਚ ਚਲਾ ਗਿਆ।

ਬਾਥਰੂਮ ਕਾਫ਼ੀ ਸਨ। ਨਹਾਉਣ ਦੀ ਕੋਈ ਸਮੱਸਿਆ ਨਹੀਂ ਆਈ। ਤਿਆਰ ਹੋ ਕੇ ਅਸੀਂ ਗੁਰਦੁਆਰਾ ਜਨਮ ਅਸਥਾਨ ਮੱਥਾ ਟੇਕਣ ਗਏ। ਗੁਰਦੁਆਰਾ ਸਾਹਿਬ ਦੀ ਬਾਹਰੀ ਦਿੱਖ ਤਾਂ ਕਾਫੀ ਪ੍ਰਭਾਵਸ਼ਾਲੀ ਹੈ, ਪਰ ਗੁਰਦੁਆਰੇ ਦਾ ਹਾਲ ਬਹੁਤ ਛੋਟਾ ਹੈ। ਕਿਸੇ ਜਗ੍ਹਾ ਬੋਰਡ ਨਹੀਂ ਲੱਗਿਆ ਸੀ। ਉਹ ਪਵਿੱਤਰ ਖੂਹ ਜਿਸ ਵਿਚੋਂ ਗੁਰੂ ਸਾਹਿਬ ਦਾ ਪਰਿਵਾਰ ਪਾਣੀ ਭਰਦਾ ਸੀ ਸਾਰੇ ਪਾਸਿਆਂ ਤੋਂ ਗਰਿੱਲਾਂ ਨਾਲ ਬੰਦ ਸੀ। ਉਸਦੇ ਅੰਦਰ ਵੇਖਿਆ ਨਹੀਂ ਜਾ ਸਕਦਾ। ਕੋਈ ਬੋਰਡ ਨਾ ਲੱਗਿਆ ਹੋਣ ਕਰਕੇ ਬਹੁਤੇ ਲੋਕਾਂ ਨੂੰ ਉਸਦਾ ਮਹੱਤਵ ਹੀ ਪਤਾ ਨਹੀਂ ਲਗਦਾ। ਉੱਥੇ ਸ਼ਹੀਦੀ ਅਸਥਾਨ (ਮੜ੍ਹੀ) ਵੀ ਹੀ ਹੈ ਜਿਸ ਬਾਰੇ ਕਿਸੇ ਨੂੰ ਕੁਝ ਪਤਾ ਨਹੀਂ ਸੀ। ਉਹ ਗੁਰਦੁਆਰਾ ਸੁਧਾਰ ਅੰਦੋਲਨ ਵਿਚ ਮਹੰਤ ਹੱਥੋਂ ਸ਼ਹੀਦ ਹੋਏ ਸਿੰਘਾਂ ਸੰਬੰਧੀ ਹੀ ਹੋਣਾ ਹੈ। ਪਰ ਉੱਥੇ ਵੀ ਕੋਈ ਬੋਰਡ ਨਹੀਂ ਸੀ ਲੱਗਿਆ। ਉਥੇ ਚਾਹ ਦਾ ਲੰਗਰ ਨਹੀਂ ਲਗਦਾ। ਦੁਕਾਨ ਤੋਂ ਪੂੜੀਆਂ ਛੋਲੇ ਖਾ ਕੇ ਅਸੀਂ ਬਾਹਰ ਨੂੰ ਨਿਕਲ ਪਏ। ਅਨਾਂਊਸਮੈਂਟ ਹੋ ਰਹੀ ਸੀ ਕਿ ਗੁਰਦੁਆਰਾ ਸੱਚਾ ਸੌਦਾ, ਫਾਰੂਕਾਬਾਦ (ਚੂਹੜਕਾਨਾ) ਲਈ ਬੱਸਾਂ ਲੱਗੀਆਂ ਹੋਈਆਂ ਸਨ। ਪਿਛਲੀ ਰਾਤ ਦੀ ਖੱਜਲ ਖੁਆਰੀ ਤੋਂ ਬਾਅਦ ਕਾਫ਼ੀ ਲੋਕ ਹੋਰ ਸਫ਼ਰ ਤੋਂ ਕਤਰਾਉਂਦੇ ਸਨ। ਨਨਕਾਣਾ ਸਾਹਿਬ ਵਿਚ ਪੜਾਅ ਵੀ ਇੱਕ ਦਿਨ ਦਾ ਸੀ ਅਤੇ ਅੱਗੇ ਫੇਰ ਬਹੁਤ ਲੰਬਾ ਸਫਰ ਤਿਆਰ ਸੀ।

ਪਿਛਲੇ ਪਹਿਰ ਅਸੀਂ ਬਾਜ਼ਾਰ ਗਏ। ਬਾਜ਼ਾਰ ਬਹੁਤ ਛੋਟਾ ਹੈ। ਵੈਸੇ ਸਾਰੇ ਕਸਬੇ ਦੀਆਂ ਸੜਕਾਂ ਅਤੇ ਗਲੀਆਂ ਚੌੜੀਆਂ ਹਨ। ਨਕਸ਼ਾ ਬਣਾ ਕੇ ਵਸਾਇਆ ਲਗਦਾ ਹੈ। ਕਾਫ਼ੀ ਲੋਕ ਉਥੇ ਹੀ ਕਪੜਾ ਅਤੇ ਜੁੱਤੀਆਂ ਤੇ ਕਢਾਈ ਵਾਲੇ ਅੱਪਰ ਖਰੀਦਣ ਲੱਗ ਪਏ ਸਨ। ਅਸੀਂ ਨਿਸ਼ਾਨੀ ਵਜੋਂ ਸਿਰਫ਼ ਇੱਕ ਦੋ ਕੈਸਟਾਂ ਖਰੀਦ ਲਈਆਂ।

ਨਨਕਾਣਾ ਸਾਹਿਬ ਵਿਚ ਕੁਝ ਗੁਰਦੁਆਰੇ ਹੋਰ ਵੀ ਹਨ। ਗੁਰਦੁਆਰਾ ਤੰਬੂ ਸਾਹਿਬ ਦੀ ਇਮਾਰਤ ਸੋਹਣੀ ਹੈ, ਪਰ ਉੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਹੈ। ਬੱਸ ਗੁਰੂ ਸਾਹਿਬਾਨ ਦੀ ਫਰੇਮ ਕੀਤੀ ਫੋਟੋ ਰੱਖਕੇ ਗੋਲਕ ਰੱਖੀ ਹੋਈ ਹੈ। ਬਾਹਰ ਇੱਕ ਪਾਸੇ ਇਕ ਮੁਸਲਮਾਨ ਕਰਮਚਾਰੀ ਬੈਠਾ ਸੀ। ਪਾਕਿਸਤਾਨ ਦੇ ਮੁੱਖ ਗੁਰਦੁਆਰਿਆਂ ਤੋਂ ਬਿਨਾਂ ਹੋਰ ਹਰ ਇਕ ਗੁਰਦੁਆਰੇ ਵਿਚ ਵੀ ਇਹੋ ਹਾਲ ਹੈ। ਉੱਥੇ ਪੁੱਛ-ਗਿੱਛ ਕਰਨ ਦੇ ਬਾਵਜੂਦ ਵੀ ਸਾਨੂੰ ਗੁਰਦੁਆਰਾ ਕਿਆਰਾ ਸਾਹਿਬ, ਪੱਟੀ ਸਾਹਿਬ, ਬਾਲ ਲੀਲਾ ਸਾਹਿਬ, ਮਾਲ ਜੀ ਸਾਹਿਬ ਬਾਰੇ ਕੋਈ ਕੁਝ ਨਹੀਂ ਦੱਸ ਸੱਕਿਆ। ਵੈਸੇ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਹਰ ਇਕ ਗੁਰਦੁਆਰੇ ਦੇ ਨਾਮ ਸੈਂਕੜੇ ਏਕੜ ਜ਼ਮੀਨ ਹੈ। ਸ਼ਾਇਦ ਇਸ ਉੱਤੇ ਸਥਾਨਕ ਲੋਕ ਕਬਜ਼ਾ ਕਰ ਗਏ ਹੋਣਗੇ। ਸ਼੍ਰੀ ਗੁਰੂ ਅਰਜਨ ਦੇਵ ਜੀ ਅਤੇ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗੁਰਦੁਆਰੇ ਵੀ ਸਾਨੂੰ ਨਹੀਂ ਮਿਲੇ।

ਉਸ ਕਸਬੇ ਵਿਚ ਇੱਕ ਚੀਜ਼ ਅੱਛੀ ਲੱਗੀ। ਸਭ ਤਰ੍ਹਾਂ ਦੇ ਮੀਟਰ ਘਰ ਤੋਂ ਬਾਹਰ ਕੰਧ ਉੱਤੇ ਲੱਗੇ ਹੋਏ ਹੁੰਦੇ ਹਨ - ਬਿਜਲੀ, ਪਾਣੀ ਅਤੇ ਗੈਸ (ਜਿਸਨੂੰ ਉਹ ਸੂਈ ਗੈਸ ਆਖਦੇ ਹਨ)। ਪੱਛਮੀ ਦੇਸ਼ਾਂ ਵਾਂਗ ਕੁਕਿੰਗ ਗੈਸ (ਐਲ.ਪੀ.ਜੀ.) ਉੱਥੇ ਪਾਈਪਾਂ ਰਾਹੀਂ ਦਿੱਤੀ ਜਾਂਦੀ ਹੈ। ਮੀਟਰ ਬਾਹਰ ਹੋਣ ਕਰਕੇ ਬਿਜਲੀ ਦੀ ਚੋਰੀ ਦਾ ਡਰ ਵੀ ਘੱਟ ਹੈ ਅਤੇ ਰੀਡਿੰਗ ਲੈਣ ਵਾਲੇ ਨੂੰ ਅੰਦਰ ਵੀ ਨਹੀਂ ਜਾਣਾ ਪੈਂਦਾ। ਮੀਟਰ ਚੋਰੀ ਹੁੰਦੇ ਹਨ ਕਿ ਨਹੀਂ, ਇਸ ਬਾਰੇ ਕੁਝ ਕਹਿ ਨਹੀਂ ਸਕਦੇ। ਸਾਰੇ ਪਾਕਿਸਤਾਨ ਵਿਚ ਹੀ ਇਹੀ ਤਰੀਕਾ ਹੈ।

ਪਾਕਿਸਤਾਨ ਦੇ ਕਿਸੇ ਵੀ ਸ਼ਹਿਰ ਜਾਂ ਕਸਬੇ ਵਿਚ ਇਹ ਬਿਲਕੁਲ ਹੀ ਮਹਿਸੂਸ ਨਹੀਂ ਹੁੰਦਾ ਕਿ ਤੁਸੀਂ ਕਿਸੇ ਬਿਗਾਨੇ ਦੇਸ਼ ਵਿਚ ਹੋ। ਬੋਲੀ ਦਾ ਇੱਕ ਹੋਣਾ ਇਸ ਦਾ ਮੁੱਖ ਕਾਰਨ ਹੈ। ਭਾਰਤ ਨਾਲ ਤਾਂ ਸ਼ੁਰੂ ਤੋਂ ਹੀ ਉਨ੍ਹਾਂ ਦੀ ਦੁਸ਼ਮਣੀ ਚਲੀ ਆ ਰਹੀ ਹੈ, ਪਰ ਰਾਜਨੀਤੀ ਵਸ ਉਹ ਸਿੱਖਾਂ ਨਾਲ ਕੁਝ ਚੰਗਾ ਵਿਵਹਾਰ ਕਰਦੇ ਹਨ। 11 ਤਾਰੀਖ ਨੂੰ ਮੈਂ ਘਰ ਫੋਨ ਕਰਨਾ ਸੀ। ਸੂਰਜ ਚੜ੍ਹਦੇ ਹੀ ਚਲਾ ਗਿਆ। ਗੇਟ ਤੋਂ ਬਾਹਰ ਸਿਰਫ ਇਕ ਐਸ.ਟੀ.ਡੀ. ਸੀ ਅਤੇ ਉੱਥੇ ਕਾਫੀ ਭੀੜ ਸੀ। ਮੈਂ ਕੁਝ ਅੱਗੇ ਜਾ ਕੇ ਕਿਸੇ ਐਸ.ਟੀ.ਡੀ. ਬਾਰੇ ਪੁੱਛਿਆ। ਇਕ ਨੌਜਵਾਨ ਕਹਿੰਦਾ, "ਆਓ ਮੈਂ ਲੈ ਚਲਦਾ ਹਾਂ। ਮੈਂ ਉਸ ਨਾਲ ਗਲੀਆਂ ਵਿਚ ਹੋ ਤੁਰਿਆ। ਹਰ ਜਗ੍ਹਾ ਜਮਾਂਦਾਰ ਝਾੜੂ ਦੇ ਰਹੇ ਸਨ। ਪਤਾ ਨਹੀਂ ਇਹ ਜਥੇ ਆਏ ਕਰਕੇ ਸੀ ਜਾਂ ਕਿ ਉੱਥੇ ਪ੍ਰਬੰਧ ਹੀ ਅੱਛਾ ਹੈ। ਉਸ ਨੌਜਵਾਨ ਨੇ ਗਿਲਾ ਕੀਤਾ ਕਿ ਗੁਰਦੁਆਰੇ ਦੀ ਜ਼ਮੀਨ ਹੋਣ ਕਰਕੇ ਨਨਕਾਣਾ ਸਾਹਿਬ ਵਿਚ ਤਰੱਕੀ ਦੇ ਰਾਹ ਵਿਚ ਬਹੁਤ ਰੁਕਾਵਟਾਂ ਹਨ। ਨਾ ਤਾਂ ਮੈਂ ਹੀ ਵਿਸਤਾਰ ਨਾਲ ਪੁੱਛਿਆ ਅਤੇ ਨਾ ਹੀ ਉਸਨੇ ਹੋਰ ਅੱਗੇ ਦੱਸਿਆ। ਰਸਤੇ ਵਿਚ ਲੜਕੀਆਂ ਦਾ ਹਾਈ ਸਕੂਲ ਆਇਆ। ਖੁਸ਼ੀ ਹੋਈ ਕਿ ਇਹ ਔਰਤਾਂ ਨੂੰ ਪੜ੍ਹਾਉਣ ਵੱਲ ਧਿਆਨ ਦੇ ਰਹੇ ਹਨ। ਉਹ ਮੈਨੂੰ ਇੱਕ ਮਕਾਨ ਦੀ ਬਾਹਰਲੀ ਬੈਠਕ ਵਿਚ ਛੱਡ ਗਿਆ। ਐਸ.ਟੀ.ਡੀ. ਦਾ ਕੋਈ ਬੋਰਡ ਨਹੀਂ ਸੀ, ਪਰ ਉਸਨੇ ਫੋਨ ਮਿਲਾ ਦਿਤਾ। ਕੰਪਿਊਟਰ ਨਾ ਹੋਣ ਕਰਕੇ ਪੈਸੇ ਮਨਮਰਜ਼ੀ ਦੇ ਲਏ। ਬੜਾ ਰੋਅਬਦਾਰ ਆਦਮੀ ਸੀ। ਜਮਾਂਦਾਰ ਉਸਦੇ ਤਰਲੇ ਕੱਢ ਰਿਹਾ ਸੀ ਕਿ ਪਰਚੀ ਬਣਾ ਦਿਓ ਕਿ

ਸਫਾਈ ਠੀਕ ਹੁੰਦੀ ਹੈ।

ਜਦੋਂ ਮੈਂ ਵਾਪਸ ਆਇਆ ਤਾਂ ਪ੍ਰੋ. ਜੌਹਲ ਖਫ਼ਾ ਹੋਏ ਕਿ ਇਸ ਤਰਾਂ ਇਕੱਲੇ ਦੂਰ ਗਲੀਆਂ ਵਿਚ ਜਾਣਾ ਸੁਰੱਖਿਅਤ ਨਹੀਂ। ਕੀ ਪਤਾ ਹੈ ਕਿਸੇ ਦਾ ਪਿਓ ਦਾਦਾ 1947 ਦੇ ਫਸਾਦਾਂ ਵਿਚ ਸਿੱਖਾਂ ਹੱਥੋਂ ਮਾਰਿਆ ਗਿਆ ਹੋਵੇ। ਕਸ਼ਮੀਰ ਵਿਚ ਵੀ ਤਾਂ ਲੋਕ ਮਰ ਰਹੇ ਹਨ। ਐਵੇਂ ਕੋਈ ਬਦਲੇ ਦੀ ਭਾਵਨਾ ਨਾਲ ਛੁਰਾ ਨਾ ਮਾਰ ਦੇਵੇ। ਵਾਕਿਆ ਹੀ ਠੀਕ ਸੀ। ਗਲੀਆਂ ਵਿਚ ਏਨੀ ਦੂਰ ਇਕੱਲੇ ਜਾਣਾ ਸਿਆਣਪ ਨਹੀਂ ਸੀ।

ਉੱਥੇ ਲੰਗਰ ਹਾਲ ਕਾਫ਼ੀ ਵੱਡਾ ਹੈ। ਉਹ ਹਾਲ ਭਰ ਕੇ ਬੂਹੇ ਬੰਦ ਕਰ ਦਿੰਦੇ ਸਨ। ਲੰਗਰ ਛਕ ਕੇ ਸੰਗਤਾਂ ਦੂਜੇ ਪਾਸੇ ਬਾਹਰ ਨਿਕਲ ਜਾਂਦੀਆਂ ਸਨ ਅਤੇ ਬੂਹੇ ਫੇਰ ਖੋਲ੍ਹ ਦਿੱਤੇ ਜਾਂਦੇ ਸਨ। ਇੰਤਜ਼ਾਮ ਅਤੇ ਕੁਕਿੰਗ ਵਧੀਆ ਸੀ।

ਜਿਹੜੇ ਪੈਸੇ ਸਾਥੋਂ ਮੁਕਤਸਰ ਜਮ੍ਹਾਂ ਕਰਵਾਏ ਸਨ, ਉਨ੍ਹਾਂ ਦੀ ਪਾਕਿਸਤਾਨੀ ਕਰੰਸੀ ਸਾਨੂੰ ਨਨਕਾਣਾ ਸਾਹਿਬ ਮਿਲੀ। ਵੈਸੇ ਏਧਰੋਂ ਜਿੰਨੀ ਮਰਜ਼ੀ ਰਕਮ ਲੈ ਜਾਓ, ਕੋਈ ਪਾਬੰਦੀ ਨਹੀਂ। ਪਾਕਿਸਤਾਨੀ ਰੁਪਏ ਦੀ ਕੀਮਤ ਘੱਟ ਹੈ। ਇਸ ਲਈ ਹਰ ਚੀਜ਼ ਦੀ ਪੇਮੈਂਟ ਉਹ ਭਾਰਤੀ ਕਰੰਸੀ ਵਿਚ ਹੱਸ ਕੇ ਲੈ ਲੈਂਦੇ ਹਨ। ਕਈ ਪ੍ਰਾਈਵੇਟ ਏਜੰਟ ਹਰ ਰੋਜ਼ ਦੁਕਾਨਾਂ ਤੇ ਕਰੰਸੀ ਬਦਲ ਕੇ ਦਿੰਦੇ ਹਨ। ਦਿੱਲੀ ਵਾਲਾ ਜਥਾ ਤਾਂ ਹਰ ਰੋਜ਼ ਲੋੜ ਅਨੁਸਾਰ ਬਾਜ਼ਾਰਾਂ 'ਚੋ ਕਰੰਸੀ ਲੈਂਦਾ ਸੀ। ਬਾਅਦ ਵਿਚ ਪਾਕਿਸਤਾਨੀ ਰੁਪਏ ਦੀ ਕੀਮਤ ਘਟ ਜਾਣ ਕਰਕੇ ਉਨ੍ਹਾਂ ਨੂੰ ਵੱਧ ਪੈਸੇ ਮਿਲਦੇ ਰਹੇ। ਸਾਨੂੰ ਇਸ ਸਿਸਟਮ ਦਾ ਪਤਾ ਹੀ ਨਹੀਂ ਸੀ। ਪਾਕਿਸਤਾਨ ਦੇ ਨੋਟਾਂ ਦਾ ਕਾਗਜ਼ ਘਟੀਆ ਹੈ। ਰੰਗ ਆਪਣੇ ਤੋਂ ਵੱਖਰੇ ਹਨ। ਧਿਆਨ ਨਾਲ ਪੇਮੈਂਟ ਕਰਨੀ ਪੈਂਦੀ ਸੀ ਕਿ ਕਿਤੇ ਵੀਹ ਦੇ ਭੁਲੇਖੇ ਸੌ ਦਾ ਨੋਟ ਨਾ ਚਲਾ ਜਾਵੇ। ਵੈਸੇ ਪੈਸੇ ਖਰਚ ਹੁੰਦੇ ਹੀ ਨਹੀਂ ਸਨ। ਬਾਜ਼ਾਰਾਂ ਵਿਚ ਤਾਂ ਚਾਹ, ਕੋਲਡ ਡਰਿੰਕਸ ਤੇ ਆਈਸ ਕਰੀਮ ਤੋਂ ਬਿਨਾਂ ਹੋਰ ਕੁਝ ਖਾ ਪੀ ਹੀ ਨਹੀਂ ਸਕਦੇ। ਲਾਹੌਰ ਪਹੁੰਚਣ ਤੱਕ ਐਵੇਂ ਪੈਸਿਆਂ ਦਾ ਬੋਝ ਹੀ ਚੁੱਕੀ ਫਿਰੇ। ਸ਼ਰਾਬ ਦੇ ਠੇਕੇ ਉਧਰ ਹੈ ਨਹੀਂ। ਗੋਕੀ ਚਰਬੀ ਅਤੇ ਮਾਸ ਤੋਂ ਡਰਦੇ ਢਾਬਿਆਂ ਤੇ ਕੋਈ ਕੁਝ ਨਹੀਂ ਖਾਂਦਾ। ਵਾਪਸ ਭਾਰਤ ਲਿਜਾਣ ਲਈ ਪ੍ਰਸ਼ਾਦ ਦੀਆਂ ਪਰਚੀਆਂ ਨਨਕਾਣਾ ਸਾਹਿਬ ਵਿਚ ਹੀ ਕੱਟ ਰਹੇ ਸਨ। ਪਰ ਪ੍ਰਸ਼ਾਦ ਮਿਲਣਾ ਲਾਹੌਰ ਜਾ ਕੇ ਸੀ। ਇਸ ਵਿਵਸਥਾ ਦਾ ਪਤਾ ਨਹੀਂ ਕੀ ਕਾਰਨ ਸੀ। ਅਸੀਂ ਵੀ 101 ਰੁਪਏ ਦੀਆਂ ਪਰਚੀਆਂ ਕਟਵਾ ਲਈਆਂ। ਬਹੁਤ ਸੰਭਾਲ ਕੇ ਰੱਖਣੀਆਂ ਪਈਆਂ। ਲਾਹੌਰ ਆ ਕੇ ਸੁੱਕ-ਬੂਰੀ ਪੰਜੀਰੀ ਮਿਲੀ। ਬਹੁਤ ਅੱਛੀ ਪੈਕਿੰਗ ਸੀ। ਬਹੁਤ ਸਹੂਲਤ ਰਹੀ।

**ਪੰਜਾ ਸਾਹਿਬ (ਹਸਨ ਅਬਦਾਲ) ਲਈ ਰਵਾਨਗੀ** : ਨਨਕਾਣਾ ਸਾਹਿਬ ਵਿਚ ਸਿਰਫ਼ ਦੋ ਦਿਨ ਦਾ ਪੜਾਅ ਸੀ। ਉਸ ਵਿਚੋਂ ਵੀ ਇੱਕ ਦਿਨ ਗੁਰਦੁਆਰਾ ਸੱਚਾ ਸੌਦਾ ਦਾ ਬੱਸਾਂ ਰਾਹੀਂ ਆਉਣ ਜਾਣ ਸੀ। 11 ਅਪ੍ਰੈਲ ਨੂੰ ਦੁਪਹਿਰੇ ਹੀ ਯਾਤਰੀ ਸਟੇਸ਼ਨ ਤੇ ਜਾਣ ਲੱਗ ਪਏ। ਇਸ ਤੋਂ ਅਗਲੀ ਯਾਤਰਾ ਗੁਰਦੁਆਰਾ ਪੰਜਾ ਸਾਹਿਬ ਦੀ ਸੀ। ਉਥੇ ਪਹੁੰਚਣ ਲਈ ਪਹਿਲਾਂ ਵਾਪਸ ਲਾਹੌਰ ਆਉਣਾ ਸੀ ਅਤੇ ਉੱਥੋਂ ਗੱਡੀਆਂ ਉੱਤਰ-ਪੱਛਮ ਵੱਲ ਨੂੰ ਜਾਂਦੀਆਂ ਸਨ। ਇਹ ਸਫਰ ਕਾਫੀ ਲੰਬਾ ਅਤੇ ਥਕਾ ਦੇਣ ਵਾਲਾ ਸੀ। ਨਨਕਾਣਾ ਸਾਹਿਬ ਤੋਂ ਸਾਡੀ ਗੱਡੀ 5 ਵਜੇ ਸ਼ਾਮ ਚੱਲੀ ਅਤੇ ਪਹਿਲੀ ਵਾਰ ਅਸੀਂ ਕੁਝ ਦੂਰ ਤੱਕ ਪੇਂਡੂ ਇਲਾਕੇ ਵੇਖ ਸਕੇ। ਕਿਤੇ ਕਿਤੇ ਫਸਲਾਂ ਬਹੁਤ ਅੱਛੀਆਂ ਸਨ ਅਤੇ ਕਈ ਥਾਵਾਂ ਬਿਲਕੁਲ ਵੀਰਾਨ ਸਨ। ਟਰੈਕਟਰ ਕਿਤੇ ਵੀ ਵਿਖਾਈ ਨਹੀਂ ਦਿੱਤੇ। ਹੋਣਗੇ ਜ਼ਰੂਰ; ਪਰ ਬਹੁਤ ਹੀ ਘੱਟ। ਰੇਲਵੇ ਲਾਈਨ ਨਾਲ ਕਾਫੀ ਦੂਰ ਸੜਕ ਜਾਂਦੀ ਸੀ। ਪਰ ਟਰੈਫਿਕ ਬਹੁਤ ਘੱਟ ਸੀ। ਇਕ ਦੋ ਕਾਰਾਂ ਅਤੇ ਮੋਟਰ ਸਾਈਕਲ

ਵਿਖਾਈ ਦਿੱਤੇ। ਵੈਸੇ ਉਹ ਪਤਲੀ ਜੇਹੀ ਪੇਂਡੂ ਸੜਕ ਸੀ ਅਤੇ ਹਾਲਤ ਅੱਛੀ ਸੀ।

ਕੁਝ ਪਿੰਡ ਵੀ ਰੇਲਵੇ ਲਾਈਨ ਦੇ ਨਾਲ ਵਿਖਾਈ ਦਿੱਤੇ। ਇੱਕ ਜਗ੍ਹਾ ਮਿੱਟੀ ਘੱਟੇ ਵਾਲੇ ਗਰਾਊਂਡ ਵਿਚ ਬੱਚੇ ਦੇਸੀ ਕ੍ਰਿਕਟ ਖੇਡ ਰਹੇ ਸਨ। ਭਾਰਤ ਵਾਂਗ ਕ੍ਰਿਕਟ ਦਾ ਸ਼ੌਕ ਪਾਕਿਸਤਾਨ ਵਿਚ ਵੀ ਬਹੁਤ ਜ਼ਿਆਦਾ ਹੈ। ਪਿੰਡਾਂ ਦੇ ਅਧਿਕਤਰ ਮਕਾਨ ਕੱਚੇ ਸਨ। ਟੈਲੀਵਿਜ਼ਨ ਦਾ ਐਂਟੇਨਾ ਕਿਸੇ ਘਰ ਉੱਤੇ ਹੀ ਵਿਖਾਈ ਦਿੰਦਾ ਸੀ।

ਇੱਕ ਦ੍ਰਿਸ਼ ਮੈਂ ਕਦੇ ਨਹੀਂ ਭੁੱਲ ਸਕਦਾ। ਇੱਕ ਪਿੰਡ ਰੇਲਵੇ ਲਾਈਨ ਦੇ ਬਹੁਤ ਨੇੜੇ ਸੀ। ਇੱਕ ਮਕਾਨ ਦੀ ਛੱਤ ਉੱਤੇ ਇੱਕ ਬਜ਼ੁਰਗ ਔਰਤ ਦੋਹਾਂ ਬਾਹਾਂ ਨੂੰ ਜ਼ੋਰ ਜ਼ੋਰ ਨਾਲ ਹਿਲਾ ਰਹੀ ਸੀ। ਉਸਦੇ ਚਿੱਟੇ ਕਪੜੇ ਜ਼ੋਰ ਨਾਲ ਖੱਬਿਓਂ-ਸੱਜੇ, ਸੱਜਿਓਂ ਖੱਬੇ ਉਡ ਰਹੇ ਸਨ। ਵਿੱਚੋਂ ਦੀ ਅੱਖਾਂ ਵੀ ਪੂੰਝੀ ਜਾਂਦੀ ਸੀ। ਮੈਂ ਕਿੰਨੀ ਹੀ ਦੇਰ ਤੱਕ ਉਸਨੂੰ ਵੇਖਦਾ ਰਿਹਾ। ਫਿਰ ਸੋਚਦਾ ਰਿਹਾ ਕਿ ਸਿੱਖ ਯਾਤਰੀਆਂ ਦੀ ਗੱਡੀ ਪ੍ਰਤੀ ਉਸਨੂੰ ਏਨਾ ਹੇਜ ਅਤੇ ਮੋਹ ਕਿਉਂ ਸੀ ? ਕੀ ਇਹ ਭਾਰਤ ਵਿੱਚੋਂ ਉਜੜ ਕੇ ਆਏ ਕਿਸੇ ਟੱਬਰ ਵਿੱਚੋਂ ਸੀ ? ਪਾਕਿਸਤਾਨ ਬਣਨ ਵੇਲੇ ਹਜ਼ਾਰਾਂ ਹੀ ਹਿੰਦੂ-ਸਿੱਖ ਲੜਕੀਆਂ ਮੁਸਲਮਾਨਾਂ ਨੇ ਧੱਕੇ ਨਾਲ ਖੋਹ ਲਈਆਂ ਸਨ। ਕੀ ਇਹ ਵਿਚਾਰੀ ਉਨ੍ਹਾਂ ਵਿੱਚੋਂ ਸੀ ? ਕਾਰਨ ਜੋ ਮਰਜ਼ੀ ਹੋਵੇ, ਉਹ ਔਰਤ ਮੇਰੇ ਦਿਮਾਗ ਵਿਚ ਹਮੇਸ਼ਾ ਰਹੇਗੀ। ਜਦੋਂ ਵੀ ਸਿਆਸੀ ਉਥਲ-ਪੁਥਲ ਹੁੰਦੀ ਹੈ, ਸਭ ਤੋਂ ਵੱਧ ਦੁੱਖ ਔਰਤਾਂ ਹੀ ਸਹਿੰਦੀਆਂ ਹਨ। ਹਰ ਦੇਸ਼ ਵਿਚ, ਹਰ ਯੁਗ ਵਿਚ ਇਹ ਦੁਖਾਂਤ ਵਾਪਰਦਾ ਰਿਹਾ ਹੈ। ਮੈਨੂੰ ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਖੱਬਲ' ਯਾਦ ਆਈ। ਇਸ ਘਾਹ ਵਾਂਗ ਔਰਤਾਂ ਹਰ ਜਗ੍ਹਾ ਵਧਦੀਆਂ ਫੁਲਦੀਆਂ ਤਾਂ ਹਨ, ਪਰ ਪੁਰਾਣੀ ਮਿੱਟੀ ਦਾ ਮੋਹ ਨਹੀਂ ਭੁਲਦੀਆਂ।

ਸਾਡੀ ਗੱਡੀ ਅੱਧੀ ਰਾਤ ਨੂੰ ਦੁਬਾਰਾ ਫਿਰ ਲਾਹੌਰ ਦੇ ਬਦਾਮੀ ਬਾਗ ਸਟੇਸ਼ਨ ਤੇ ਆ ਰੁਕੀ। ਉਸ ਦਾ ਨਾਮ ਹੀ ਸੋਹਣਾ ਹੈ। ਆਸੇ ਪਾਸੇ ਬਹੁਤ ਗੰਦਗੀ ਹੈ। ਸਟੇਸ਼ਨ ਦੇ ਨੇੜੇ ਲਾਈਨਾਂ ਉਪਰੋਂ ਲੰਘਦੇ ਫਲਾਈ-ਓਵਰ (ਪੁਲ) ਦੇ ਪਿੱਲਰ ਪਾਥੀਆਂ ਲਗਾ ਕੇ ਸਜਾਏ ਹੋਏ ਹਨ। ਕੁਝ ਦੇਰ ਰੁਕਣ ਤੋਂ ਬਾਅਦ ਅਸੀਂ ਪੰਜਾ ਸਾਹਿਬ ਵੱਲ ਚੱਲ ਪਏ।

**ਹਸਨ ਅਬਦਾਲ ਵੱਲ :** ਲਾਹੌਰ ਤੋਂ ਹਸਨ ਅਬਦਾਲ (ਪੰਜਾ ਸਾਹਿਬ) ਵਾਲੀ ਰੇਲਵੇ ਲਾਈਨ ਬਹੁਤ ਅੱਛੀ ਹੈ ਕਿਉਂਕਿ ਇਸ ਉੱਤੇ ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ (ਰਾਵਲਪਿੰਡੀ) ਆਉਂਦੀ ਹੈ। ਇਹ ਸਫਰ ਤਿੰਨ ਸੌ ਕਿਲੋਮੀਟਰ ਦੇ ਕਰੀਬ ਹੈ ਪਰ ਗੱਡੀਆਂ ਬਹੁਤ ਤੇਜ਼ ਚਲਦੀਆਂ ਹਨ। (ਤਾਂ ਹੀ ਤਾਂ ਪਾਕਿਸਤਾਨ ਦੇ ਫਾਸਟ ਬਾਊਲਰ ਸ਼ੁਆਇਬ ਅਖ਼ਤਰ ਨੂੰ ਕਰਿਕਟ ਦੀ 'ਰਾਵਲਪਿੰਡੀ ਐਕਸਪ੍ਰੈਸ' ਆਖਦੇ ਹਨ)। ਇਸ ਰੇਲ ਮਾਰਗ ਤੇ ਸ਼ਾਹਦਰਾ, ਗੁੱਜਰਾਂਵਾਲਾ, ਗੁਜਰਾਤ, ਰਾਵਲਪਿੰਡੀ ਅਤੇ ਵਜ਼ੀਰਾਬਾਦ ਦੇ ਮੁੱਖ ਸਟੇਸ਼ਨ ਆਉਂਦੇ ਹਨ। ਇਕ ਛੋਟਾ ਜਿਹਾ ਸਟੇਸ਼ਨ 'ਲਾਲਾ ਮੂਸਾ' ਵੀ ਆਉਂਦਾ ਹੈ। ਇਸ ਦਾ ਪੰਜਾਬੀ ਮਨਾਂ ਵਿਚ ਖਾਸ ਸਥਾਨ ਹੈ। ਪਹਿਲਾਂ ਤਾਂ ਨਾਮ ਹੀ ਦਿਲਚਸਪ ਹੈ। ਦੂਜੇ, ਦੇਸ਼ ਦੀ ਵੰਡ ਤੋਂ ਬਾਅਦ ਬਣੀ ਓਮ ਪ੍ਰਕਾਸ਼ ਦੀ ਇੱਕ ਮਸ਼ਹੂਰ ਪੰਜਾਬੀ ਫਿਲਮ (ਸ਼ਾਇਦ 'ਅਸ਼ਟੱਲੀ' ਸੀ) ਵਿਚ ਗੀਤ ਸੀ "ਲਾਲੇ ਨੂੰ ਲੈ ਜਾਓ, ਲਾਲ ਮੂਸੇ"। ਤੀਜੇ, ਪੰਜਾਬੀ ਦੇ ਮਸ਼ਹੂਰ ਲੋਕ ਗਾਇਕ ਆਲਮ ਲੁਹਾਰ ਦੀ ਕਬਰ ਲਾਲਾ ਮੂਸੇ ਵਿੱਚ ਹੈ। ਮੇਰੇ ਲਈ ਇਹ ਛੋਟਾ ਜਿਹਾ ਸਟੇਸ਼ਨ ਰਾਵਲਪਿੰਡੀ ਤੋਂ ਵੀ ਵੱਧ ਮਹੱਤਵ ਰਖਦਾ ਸੀ।

ਰਸਤੇ ਵਿਚ ਗੱਡੀ ਸ਼ਾਇਦ ਇੱਕ ਜਗ੍ਹਾ ਹੀ ਰੁਕੀ ਸੀ। ਓਧਰ ਰੇੜ੍ਹੀਆਂ ਵਾਲੇ ਘੁੰਮ ਫਿਰ ਕੇ ਖਾਣ ਪੀਣ ਦੀਆਂ ਚੀਜ਼ਾਂ ਵੇਚਦੇ ਨਹੀਂ ਵੇਖੇ। ਰਾਤ ਕਰ ਕੇ, ਪੁਲੀਸ ਸੁਰੱਖਿਆ ਕਰ ਕੇ,

ਜਾਂ ਫਿਰ ਰਿਵਾਜ ਹੀ ਨਹੀਂ। ਪਾਕਿਸਤਾਨ ਵਿਚ ਬਿੰਦੀਆਂ ਦੇ ਪੱਤੇ ਨਾਲ ਹਰ ਕੰਮ ਹੋ ਸਕਦਾ ਹੈ। ਔਰਤਾਂ ਨੂੰ ਲਾਉਣ ਦਾ ਸ਼ੌਕ ਹੈ ਅਤੇ ਹਿੰਦੂ ਰਿਵਾਜ ਹੋਣ ਕਰਕੇ ਓਧਰ ਮਿਲਦੀਆਂ ਨਹੀਂ। ਬਿੰਦੀਆਂ ਦੇ ਪੱਤੇ ਚਲਾ ਕੇ ਜੌਹਲ ਸਾਹਿਬ ਖਾਣ ਲਈ ਕੁਝ ਲੈ ਹੀ ਆਉਂਦੇ ਸਨ। ਉਹਨਾਂ ਕੋਲ ਖਾਸੀਆਂ ਖੋਏ ਦੀਆਂ ਪਿੰਨੀਆਂ ਸਨ। ਜ਼ਿਆਦਾ ਕੰਮ ਪਿੰਨੀਆਂ ਨੇ ਹੀ ਦਿੱਤਾ।

**ਸਪੈਸ਼ਲ ਡੱਬੇ** : ਪਾਕਿਸਤਾਨ ਦੀਆਂ ਗੱਡੀਆਂ ਦੇ ਡੱਬਿਆਂ ਦੀ ਹਾਲਤ ਬਹੁਤ ਮਾੜੀ ਹੈ। ਅਸੀਂ ਦਰਵਾਜ਼ੇ ਕੋਲ ਬੈਠੇ ਸੀ। ਉਹ ਦਰਵਾਜ਼ਾ ਗੱਡੀ ਤੁਰਦਿਆਂ ਹੀ ਖੁੱਲ੍ਹ ਜਾਂਦਾ ਸੀ। ਉਸਦੇ ਸਾਹਮਣੇ ਵਾਲੇ ਦਰਵਾਜ਼ੇ ਦਾ ਵੀ ਇਹੀ ਹਾਲ ਸੀ। ਉਨ੍ਹਾਂ ਨੂੰ ਬੰਦ ਕਰਨ ਲਈ ਹੇਠਾਂ ਲੋਹੇ ਦੀਆਂ ਮੋਟੀਆਂ ਪੱਤੀਆਂ ਵੈਲਡ ਕੀਤੀਆਂ ਹੋਈਆਂ ਸਨ ਜੋ ਘੁਮਾ ਕੇ ਦੂਜੇ ਪਾਸੇ ਟਿਕ ਜਾਂਦੀਆਂ ਸਨ। ਉਹ ਬਿਲਕੁਲ ਪੰਜਾਬ ਰੋਡਵੇਜ਼ ਦੀਆਂ ਪੁਰਾਣੀਆਂ ਬੱਸਾਂ ਦੇ ਬੂਹਿਆਂ ਵਾਂਗ ਬੰਦ ਹੁੰਦੀਆਂ ਸਨ। ਉਨ੍ਹਾਂ ਦਿਨਾਂ ਵਿਚ ਬਾਰਸ਼ ਹੋਣ ਅਤੇ ਕਿਧਰੇ ਗੜੇ ਪੈਣ ਕਰਕੇ ਠੰਡ ਕਾਫੀ ਸੀ। ਨਜ਼ਾਰੇ ਵੇਖਣ ਦਾ ਕੋਈ ਨਾ ਕੋਈ ਸ਼ੌਕੀਨ ਬੂਹਾ ਖੋਲ੍ਹ ਕੇ ਖੜ੍ਹ ਜਾਂਦਾ ਸੀ ਅਤੇ ਫਿਰ ਚਿਟਕਣੀਆਂ ਬੰਦ ਕੀਤੇ ਬਿਨਾਂ ਹੀ ਬੂਹਾ ਭੇੜ ਕੇ ਚਲਾ ਜਾਂਦਾ। ਮੈਂ ਸਾਰੀ ਰਾਤ ਚਿਟਕਣੀਆਂ ਘੁਮਾਉਣ ਵਿਚ ਹੀ ਬਿਤਾਈ। ਬਹੁਤੇ ਲੋਕ ਬੈਠੇ ਜਾ ਲੇਟੇ ਸੁੱਤੇ ਪਏ ਸਨ। ਪ੍ਰੋ. ਜੌਹਲ ਦੋ ਸੀਟਾਂ ਵਿਚਾਲੇ ਹੇਠਾਂ ਦਰੀ ਵਿਛਾ ਕੇ ਸੌਂ ਗਏ। ਲੈਟਰੀਨ ਮੇਰੀ ਸੀਟ ਦੇ ਸੱਜੇ ਪਾਸੇ ਸੀ। ਉਸਦਾ ਬੂਹਾ ਵੀ ਅੰਦਰੋਂ ਬੰਦ ਨਹੀਂ ਸੀ ਹੁੰਦਾ ਅਤੇ ਜੇ ਹੋ ਜਾਂਦਾ ਤਾਂ ਬਾਹਰੋਂ ਸਹਿਯੋਗ ਕੀਤੇ ਬਿਨਾਂ ਖੁਲ੍ਹਦਾ ਨਹੀਂ ਸੀ। ਮੈਂ ਤਾਂ ਲੋਕਾਂ ਦੇ ਸੁੱਤਿਆਂ ਹੀ ਟਾਇਲੈਟ ਹੋ ਆਇਆ। ਮਗਰੋਂ ਬੂਹਾ ਭੇੜ ਕੇ ਕੋਈ ਸਾਥੀ ਜਾਂ ਵਾਰੀ ਲੈਣ ਵਾਲਾ ਬਾਹਰ ਪਹਿਰਾ ਦਿੰਦਾ ਸੀ। ਕੁਝ ਦੇਰ ਬਾਅਦ ਪਾਣੀ ਟਾਇਲੈਟ ਦੇ ਫਰਸ਼ ਤੇ ਭਰਨਾ ਸ਼ੁਰੂ ਹੋ ਗਿਆ ਅਤੇ ਬਾਹਰ ਡੱਬੇ ਵਿਚ ਵੀ ਧਾਰਾਂ ਵਗਣੀਆਂ ਸ਼ੁਰੂ ਹੋ ਗਈਆਂ। ਇੱਕ ਘੁੰਮਦੇ ਸਿਪਾਹੀ ਨੂੰ ਮੈਂ ਕਿਹਾ, "ਭਾਈ ਸਾਹਿਬ, ਇਸ ਲੈਟਰੀਨ ਦੇ ਵਾਸ਼ ਬੇਸਨ ਦਾ ਪਾਣੀ ਹੇਠਾਂ ਨਹੀਂ ਡਿੱਗ ਰਿਹਾ। ਕੋਈ ਸਫਾਈ ਕਰਮਚਾਰੀ ਬੁਲ੍ਹਾ ਦਿਓ।" ਉਹ ਬੋਲਿਆ, "ਸਰਦਾਰ ਜੀ, ਤੁਹਾਨੂੰ ਤਾਂ ਸਭ ਤੋਂ ਵਧੀਆ ਡੱਬੇ ਦਿੱਤੇ ਨੇ। ਕਿਸੇ ਮੁਸਾਫਰ ਨੇ ਹੀ ਕੁਝ ਵਿਚ ਸੁਟ ਦਿੱਤਾ ਹੋਣੈ।" ਇਹ ਕਹਿਕੇ ਉਹ ਤੁਰਦਾ ਹੋਇਆ। ਖੁਸ਼ ਕਿਸਮਤੀ ਨਾਲ ਕੁਝ ਦੇਰ ਬਾਅਦ ਉਪਰ ਟੈਂਕੀ ਵਿਚ ਪਾਣੀ ਖਤਮ ਹੋ ਗਿਆ ਅਤੇ ਹੜ੍ਹ ਰੁਕ ਗਿਆ।

**ਹਸਨ ਅਬਦਾਲ** : ਸਾਡੀ ਗੱਡੀ ਸਵੇਰੇ ਪੰਜ' ਕੁ ਵਜੇ ਹਸਨ ਅਬਦਾਲ ਪਹੁੰਚੀ। ਇਹ ਇੱਕ ਇਤਿਹਾਸਿਕ ਕਸਬਾ ਹੈ। ਇਸ ਲਈ ਸਟੇਸ਼ਨ ਦਾ ਨਾਮ ਪੰਜਾ ਸਾਹਿਬ ਨਹੀਂ। ਹਸਨ ਅਬਦਾਲ ਹੈ ਜੋ ਕਿ ਇਸਲਾਮ ਦੀ ਇੱਕ ਬਹੁਤ ਵੱਡੀ ਹਸਤੀ ਦੇ ਨਾਮ ਉੱਤੇ ਹੈ।

ਸਟੇਸ਼ਨ ਤੋਂ ਗੁਰਦੁਆਰਾ ਪੰਜਾ ਸਾਹਿਬ ਨੇੜੇ ਹੀ ਹੈ। ਬੱਸਾਂ ਅਤੇ ਆਟੋ ਰਿਕਸ਼ਾ ਕਾਫ਼ੀ ਸਨ। ਰੇਲਵੇ ਲਾਈਨ ਦੇ ਬਰਾਬਰ ਰਾਵਲਪਿੰਡੀ ਤੋਂ ਪਿਸ਼ਾਵਰ ਅਤੇ ਅੱਗੇ ਕਸ਼ਮੀਰ ਅਤੇ ਕਾਬੁਲ ਨੂੰ ਮਿਲਾਉਣ ਵਾਲੀ ਸੜਕ ਲੰਘਦੀ ਹੈ। ਉਸਨੂੰ ਪਾਰ ਕਰਦੇ ਹੀ ਇੱਕ ਦਮ ਤਿਰਛੀ ਢਲਾਣ ਸ਼ੁਰੂ ਹੋ ਜਾਂਦੀ ਹੈ ਜੋ ਗੁਰਦੁਆਰੇ ਤੱਕ ਜਾਂਦੀ ਹੈ। ਅਸੀਂ ਜਲਦੀ ਅਤੇ ਸੌਖੇ ਹੀ ਆਟੋ ਵਿਚ ਗੁਰੂ ਘਰ ਪਹੁੰਚ ਗਏ।

ਮੇਨ ਗੇਟ ਤੋਂ ਫਿਰ ਥੋੜੀ ਢਲਾਣ ਹੈ। ਅੰਦਰ ਕੁਰਬਲ ਕੁਰਬਲ ਹੋ ਰਹੀ ਸੀ। ਕਮਰੇ ਦੇਣ ਦਾ ਸਿਸਟਮ ਏਥੇ ਵੀ ਉਹੀ ਸੀ – 15' ਕੁ ਪਾਸਪੋਰਟਾਂ ਦੀਆਂ ਰਸੀਦਾਂ। ਮੇਰੇ ਪੁਰਾਣੇ ਦੋਸਤ ਡਾ. ਉਜਾਗਰ ਸਿੰਘ ਬੰਗਾ, ਜੋ ਪੰਜਾਬ ਦੇ ਕਾਲਜਾਂ ਦੇ ਡੀ.ਪੀ.ਆਈ. ਦੇ ਅਹੁਦੇ ਤੋਂ ਰਿਟਾਇਰ ਹੋਏ ਸਨ, ਵੀ ਆਪਣੇ 5-6 ਦੋਸਤਾਂ ਸਮੇਤ ਕਮਰੇ ਲਈ ਸੰਘਰਸ਼ ਕਰ ਰਹੇ ਸਨ।

ਅਸੀਂ ਸੋਚਿਆ ਕਿ ਦਿਨ ਹੋਣ ਕਰਕੇ ਇੱਥੇ ਤਾਂ ਪ੍ਰਬੰਧ ਹੋ ਹੀ ਜਾਵੇਗਾ। ਥੋੜ੍ਹੀ ਦੇਰ ਬਾਅਦ ਉਧਰ ਬੀਬੀ ਦਵਿੰਦਰ ਕੌਰ, ਮੈਂਬਰ ਐਸ.ਜੀ.ਪੀ.ਸੀ. ਆ ਗਏ। 'ਪਾਕਿਸਤਾਨ ਸਿੱਖ ਗੁਰਦੁਆਰਾ ਕਮੇਟੀ' ਵਾਲੇ 'ਐਸ.ਜੀ.ਪੀ.ਸੀ. ਅੰਮ੍ਰਿਤਸਰ' ਵਾਲਿਆਂ ਨਾਲ ਕੋਈ ਰਿਆਇਤ ਕਰਨ ਦੀ ਬਜਾਏ ਸਗੋਂ ਵਿਤਕਰਾ ਕਰਦੇ ਸਨ। ਮੈਂ ਸੋਚਿਆ ਉਹ ਵੀ ਕਮਰੇ ਦੀ ਹੀ ਕੋਸ਼ਿਸ਼ ਕਰ ਰਹੇ ਹੋਣਗੇ। ਪਰ ਪਹਿਲੀ ਗੱਡੀ ਆਏ ਹੋਣ ਕਰਕੇ ਉਹ ਕਮਰਾ ਲੈ ਚੁੱਕੇ ਸਨ। ਉਹ ਬਹੁਤ ਹੀ ਅੱਛੇ, ਸੁਘੜ ਅਤੇ ਸਹਿਯੋਗ ਦੇਣ ਵਾਲੇ ਹਨ। ਉਹ ਬੋਲੇ, "ਵੀਰ ਜੀ, ਸਾਡੇ ਕੋਲ ਕਮਰਾ ਹੈ। 79 ਨੰਬਰ ਕਮਰੇ 'ਚ ਚਲੇ ਜਾਓ।" ਸਾਨੂੰ ਲੱਗਿਆ ਜਿਵੇਂ ਪੰਜਾਬ ਸਰਕਾਰ ਦੀ ਲਾਟਰੀ ਵਿਚ ਪਹਿਲਾ ਇਨਾਮ ਨਿਕਲ ਆਇਆ ਹੋਵੇ।

ਸ਼ਹਿਰ ਦੇ ਵਿਚਾਲੇ ਹੋਣ ਕਰਕੇ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਅਤੇ ਸਰਾਂ ਥੋੜ੍ਹੀ ਜਗ੍ਹਾ ਵਿਚ ਹਨ। ਗੁਰਦੁਆਰਾ ਛੋਟਾ ਪਰ ਬਹੁਤ ਸੁੰਦਰ ਹੈ। 19ਵੀਂ ਸਦੀ ਦੇ ਸ਼ੁਰੂ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਇਆ ਸੀ। ਬਿਲਕੁਲ ਨੇੜੇ ਹੀ ਸਰਾਂ ਹੈ। ਇਹ ਵੀ 1947 ਤੋਂ ਪਹਿਲਾਂ ਦੀ ਬਣੀ ਹੋਈ 'ਐਲ' ਸ਼ੇਪ ਦੀ ਦੋ ਮੰਜ਼ਲੀ ਮਜ਼ਬੂਤ ਇਮਾਰਤ ਹੈ। ਕਮਰੇ ਕਾਫੀ ਵੱਡੇ ਹਨ। 6-7 ਜਣੇ ਅਰਾਮ ਨਾਲ ਪੈ ਸਕਦੇ ਹਨ। ਕਿਸੇ ਇੱਕ ਹੀ ਦਾਨੀ ਸੱਜਣ ਨੇ ਬਣਵਾਈ ਸੀ। ਉਸਦੇ ਨਾਮ ਦਾ ਪੱਥਰ ਵੀ ਲੱਗਿਆ ਹੈ। ਕਮਰੇ ਬਹੁਤ ਹਨ। ਪਰ ਤਿੰਨ ਜਥੇ ਇਕੱਠੇ ਹੋਣ ਕਰਕੇ ਏਥੇ ਵੀ ਕਾਫੀ ਲੋਕ ਛੋਟੇ ਜੇਹੇ ਲਾਅਨ ਉੱਤੇ ਤੰਬੂਆਂ ਵਿਚ ਠਹਿਰੇ ਸਨ। ਵਿਦੇਸ਼ਾਂ ਤੋਂ ਸ਼ਰਧਾਲੂ ਸੱਜਣ ਆਏ ਹੋਏ ਸਨ, ਪਰ ਉਨ੍ਹਾਂ ਨੇ ਤਾਂ ਨਨਕਾਣਾ ਸਾਹਿਬ ਵਾਂਗ ਏਥੇ ਵੀ ਆਪਣਾ ਵੱਖਰਾ ਨਵਾਂ ਆਧੁਨਿਕ ਬਲਾਕ ਬਣਾ ਰੱਖਿਆ ਹੈ। ਨਨਕਾਣਾ ਸਾਹਿਬ ਵਿਚ ਵਿਦੇਸ਼ੀ ਬਲਾਕ ਦੂਰ ਹੈ ਅਤੇ ਦੇਸੀ ਯਾਤਰੀ ਉਸ ਪਾਸੇ ਨੇੜੇ ਹੀ ਨਹੀਂ ਜਾਂਦੇ। ਪਰ ਪੰਜਾ ਸਾਹਿਬ ਵਿਚ ਵਿਦੇਸ਼ੀ ਬਲਾਕ ਨਾਲ ਹੀ ਲਗਦਾ ਹੈ ਅਤੇ ਉਨ੍ਹਾਂ ਦੇ ਬਾਥਰੂਮ ਤਾਂ ਅਸੀਂ ਹਰ ਰੋਜ਼ ਵਰਤ ਲੈਂਦੇ ਸਾਂ।

ਨਹਾ ਧੋ ਕੇ, ਕੱਪੜੇ ਬਦਲ ਕੇ, ਚਾਹ ਪਾਣੀ ਪੀ ਕੇ ਅਸੀਂ ਮੱਥਾ ਟੇਕਣ ਚਲੇ ਗਏ। ਪ੍ਰੋ. ਜੌਹਲ ਤਾਂ ਸੁੱਤੇ ਆਏ ਸਨ ਅਤੇ ਹਨ ਵੀ ਕਰੜੀ ਹੱਡੀ ਦੇ। ਉਹ ਤਾਂ ਯਾਰਾਂ ਦੋਸਤਾਂ ਨਾਲ ਚਲੇ ਗਏ ਅਤੇ ਮੈਂ ਕਮਰੇ ਵਿਚ ਆ ਕੇ ਚਾਦਰ ਤਾਣ ਕੇ ਪੈ ਗਿਆ। ਪਹਿਲੀ ਵਾਰ ਅਹਿਸਾਸ ਹੋਇਆ ਕਿ ਸਿਰ ਉਤੇ ਛੱਤ ਕਿੰਨੀ ਵੱਡੀ ਨਿਆਮਤ ਹੈ।

**ਅਤੀਤ ਦੇ ਪਰਛਾਵੇਂ** : ਮੈਂ ਪਿਆ ਪਿਆ ਸੋਚਦਾ ਰਿਹਾ ਕਿ ਇਸ ਇਤਿਹਾਸਿਕ ਕਸਬੇ ਨੇ ਕਿੰਨਾ ਕੁਝ ਵੇਖਿਆ ਹੈ। ਗੁਰੂ ਨਾਨਕ ਦੇਵ ਜੀ ਦੀ ਚਰਨ ਛੂਹ ਪ੍ਰਾਪਤ ਕੀਤੀ ਹੈ। ਇਸ ਇਲਾਕੇ ਵਿਚ ਹਜ਼ਾਰਾਂ ਸਾਲ ਪਹਿਲਾਂ ਸਿੰਧ ਘਾਟੀ ਸੱਭਿਅਤਾ ਫਲੀ-ਫੁੱਲੀ ਸੀ। ਤਕਸ਼ਿਲਾ (ਟੈਕਸਲਾ) ਦੇ ਥੇਹ ਇੱਥੋਂ ਸਿਰਫ 12 ਮੀਲ ਦੱਖਣ ਪੂਰਬ ਵੱਲ ਸਥਿਤ ਹਨ। ਪੱਛਮ ਵੱਲੋਂ ਆਉਣ ਵਾਲੇ ਸਾਰੇ ਹਮਲਾਵਰ ਇੱਥੋਂ ਹੋ ਕੇ ਲੰਘਦੇ ਸਨ। 1756 ਈਸਵੀ ਵਿਚ ਅਹਿਮਦ ਸ਼ਾਹ ਅਬਦਾਲੀ ਨੇ ਏਥੇ ਪੜਾਅ ਕੀਤਾ ਸੀ। ਗੁਰੂ ਸਾਹਿਬ ਦੇ ਪੰਜੇ ਬਾਰੇ ਸੁਣ ਕੇ ਉਸਨੇ ਇਸਨੂੰ ਮਿਟਾਉਣ ਦੀ ਕੋਸ਼ਿਸ਼ ਵੀ ਕੀਤੀ ਸੀ। ਸਰਬ-ਸਾਂਝੇ ਗੁਰੂ ਦੇ ਪੰਜੇ ਦੇ ਨਿਸ਼ਾਨ ਪ੍ਰਤੀ ਮੁਸਲਮਾਨਾਂ ਵਿੱਚ ਸ਼ਰਧਾ ਉਸਨੂੰ ਰੜਕਦੀ ਸੀ। ਜਿਹੜੇ ਮੁਸਲਮਾਨ ਫ਼ਕੀਰ ਵਲੀ ਕੰਧਾਰੀ ਦੀ ਯਾਦਗਾਰ ਦੀ ਦੇਖ-ਰੇਖ ਕਰਦੇ ਸਨ, ਉਹ ਹੀ ਪੰਜੇ ਦੇ ਨਿਸ਼ਾਨ ਵਾਲੇ ਪੱਥਰ ਦੀ ਵੀ ਦੇਖ-ਰੇਖ ਕਰਦੇ ਸਨ। ਉਨ੍ਹਾਂ ਮੁਸਲਮਾਨ ਫ਼ਕੀਰਾਂ ਅਤੇ ਸ਼ਰਧਾਲੂਆਂ ਨੇ ਹੀ ਅਬਦਾਲੀ ਨੂੰ ਇਸ ਪਵਿੱਤਰ ਪੱਥਰ ਦਾ ਨੁਕਸਾਨ ਕਰਨ ਤੋਂ ਰੋਕਿਆ ਸੀ। ਉਹ ਗੁਰੂ ਨਾਨਕ ਦੇ ਫ਼ਕੀਰ ਕਿਹੇ ਜਾਂਦੇ ਸਨ। ਗੁਰੂ

ਸਾਹਿਬ ਨੇ ਇਸ ਚਸ਼ਮੇ ਅਤੇ ਪਵਿੱਤਰ ਨਿਸ਼ਾਨ ਦੀ ਸੰਭਾਲ ਉਨ੍ਹਾਂ ਨੂੰ ਸੌਂਪੀ ਸੀ ਅਤੇ ਵਲੀ ਕੰਧਾਰੀ ਦੇ ਉਹ ਮੁਰੀਦ ਤਿੰਨ ਸੌ ਸਾਲ ਇਹ ਜ਼ਿੰਮੇਵਾਰੀ ਬਹੁਤ ਸ਼ਰਧਾ, ਸੂਝ ਅਤੇ ਸਿਆਣਪ ਨਾਲ ਨਿਭਾਉਂਦੇ ਰਹੇ। ਮੁੱਢਲੇ ਝਗੜੇ ਤੋਂ ਬਾਅਦ, ਵਲੀ ਕੰਧਾਰੀ ਵੀ ਤਾਂ ਗੁਰੂ ਸਾਹਿਬ ਦਾ ਪ੍ਰਸ਼ੰਸਕ ਬਣ ਗਿਆ ਸੀ। ਧਰਮਾਂ ਦੇ ਸੰਗਮ ਦੀ ਇਹ ਬਹੁਤ ਮਹੱਤਵਪੂਰਣ ਮਿਸਾਲ ਹੈ।

ਇਹ ਕਸਬਾ ਬਾਦਸ਼ਾਹਾਂ ਦਾ ਪੜਾਅ ਰਿਹਾ ਹੈ। ਲੰਘਦੇ ਟਪਦੇ ਅਕਬਰ ਏਥੇ ਸੱਤ ਵਾਰ ਆਇਆ। ਜਹਾਂਗੀਰ ਛੇ ਵਾਰ ਅਤੇ ਸ਼ਾਹ ਜਹਾਂ ਨੌ ਵਾਰ ਆਇਆ। ਔਰੰਗਜ਼ੇਬ ਤਾਂ ਫੌਜੀ ਕਾਰਨਾਂ ਕਰਕੇ 1674 ਈ: ਤੋਂ 1676 ਈਸਵੀ ਵਿਚਕਾਰ ਕੋਈ ਡੇਢ ਸਾਲ ਹਸਨ ਅਬਦਾਲ ਵਿਚ ਹੀ ਰਿਹਾ। ਪਰ ਫ਼ਕੀਰ ਪਰਿਵਾਰ ਨੇ ਪਵਿੱਤਰ ਪੰਜੇ ਦੇ ਨਿਸ਼ਾਨ ਨੂੰ ਕੋਈ ਆਂਚ ਨਹੀਂ ਆਉਣ ਦਿੱਤੀ। 2 ਨਵੰਬਰ 1818 ਨੂੰ ਜਦੋਂ ਮਹਾਰਾਜਾ ਰਣਜੀਤ ਸਿੰਘ ਪਵਿੱਤਰ ਪੰਜੇ ਦੇ ਦਰਸ਼ਨ ਕਰਨ ਆਇਆ ਤਾਂ ਇੱਥੇ ਗੁਰਦੁਆਰੇ ਦੀ ਤਾਮੀਰ ਸ਼ੁਰੂ ਕਰਵਾਈ ਅਤੇ ਇਹ ਪੋਠੋਹਾਰ ਵਿਚ ਸਭ ਤੋਂ ਵੱਡਾ ਤੀਰਥ ਸਥਾਨ ਬਣ ਗਿਆ। ਇਹ ਸਭ ਘਟਨਾਵਾਂ 'ਤਵਾਰੀਖੇ-ਹਸਨ ਅਬਦਾਲ' ਨਾਂ ਦੀ ਵਿਸ਼ਵ-ਪ੍ਰਸਿੱਧ ਪੁਸਤਕ ਵਿਚ ਦਰਜ ਹਨ।

**ਸੁਪਨੇ ਟੁੱਟੇ** : ਮੇਰੇ ਦਿਮਾਗ ਵਿਚ ਇਹ ਸਾਰੇ ਦ੍ਰਿਸ਼ ਘੁੰਮ ਹੀ ਰਹੇ ਸਨ ਕਿ ਪ੍ਰੋ. ਜੌਹਲ ਆ ਗਏ। ਆਪਣੇ ਕਰਾਰੇ ਅੰਦਾਜ਼ 'ਚ ਬੋਲੇ, "ਏਥੇ ਸੌਣ ਆਇਐਂ ? ਉੱਠ ਕਿਧਰੇ ਚੱਲੀਏ। ਸਾਰੇ ਦੋ ਤਿੰਨ ਦਿਨ ਤਾਂ ਠਹਿਰਨਾ ਹੈ।" ਮੈਂ ਛਾਲ ਮਾਰਕੇ ਉੱਠ ਪਿਆ ਅਤੇ ਸੁਪਨੇ ਬਿਖਰ ਗਏ।

ਸਾਡਾ ਕਮਰਾ ਪਹਿਲੀ ਮੰਜ਼ਲ ਤੇ ਸੀ। ਹੇਠਾਂ ਉਤਰੇ ਅਤੇ ਚਾਹ ਵਾਲਿਆਂ ਕੋਲ ਆ ਗਏ। ਸਰਾਂ ਗੁਰਦਵਾਰੇ ਤੋਂ ਪੱਛਮ ਵੱਲ ਥੋੜੀ ਜੇਹੀ ਉੱਚੀ ਜਗ੍ਹਾ ਤੇ ਹੈ। ਉੱਥੇ ਕਈ ਚੀਜ਼ਾਂ ਬਣ ਰਹੀਆਂ ਸਨ-ਪਕੌੜੇ, ਬਰੈੱਡ ਪਕੌੜੇ, ਜਲੇਬੀਆਂ ਅਤੇ ਚਾਹ। ਸ਼ਾਇਦ ਇਹ ਲੋਕ ਠੇਕਾ ਭਰ ਕੇ ਦੁਕਾਨਾਂ ਖੋਲ੍ਹਦੇ ਹਨ। ਰਸੋਈ ਗੈਸ ਪਾਈਪਾਂ ਦੇ ਰਾਹੀਂ ਆਉਣ ਕਰਕੇ ਪਾਕਿਸਤਾਨ ਵਿਚ ਗੈਸ ਸਲੰਡਰ ਸ਼ਾਇਦ ਵਰਤੇ ਹੀ ਨਹੀਂ ਜਾਂਦੇ। ਵੱਡੀਆਂ ਕੜਾਹੀਆਂ ਵਾਲੇ ਤਾਂ ਲੱਕੜ ਬਾਲ ਰਹੇ ਸਨ ਅਤੇ ਚਾਹ ਵਾਲਾ ਸਿੰਘ ਮਿੱਟੀ ਦੇ ਤੇਲ ਵਾਲਾ ਸਟੋਵ ਵਰਤ ਰਿਹਾ ਸੀ। ਚਾਹ ਦੀ ਕਾਫੀ ਮੰਗ ਸੀ ਅਤੇ ਉਹ ਇਕੱਲਾ ਹੀ ਜ਼ਮੀਨ ਤੇ ਥੋੜਾ ਜਿਹਾ ਸਮਾਨ ਰੱਖੀ ਬੈਠਾ ਸੀ। ਕਾਫੀ ਦੇਰ ਲੱਗੀ। ਜੌਹਲ ਸਾਹਿਬ ਨੇ ਉਸਨੂੰ ਗੱਲੀਂ ਲਾ ਲਿਆ। ਉਸ ਦਾ ਨਾਮ ਅਮੋਲਕ ਸਿੰਘ ਸੀ। ਪਿਸ਼ਾਵਰ ਦਾ ਰਹਿਣ ਵਾਲਾ ਸੀ। 30-35 ਸਾਲ ਦਾ ਕਮਜ਼ੋਰ ਅਤੇ ਸ਼ਰੀਫ ਜਿਹਾ ਇਨਸਾਨ ਸੀ। ਬਾਅਦ ਵਿਚ ਉਸਦੀ ਚਾਹ ਸਾਡੇ ਨਾਲ ਹੀ ਚੱਲੀ। ਗੁਰਦੁਆਰਾ ਦੇਹਰਾ ਸਾਹਿਬ, ਲਾਹੌਰ ਅਤੇ ਬਦਾਮੀ ਬਾਗ ਲਾਹੌਰ, ਦੇ ਰੇਲਵੇ ਸਟੇਸ਼ਨ 'ਤੇ ਵੀ ਉਹ ਹਾਜ਼ਰ ਸੀ। ਜੌਹਲ ਸਾਹਿਬ ਨੇ ਉਸ ਨਾਲ ਯਾਰੀ ਗੰਢ ਲਈ ਅਤੇ ਹਰ ਵਾਰ ਲੰਗਰ ਛਕਣ ਵੇਲੇ ਉਸਦੇ ਦੋ ਤਿੰਨ ਚਮਚਿਆਂ ਵਿਚੋਂ ਇੱਕ ਚਮਚਾ ਫੜ ਕੇ ਲੈ ਜਾਂਦੇ ਸਨ ਅਤੇ ਬਾਅਦ ਵਿਚ ਧੋ ਕੇ ਵਾਪਸ ਕਰ ਦਿੰਦੇ। ਉਹ ਕਦੇ ਮੱਥੇ ਵੱਟ ਨਹੀ ਸੀ ਪਾਉਂਦਾ। ਬੋਲਦਾ ਬਹੁਤ ਹੀ ਘੱਟ ਸੀ। ਭਾਰਤ ਲਈ ਸਾਡੀ ਗੱਡੀ ਤੁਰਨ ਵੇਲੇ ਉਹ ਬਦਾਮੀ ਬਾਗ ਲਾਹੌਰ ਸਟੇਸ਼ਨ ਤੇ ਚਾਹ ਦਾ ਕੰਮ ਆਪਣੇ ਸਾਥੀ ਨੂੰ ਸੰਭਾਲ ਕੇ ਕੁਝ ਦੇਰ ਜੌਹਲ ਸਾਹਿਬ ਨਾਲ ਪਲੇਟਫਾਰਮ ਤੇ ਘੁੰਮਦਾ ਰਿਹਾ ਅਤੇ ਉਹ ਪਿਆਰੀ ਜੱਫੀ ਪਾ ਕੇ ਵਿਦਾ ਹੋਏ। ਕਿੱਥੇ ਕਿੱਥੇ ਮਨੁੱਖੀ ਰਿਸ਼ਤਿਆਂ ਦੀਆਂ ਤੰਦਾਂ ਜੁੜ ਜਾਂਦੀਆਂ ਹਨ।

ਏਨੇ ਵਿਚ ਲੰਗਰ ਦਾ ਵੇਲਾ ਹੋ ਗਿਆ। ਪੰਜਾ ਸਾਹਿਬ ਵਿਚ ਸਭ ਤੋਂ ਵੱਡੀ ਕਮੀ ਲੰਗਰ ਹਾਲ ਦੀ ਹੈ। ਲੰਗਰ ਹਾਲ ਹੈ ਹੀ ਨਹੀਂ। ਗੁਰਦੁਆਰਾ ਸਾਹਿਬ ਦੇ ਸਰੋਵਰ ਤੋਂ 15-20 ਫੁੱਟ

ਦੱਖਣ ਵੱਲ ਕੁਝ ਕਮਰੇ ਹਨ। ਸਰੋਵਰ ਵੱਲ ਮੂੰਹ ਕਰਕੇ ਇਨ੍ਹਾਂ ਅੱਗੇ ਵਰਾਂਡਾ ਹੈ। ਬੱਸ ਇਸ ਵਰਾਂਡੇ ਵਿਚ ਹੀ ਦੋ ਲਾਈਨਾਂ ਵਿਚ ਸ਼ਰਧਾਲੂ ਲੰਗਰ ਛੱਕਣ ਲਈ ਬੈਠ ਜਾਂਦੇ ਹਨ। ਕਮਰਿਆਂ ਨੂੰ ਹਮੇਸ਼ਾਂ ਤਾਲੇ ਲੱਗੇ ਹੁੰਦੇ ਸਨ। ਸ਼ਾਇਦ ਉਹ ਸਟੋਰ ਹੋਣਗੇ। ਕੁਝ ਲੋਕ ਪੌੜੀਆਂ ਉੱਤੇ ਬੈਠ ਜਾਂਦੇ ਹਨ। ਕਈ ਲੰਗਰ ਪਵਾ ਕੇ ਬਾਹਰ ਖਲੋ ਕੇ ਹੀ ਛਕ ਲੈਂਦੇ ਹਨ। ਬਹੁਤ ਸਾਰੇ ਲੋਕ ਲੰਗਰ ਦੀਆਂ ਥਾਲੀਆਂ ਸਰਾਂ ਦੇ ਕਮਰਿਆਂ ਵਿਚ ਵੀ ਲੈ ਜਾਂਦੇ ਹਨ।

ਏਥੇ ਲੰਗਰ ਦਾ ਸਾਰਾ ਪ੍ਰਬੰਧ ਸਿੰਧੀ ਹਿੰਦੂਆਂ ਦੇ ਹੱਥ ਸੀ ਜਿਹੜੇ ਗੁਰੂ ਨਾਨਕ ਦੇਵ ਜੀ ਨੂੰ ਸਿੱਖਾਂ ਤੋਂ ਵੀ ਜ਼ਿਆਦਾ ਪੂਜਦੇ ਹਨ। ਉਨ੍ਹਾਂ ਵਿਚ ਅਤਿਅੰਤ ਸ਼ਰਧਾ ਅਤੇ ਸੇਵਾ ਭਾਵ ਸੀ। ਪਰ ਉਨ੍ਹਾਂ ਨੂੰ ਸਹੂਲਤਾਂ ਬਹੁਤ ਘੱਟ ਮਿਲੀਆਂ ਸਨ। ਗੈਸ ਦਾ ਕੋਈ ਪ੍ਰਬੰਧ ਨਹੀਂ ਸੀ। ਬਾਹਰ ਹੀ ਯਾਤਰੀਆਂ ਦੇ ਲਾਂਘੇ ਦੇ ਨਾਲ ਚੁੱਲ੍ਹਿਆਂ ਹੇਠ ਧੀਮੀ ਧੀਮੀ ਅੱਗ ਬਲ ਰਹੀ ਸੀ। ਉਨ੍ਹਾਂ ਨੂੰ ਤਜਰਬੇ ਦੀ ਘਾਟ ਲਗਦੀ ਸੀ। ਐਸ.ਜੀ.ਪੀ.ਸੀ., ਅੰਮ੍ਰਿਤਸਰ ਦੇ ਲਾਂਗਰੀ ਜਥੇ ਨਾਲ ਸਨ ਪਰ ਪਾਕਿਸਤਾਨ ਸਰਕਾਰ ਦੇ ਹੁਕਮਾਂ ਅਨੁਸਾਰ ਉਨ੍ਹਾਂ ਨੂੰ ਸੇਵਾ ਕਰਨ ਦੀ ਇਜਾਜ਼ਤ ਨਹੀਂ ਸੀ। ਸਿੰਧੀ ਸੇਵਕਾਂ ਨੇ ਦਾਲ ਬਣਾਉਣ ਦੀ ਬਜਾਏ ਰਾਜਮਾਂਹ ਬਣਾਏ ਸਨ। ਹੋਰ ਸਬਜ਼ੀਆਂ ਵੀ ਬਣਾਉਂਦੇ ਰਹੇ। ਖੀਰ ਵੀ ਵਰਤਾਉਂਦੇ ਸਨ। ਪਰ ਸਬਜ਼ੀਆਂ ਬਣਨ ਵਿਚ ਦੇਰ ਹੋ ਜਾਂਦੀ ਸੀ ਅਤੇ ਲੋਕ ਕਾਹਲੇ ਪੈ ਜਾਂਦੇ ਸਨ। ਸਿੰਧੀ ਬਹੁਤੇ ਹੀ ਸ਼ਰੀਫ ਲੋਕ ਹਨ। ਕਦੇ ਕਿਸੇ ਨੂੰ ਗਲਤ ਗੱਲ ਤੋਂ ਵੀ ਨਹੀਂ ਟੋਕਦੇ ਸਨ। ਸ਼ਰਾਫਤ ਅਤੇ ਨਰਮੀ ਵੇਖ ਕੇ ਆਪਣੇ ਕੁਝ ਲੋਕ ਉਨ੍ਹਾਂ ਨਾਲ ਵੀ ਗਰਮ ਹੋਣ ਲੱਗ ਪਏ। ਪਰ ਉਹ ਅੱਗੋਂ ਮੁਸਕਰਾਉਂਦੇ ਅਤੇ ਹੱਥ ਹੀ ਜੋੜਦੇ ਰਹਿੰਦੇ ਸਨ। ਪੰਜਾ ਸਾਹਿਬ ਵਿਚ ਚਾਹ ਦਾ ਲੰਗਰ ਵੀ ਸੀ ਅਤੇ ਸਮੇਂ ਸਿਰ ਗਰਮ ਚਾਹ ਤਿਆਰ ਮਿਲਦੀ ਸੀ।

**ਆਲਾ-ਦੁਆਲਾ** : ਹਸਨ ਅਬਦਾਲ ਦਾ ਆਲਾ ਦੁਆਲਾ ਛੋਟੀਆਂ-ਛੋਟੀਆਂ ਖੁਸ਼ਕ ਪਹਾੜੀਆਂ ਨਾਲ ਘਿਰਿਆ ਹੈ। ਉਨ੍ਹਾਂ ਉੱਤੇ ਕੋਈ ਦਰਖਤ ਜਾਂ ਸੰਘਣੀਆਂ ਝਾੜੀਆਂ ਨਹੀਂ। ਪੱਥਰਾਂ ਵਿਚ ਕਾਫੀ ਚੂਨਾ ਹੈ ਜੋ ਬਰਸਾਤੀ ਪਾਣੀ ਨੂੰ ਜਜ਼ਬ ਕਰ ਲੈਂਦਾ ਹੈ। ਮਿੱਟੀ ਭੂਰੀ ਹੈ। ਕਈ ਦਰਿਆਈ ਰੇਤ ਦੇ ਟਿੱਬੇ ਬਹੁਤ ਉੱਚੇ ਅਤੇ ਸਖ਼ਤ ਹਨ। ਅਸੀਂ ਵੇਖਿਆ ਕਿ ਸਟੇਸ਼ਨ ਰੋਡ ਦੇ ਇੱਕ ਪਾਸੇ ਕਿਸੇ ਨੇ ਵੱਡੇ ਟਿੱਲੇ ਵਿਚ ਬੂਹੇ ਵਰਗਾ ਮੋਰਾ ਕੱਢ ਕੇ ਅੰਦਰ ਕਾਫੀ ਦੂਰ ਤੱਕ ਕਈ ਪਸ਼ੂ ਬੰਨ ਰੱਖੇ ਸਨ। ਉਪਰੋਂ ਮਿੱਟੀ ਦੀ ਢਿੱਗ ਡਿੱਗਣ ਦਾ ਕੋਈ ਡਰ ਨਹੀਂ ਸੀ ਲਗਦਾ। ਉਹ ਦਸਦੇ ਸਨ ਕਿ ਇਸ ਇਲਾਕੇ ਦੀ ਮਿੱਟੀ ਅਤੇ ਪਹਾੜੀ ਚੋਟੀਆਂ ਵਿਚ ਬਹੁਤ ਪਾਣੀ ਹੈ। ਕਈ ਥਾਈਂ 7-8 ਫੁੱਟ ਮਿੱਟੀ ਪੁੱਟਣ ਨਾਲ ਹੀ ਪਾਣੀ ਫੁੱਟ ਪੈਂਦਾ ਹੈ। ਇਸ ਲਈ ਇਸ ਇਲਾਕੇ ਵਿਚ ਬਹੁਤ ਸਾਰੇ ਚਸ਼ਮੇ ਹਨ। ਪਰ ਜੋ ਚਸ਼ਮਾ ਗੁਰੂ ਸਾਹਿਬ ਦੀ ਛੋਹ ਪ੍ਰਾਪਤ ਕਰਕੇ ਫੁੱਟਿਆ ਸੀ, ਉਸਦੇ ਮੁਕਾਬਲੇ ਦਾ ਕੋਈ ਵੀ ਨਹੀਂ। ਇਸ ਚਸ਼ਮੇ ਦਾ ਜ਼ਿਕਰ ਕਈ ਪੁਰਾਤਨ ਲਿਖਤਾਂ ਵਿਚ ਆਉਂਦਾ ਹੈ। ਸੰਨ 1581 ਤੋਂ 1592 ਦੇ ਦਰਮਿਆਨ ਬਾਦਸ਼ਾਹ ਅਕਬਰ ਸੱਤ ਵਾਰ ਇਸ ਚਸ਼ਮੇ ਤੇ ਆਇਆ। ਉਸਦੇ ਨਾਲ ਆਏ ਦਰਬਾਰੀ ਲੇਖਕ ਅਬੂ-ਉਲ-ਫਜ਼ਲ ਨੇ 'ਆਈਨੇ-ਏ-ਅਕਬਰੀ' ਅਤੇ 'ਅਕਬਰਨਾਮਾ' ਵਿਚ ਇਸ ਚਸ਼ਮੇ ਦਾ ਜ਼ਿਕਰ ਬਹੁਤ ਹੀ ਖੂਬਸੂਰਤੀ ਨਾਲ ਕੀਤਾ ਹੈ। ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ 30 ਮਈ, 1606 ਈਸਵੀ ਨੂੰ ਸ਼ਹੀਦ ਕਰਵਾ ਦਿੱਤਾ ਸੀ। ਉਹ ਸਿੱਖ ਲਹਿਰ ਨੂੰ ਹਰ ਕੀਮਤ ਤੇ ਕੁਚਲਣਾ ਚਾਹੁੰਦਾ ਸੀ। ਉਹ 29 ਅਪ੍ਰੈਲ 1607 ਨੂੰ ਹਸਨ ਅਬਦਾਲ ਰੁਕਿਆ ਸੀ। ਆਪਣੀ ਸਵੈ-ਜੀਵਨੀ 'ਤੁਜ਼ਕ-ਏ-ਜਹਾਂਗੀਰੀ' ਵਿਚ ਉਸਨੇ ਵੀ ਇਸ ਚਸ਼ਮੇ ਦੀ ਪ੍ਰਸ਼ੰਸਾ ਕੀਤੀ ਹੈ।

ਉਹ ਲਿਖਦਾ ਹੈ, "ਜਿਸ ਜਗ੍ਹਾ ਦੇ ਕਾਰਨ ਇਹ ਸਥਾਨ ਪ੍ਰਸਿੱਧ ਹੈ, ਇਹ ਉਹ ਚਸ਼ਮਾ ਹੈ, ਜੋ ਪਹਾੜੀ ਦੇ ਪੈਰਾਂ ਨੇੜਿਓਂ ਨਿਕਲਦਾ ਹੈ। ਇਸ ਦਾ ਪਾਣੀ ਬੇਹੱਦ ਸਾਫ਼, ਮਿੱਠਾ ਅਤੇ ਨਿਰਮਲ ਹੈ।" ਇਨ੍ਹਾਂ ਲਿਖਤਾਂ ਵਿਚ ਪਵਿੱਤਰ ਪੰਜੇ ਦਾ ਜ਼ਿਕਰ ਨਹੀਂ। ਦੇਖ-ਰੇਖ ਕਰਨ ਵਾਲੇ ਫ਼ਕੀਰਾਂ ਨੇ ਜਹਾਂਗੀਰ ਤੋਂ ਤਾਂ ਜ਼ਰੂਰ ਇਹ ਨਿਸ਼ਾਨ ਗੁਪਤ ਰੱਖਿਆ ਹੋਵੇਗਾ। ਅਕਬਰ ਦੇ ਦਰਬਾਰੀ ਲੇਖਕ ਨੇ ਜਾਂ ਤਾਂ ਇਹ ਨਿਸ਼ਾਨ ਵੇਖਿਆ ਨਹੀਂ ਅਤੇ ਜਾਂ ਇਸ ਦਾ ਮਹੱਤਵ ਨਹੀਂ ਸਮਝਿਆ। ਪਰ ਕਈ ਵਿਦਵਾਨ ਇਨ੍ਹਾਂ ਨੂੰ ਆਧਾਰ ਬਣਾ ਕੇ ਪਵਿੱਤਰ ਪੰਜੇ ਦੇ ਨਿਸ਼ਾਨ ਬਾਰੇ ਸ਼ੰਕਾਵਾਂ ਖੜੀਆਂ ਕਰਦੇ ਰਹਿੰਦੇ ਹਨ।

**ਇੱਕ ਵਿਦਵਾਨ ਦੀ ਰਿਸਰਚ :** ਇੱਕ ਵਿਦਵਾਨ ਸਾਡੇ ਕਮਰੇ ਵਿਚ ਵੀ ਠਹਿਰਿਆ ਹੋਇਆ ਸੀ। ਪਟਿਆਲੇ ਤੋਂ ਆਏ ਹੋਏ ਅੰਮ੍ਰਿਤਧਾਰੀ ਉਹ ਪਤੀ-ਪਤਨੀ ਬਹੁਤ ਧਾਰਮਿਕ ਖਿਆਲਾਂ ਦੇ ਲਗਦੇ ਸਨ। ਪੂਜਾ ਪਾਠ ਬਹੁਤ ਕਰਦੇ ਸਨ। ਉਹ ਨਿਰੋਲ ਸ਼ਰਧਾ ਨਾਲ ਯਾਤਰਾ ਤੇ ਗਏ ਸਨ ਅਤੇ ਉਧਰੋਂ ਕੁਝ ਵੀ ਖਰੀਦ ਕੇ ਨਹੀਂ ਲਿਆਏ। ਪ੍ਰੋ. ਸਾਹਿਬ ਦੀ ਪਤਨੀ ਦੀ ਸਿਹਤ ਠੀਕ ਨਾ ਹੁੰਦੇ ਹੋਏ ਵੀ ਉਹ ਸਿੱਖੀ ਸਿਦਕ ਨਾਲ ਯਾਤਰਾ ਤੇ ਆਈ ਸੀ। ਅਸੀਂ ਉਨ੍ਹਾਂ ਦੀ ਬਹੁਤ ਇੱਜ਼ਤ ਕਰਦੇ ਸਾਂ। ਪਰ ਪ੍ਰੋਫ਼ੈਸਰ ਸਾਹਿਬ ਨੂੰ ਖੋਜ ਦਾ ਬਹੁਤ ਹੀ ਜ਼ਿਆਦਾ ਸ਼ੌਕ ਸੀ। ਉਨ੍ਹਾਂ ਨੂੰ ਪਵਿੱਤਰ ਪੰਜੇ ਦੀ ਅਸਲੀਅਤ ਬਾਰੇ ਸ਼ੱਕ ਸੀ। ਆਪਣੇ ਸ਼ੱਕ ਨੂੰ ਠੀਕ ਸਿੱਧ ਕਰਨਾ ਜਾਂ ਦੂਰ ਕਰਨਾ ਹੀ ਉਨ੍ਹਾਂ ਦੀ ਇਸ ਯਾਤਰਾ ਦਾ ਉਦੇਸ਼ ਲਗਦਾ ਸੀ, ਅਤੇ ਇਸ ਵਿੱਚੋਂ ਪਹਿਲੀ ਗੱਲ ਭਾਰੀ ਲਗਦੀ ਸੀ। ਸਭ ਤੋਂ ਪਹਿਲਾਂ 'ਤਵਾਰੀਖੇ-ਹਸਨ ਅਬਦਾਲ' ਨਾਂ ਦੀ ਕਿਤਾਬ ਲੱਭਣ ਦੀ ਕੋਸ਼ਿਸ਼ ਕੀਤੀ। ਦੁਕਾਨਾਂ ਵਾਲਿਆਂ ਨੇ ਉਸਦਾ ਨਾਮ ਹੀ ਨਹੀਂ ਸੁਣਿਆ ਸੀ। ਫਿਰ ਇਕ ਦੋਸਤ ਨਾਲ ਉੱਥੋਂ ਦੇ ਕਾਲਜ ਗਏ। ਕਾਲਜ ਮੁੰਡਿਆਂ ਦਾ ਸੀ, ਪਰ ਪਤਾ ਨਹੀਂ ਕਿਉਂ, ਉਨ੍ਹਾਂ ਨੇ ਅੰਦਰ ਜਾਣ ਦੀ ਇਜਾਜ਼ਤ ਹੀ ਨਹੀਂ ਦਿੱਤੀ। ਅਖੀਰ ਹੱਲ ਨਿਕਲ ਹੀ ਆਇਆ। ਸਾਡੇ ਨਾਲ ਇੱਕ ਅੰਮ੍ਰਿਤਸਰ ਦੇ ਬਜ਼ੁਰਗ ਸ. ਧਰਮ ਸਿੰਘ ਪੰਨੂ ਸਨ। ਉਹ ਬਹੁਤ ਸੁਲਝੇ ਹੋਏ ਇਨਸਾਨ ਸਨ। ਸਾਡੇ ਉਥੇ ਹੀ ਜਾਣੂ ਹੋਏ ਸਨ। ਪਰ ਵਧੀਆ ਸੁਭਾ, ਆਚਰਣ ਅਤੇ ਪ੍ਰਭਾਵਸ਼ਾਲੀ ਬਾਤਚੀਤ ਨਾਲ ਉਨ੍ਹਾਂ ਨੇ ਸਭ ਦੇ ਦਿਲ ਜਿੱਤ ਲਏ ਸਨ। ਉਨ੍ਹਾਂ ਨੇ ਇੱਕ ਸੀਨੀਅਰ ਸਥਾਨਕ ਅਫ਼ਸਰ ਦੀ ਨਿੱਜੀ ਲਾਇਬ੍ਰੇਰੀ ਵਿਚੋਂ ਉਹ ਕਿਤਾਬ ਮੰਗਵਾ ਲਈ। ਲੋੜੀਂਦੇ ਚੈਪਟਰ ਫੋਟੋ ਸਟੈਟ ਕਰਵਾ ਕੇ ਉਹ ਕਿਤਾਬ ਵਾਪਸ ਕਰ ਦਿੱਤੀ। ਇਹ ਪਤਾ ਨਹੀਂ ਕਿ ਪ੍ਰੋਫ਼ੈਸਰ ਸਾਹਿਬ ਦਾ ਮੰਤਵ ਉਸ ਕਿਤਾਬ ਰਾਹੀਂ ਪੂਰਾ ਹੋਇਆ ਕਿ ਨਹੀਂ। ਪਟਿਆਲੇ ਜਾ ਕੇ ਕਿਸੇ ਤੋਂ ਉਰਦੂ ਪੜ੍ਹਵਾਉਣੀ ਸੀ। ਵਿਦਵਾਨ ਪ੍ਰੋਫ਼ੈਸਰ ਦੀ ਪਹਿਲੀ ਕੋਸ਼ਿਸ਼ ਇਹ ਸਿੱਧ ਕਰਨ ਦੀ ਸੀ ਕਿ ਪੱਥਰ ਰਿੜ੍ਹ ਕੇ ਏਥੇ ਆ ਹੀ ਨਹੀਂ ਸਕਦਾ ਸੀ। ਵਲੀ ਕੰਧਾਰੀ ਦੀ ਇਬਾਦਤ ਕਰਨ ਵਾਲੀ ਥਾਂ ਅਤੇ ਰਿਹਾਇਸ਼ ਜਿਸ ਸਥਾਨ ਤੇ ਸੀ, ਉਹ ਵਾਕਿਆ ਹੀ ਖਾਸੀ ਉਚਾਈ ਉੱਤੇ ਹੈ। ਜ਼ਮੀਨ ਤੋਂ ਪਹਾੜੀ ਪਗਡੰਡੀ ਰਾਹੀਂ ਕੋਈ ਸਵਾ ਕਿਲੋਮੀਟਰ ਰਸਤਾ ਹੈ ਅਤੇ 950 ਫੁੱਟ ਦੀ ਉਚਾਈ ਹੈ। ਉਸ ਤੋਂ ਹੇਠਾਂ ਨੂੰ ਵਿਚਾਲੇ ਇੱਕ ਹੋਰ ਛੋਟੀ ਜਿਹੀ ਚੋਟੀ ਆ ਜਾਂਦੀ ਹੈ। ਪ੍ਰੋਫ਼ੈਸਰ ਸਾਹਿਬ ਖੁਸ਼ ਹੋ ਗਏ ਕਿ ਉਨ੍ਹਾਂ ਦਾ ਕੰਮ ਬਣ ਗਿਆ।

ਦਰਅਸਲ, ਉਹ ਗਲਤ ਸਨ। ਵਲੀ ਕੰਧਾਰੀ ਆਪਣੇ ਸ਼ਰਧਾਲੂਆਂ ਨੂੰ ਹੇਠਲੀ ਚੋਟੀ ਉੱਤੇ ਆ ਕੇ ਮਿਲਦਾ ਹੁੰਦਾ ਸੀ। ਉੱਥੇ ਲਗਭਗ ਇੱਕ ਕਨਾਲ ਜਗ੍ਹਾ ਪੱਧਰ ਹੈ ਅਤੇ ਕਾਫ਼ੀ ਲੋਕ ਬੈਠ ਸਕਦੇ ਹਨ। ਇਹ ਜਗ੍ਹਾ 'ਤਖਤ ਅਬਦਾਲ' ਦੇ ਨਾ ਨਾਲ ਜਾਣੀ ਜਾਂਦੀ ਸੀ। ਵਲੀ ਕੰਧਾਰੀ ਦੀ ਰਿਹਾਇਸ਼ ਵਾਲੀ ਬੈਠਕ ਤੋਂ ਇਹ 787 ਫੁੱਟ ਨੀਵੀਂ ਹੈ। ਕੁਦਰਤੀ ਤੌਰ 'ਤੇ ਇਸ

ਨੀਵੀਂ ਚੋਟੀ ਉੱਤੇ ਹੀ ਉਸਦਾ ਪਾਣੀ ਦਾ ਭੰਡਾਰ ਸੀ ਜਿੱਥੇ ਭਾਈ ਮਰਦਾਨਾ ਪਾਣੀ ਵਾਸਤੇ ਗਏ ਸਨ। ਵਲੀ ਕੰਧਾਰੀ ਸਿਰਫ ਸ਼ਰਧਾਲੂਆਂ ਨੂੰ ਮਿਲਣ ਹੀ ਹੇਠਾਂ ਉਤਰਦਾ ਸੀ। ਇਸ ਲਈ ਮਰਦਾਨੇ ਦੇ ਉਸ ਕੋਲ ਜਾਣ ਸਮੇਂ ਕਾਫੀ ਸ਼ਰਧਾਲੂ ਵੀ ਉਥੇ ਹਾਜ਼ਰ ਹੋਣਗੇ। ਗੁਰੂ ਸਾਹਿਬ ਵੱਲ ਪੱਥਰ ਰੇੜ੍ਹਨ ਵੇਲੇ ਵਲੀ ਕੰਧਾਰੀ ਦੀ ਸਹਾਇਤਾ ਲਈ ਉਸਦੇ ਸ਼ਰਧਾਲੂ ਵੀ ਜ਼ਰੂਰ ਨਾਲ ਲੱਗੇ ਹੋਣਗੇ। ਪੱਥਰ ਵੀ ਬਹੁਤ ਵੱਡਾ ਹੋਵੇਗਾ ਅਤੇ ਹੇਠਾਂ ਨੂੰ ਆਉਂਦਾ ਵੱਡਾ ਪੱਥਰ ਆਪਣੇ ਆਪ ਰਫ਼ਤਾਰ ਫੜ ਜਾਂਦਾ ਹੈ। ਇਹ ਥਾਂ ਪਵਿੱਤਰ ਪੰਜੇ ਦੇ ਨਿਸ਼ਾਨ ਤੋਂ ਬਹੁਤ ਨੇੜੇ ਹੈ। 'ਤਖਤ ਅਬਦਾਲ' ਵਾਲੀ ਥਾਂ ਹੁਣ ਪਾਣੀ ਦੀ ਬਹੁਤ ਵੱਡੀ ਟੈਂਕੀ ਹੈ। ਰਸਤੇ ਵਿਚ ਕੋਈ ਰੁਕਾਵਟ ਨਹੀਂ। ਪੱਥਰ ਅਸਾਨੀ ਨਾਲ ਇੱਥੇ ਪਹੁੰਚ ਸਕਦਾ ਸੀ। ਉਸ 'ਵਿਦਵਾਨ' ਨੂੰ ਸਹਿਮਤ ਹੋਣਾ ਹੀ ਪਿਆ।

ਸਵੇਰ ਹੁੰਦੇ ਹੀ ਪ੍ਰੋ. ਸਾਹਿਬ ਨੇ ਸਾਡੇ ਇੱਕ ਸਾਥੀ, ਪ੍ਰਿਤਪਾਲ ਸਿੰਘ ਭੁੱਲਰ, ਨੂੰ ਨਾਲ ਲਿਆ ਅਤੇ ਉਨ੍ਹਾਂ ਚੋਟੀਆਂ ਵੱਲ ਚੱਲ ਪਏ। ਭੁੱਲਰ ਸਾਹਿਬ ਉਰਦੂ ਜਾਣਦੇ ਸਨ। ਉਹ ਵਲੀ ਕੰਧਾਰੀ ਦੀ ਉੱਪਰ ਵਾਲੀ ਬੈਠਕ ਤੱਕ ਗਏ। ਉੱਥੇ ਬੋਰਡ ਲੱਗਿਆ ਹੋਇਆ ਸੀ ਜਿਸ ਵਿਚ ਵਲੀ ਕੰਧਾਰੀ ਬਾਰੇ ਅਤੇ ਹੇਠਲੀ ਚੋਟੀ ਉੱਤੇ ਗੁਰੂ ਨਾਨਕ ਦੇ ਇਕ ਸਾਥੀ ਦੇ ਪਾਣੀ ਵਾਸਤੇ ਵਲੀ ਕੰਧਾਰੀ ਕੋਲ ਆਉਣ ਬਾਰੇ ਲਿਖਿਆ ਹੋਇਆ ਸੀ। ਪੱਥਰ ਰੇੜ੍ਹਨ ਬਾਰੇ ਅਤੇ ਪੰਜੇ ਦੇ ਨਿਸ਼ਾਨ ਬਾਰੇ ਵੀ ਲਿਖਿਆ ਸੀ। ਵਲੀ ਕੰਧਾਰੀ ਦਾ ਚਸ਼ਮਾ ਗੁਰੂ ਸਾਹਿਬ ਵੱਲੋਂ ਹੇਠਾਂ ਖਿੱਚਣ ਬਾਰੇ ਵੀ ਲਿਖਿਆ ਸੀ। ਪਰ ਨਾਲ ਇਹ ਵੀ ਲਿਖ ਦਿੱਤਾ ਕਿ ਇਹ ਸਿੱਖਾਂ ਦਾ ਅਕੀਦਾ ਹੈ। ਅੰਤ ਵਿਚ ਲਿਖਿਆ ਸੀ ਕਿ ਵਲੀ ਕੰਧਾਰੀ ਅਤੇ ਗੁਰੂ ਨਾਨਕ ਦਰਮਿਆਨ ਸੁਲਾਹ ਹੋ ਜਾਣ ਤੋਂ ਬਾਅਦ ਗੁਰੂ ਸਾਹਿਬ ਨੇ ਕਿਹਾ ਸੀ ਕਿ ਜਿਹੜਾ ਸ਼ਰਧਾਲੂ ਸਿੱਖ ਪੰਜਾ ਸਾਹਿਬ ਆਵੇ ਉਹ ਵਲੀ ਕੰਧਾਰੀ ਦੀ ਬੈਠਕ ਤੇ ਵੀ ਜ਼ਰੂਰ ਜਾਵੇ। ਇਹ ਸੱਚ ਵੀ ਹੋ ਸਕਦਾ ਹੈ ਅਤੇ ਵਲੀ ਕੰਧਾਰੀ ਦੇ ਸਥਾਨ ਦੀ ਦੇਖ-ਰੇਖ ਕਰਨ ਵਾਲਿਆਂ ਦੀ ਦੁਨਿਆਵੀ ਸਿਆਣਪ ਵੀ ਹੋ ਸਕਦੀ ਹੈ।

ਇਸ ਬੋਰਡ ਦੀ ਲਿਖਤ ਵਿਚ ਇੱਕ ਨੁਕਤਾ ਬਹੁਤ ਧਾਰਮਿਕ ਤੰਗਦਿਲੀ ਵਾਲਾ ਹੈ। ਹੇਠਲੀ ਚੋਟੀ ਉੱਤੇ ਖੁੱਲ੍ਹੀ ਥਾਂ ਹੋਣ ਕਰਕੇ ਹੁਣ ਕਸਬੇ ਲਈ ਪਾਣੀ ਦੀ ਕਾਫ਼ੀ ਵੱਡੀ ਟੈਂਕੀ ਬਣਾਈ ਹੋਈ ਹੈ। ਹੇਠੋਂ ਬਿਜਲੀ ਦੀਆਂ ਮੋਟਰਾਂ ਨਾਲ ਉਸ ਵਿਚ ਪਾਣੀ ਭਰਿਆ ਜਾਂਦਾ ਹੈ। ਬੋਰਡ ਉੱਤੇ ਲਿਖਿਆ ਹੈ ਕਿ ਵਲੀ ਕੰਧਾਰੀ ਦੇ ਅਸਥਾਨ ਤੇ ਵਾਪਸ ਪਾਣੀ ਭੇਜ ਕੇ ਕਮੇਟੀ ਵਾਲਿਆਂ ਨੇ ਉਸ ਵਲੀ ਦਾ ਕਰਜਾ ਮੋੜ ਦਿੱਤਾ ਹੈ। ਪਰ ਕਿਸ ਤਰ੍ਹਾਂ ? ਗੁਰੂ ਨਾਨਕ ਦੇਵ ਜੀ ਦੇ ਚਸ਼ਮੇ ਵਿੱਚੋਂ ਤਾਂ ਪਾਣੀ ਉਨੀ ਹੀ ਤੇਜ਼ੀ ਨਾਲ ਅਤੇ ਭਾਰੀ ਮਾਤਰਾ ਵਿਚ ਆਉਂਦਾ ਹੈ ਜਿੰਨਾ ਸਦੀਆਂ ਤੋਂ ਆਉਂਦਾ ਰਿਹਾ ਹੈ। ਗੁਰਦੁਆਰੇ ਦੇ ਨੇੜੇ ਕੋਈ ਮੋਟਰਾਂ ਨਹੀਂ ਜਿਹੜੀਆਂ ਉੱਪਰ ਨੂੰ ਪਾਣੀ ਪੰਪ ਕਰਦੀਆਂ ਹੋਣ। ਟੈਂਕੀ ਵਿਚ ਹੋਰ ਚਸ਼ਮਿਆਂ ਦਾ ਪਾਣੀ ਜਾਂਦਾ ਹੈ।

ਖੋਜੀ ਪ੍ਰੋਫੈਸਰ ਨੇ ਹੁਣ ਪੰਜੇ ਦੇ ਨਿਸ਼ਾਨ ਵੱਲ ਧਿਆਨ ਮੋੜਿਆ। ਉਹ ਕਈ ਵਾਰ ਗਹੁ ਨਾਲ ਵੇਖ ਕੇ ਆਇਆ। ਇੱਕ ਦਿਨ ਉਸਦੇ ਚਿਹਰੇ ਤੇ ਏਨੀ ਰੌਣਕ ਆ ਗਈ ਜਿੰਨੀ ਮਸ਼ਹੂਰ ਵਿਗਿਆਨੀ ਆਰਕੀਮੀਡੀਜ਼ ਨੂੰ ਧਾਤੂਆਂ ਦੀ ਸ਼ੁੱਧਤਾ ਜਾਣਨ ਦਾ ਸਿਧਾਂਤ ਪਤਾ ਲੱਗਣ ਤੇ ਆਈ ਹੋਵੇਗੀ। ਉਸਨੇ "ਯੁਰੇਕਾ, ਯੁਰੇਕਾ" (ਲੱਭ ਗਿਆ) ਦੀਆਂ ਚੀਕਾਂ ਤਾਂ ਨਹੀਂ ਮਾਰੀਆਂ, ਪਰ ਉਸ ਦੀ ਖੁਸ਼ੀ ਦੀ ਕੋਈ ਹੱਦ ਨਹੀਂ ਸੀ। ਉਹ ਕਹਿਣ ਲੱਗਾ, "ਇਹ ਪੰਜੇ ਦੇ ਨਿਸ਼ਾਨ ਵਾਲਾ ਛੋਟਾ ਟੁਕੜਾ ਕਿਸੇ ਨੇ ਪੱਥਰ ਵਿਚ ਆਰਪਾਰ ਮੋਰਾ ਕੱਢ ਕੇ ਫਿੱਟ ਕੀਤਾ ਹੈ।" ਉਸਦਾ ਤਰਕ ਇਹ ਸੀ ਕਿ ਪੰਜੇ ਦੇ ਨਿਸ਼ਾਨ ਤੋਂ ਥੋੜੀ ਦੂਰੀ ਤੇ ਚਾਰੇ ਪਾਸੇ ਚੂਨੇ ਦੀ ਧਾਰੀ ਸੀ। ਸੀਮੈਂਟ

ਆਉਣ ਤੋਂ ਪਹਿਲਾਂ ਰੋੜਾਂ ਨੂੰ ਸਾੜ ਕੇ ਬਣਾਇਆ ਚੂਨਾ ਹੀ ਸੀਮੇਂਟ ਦਾ ਕੰਮ ਦਿੰਦਾ ਸੀ। ਬੱਸ ਜੇ ਪੱਥਰ ਦੇ ਪਿਛਲੇ ਪਾਸੇ ਵੀ ਇਸੇ ਤਰ੍ਹਾਂ ਧਾਰੀਆਂ ਹੋਈਆਂ ਤਾਂ ਉਸ ਦੀ ਥਿਓਰੀ ਦੀ ਪੁਸ਼ਟੀ ਹੋਣ ਦਾ ਉਸ ਨੂੰ ਯਕੀਨ ਸੀ। ਉਸਨੇ ਦੇਰ ਰਾਤ ਨੂੰ ਇਕ ਫੋਟੋਗ੍ਰਾਫ਼ਰ ਲੈ ਆਂਦਾ। ਉਸ ਨੇ ਪਵਿੱਤਰ ਪੰਜੇ ਦੀ ਫੋਟੋ ਖਿੱਚੀ। ਪਿਛਲੇ ਪਾਸੇ ਬੀਬੀਆਂ ਦੇ ਇਸ਼ਨਾਨ ਕਰਨ ਵਾਲੀ ਥਾਂ ਹੈ। ਰਾਤ ਨੂੰ ਉੱਥੇ ਕੋਈ ਨਹੀਂ ਸੀ। ਪ੍ਰੋਫੈਸਰ ਨੇ ਆਪਣੀ ਬੀਮਾਰ ਪਤਨੀ ਨੂੰ ਬਾਹਰ ਪਹਿਰਾ ਦੇਣ ਲਈ ਖੜਾ ਕਰ ਦਿੱਤਾ ਅਤੇ ਆਪ ਬੀਬੀਆਂ ਵਾਲੇ ਪੌਣੇ ਵਿਚ ਘੁਸ ਗਿਆ। ਟੌਰਚ ਜਗ੍ਹਾ ਕੇ ਬਹੁਤ ਗੌਰ ਨਾਲ ਨਿਰਖ ਕੀਤੀ, ਪਰ ਦੂਜੇ ਪਾਸੇ ਚੂਨੇ ਦੀਆਂ ਧਾਰੀਆਂ ਨਹੀਂ ਸੀ। ਉਹ ਨਿਰਾਸ਼ ਹੋ ਕੇ ਬਾਹਰ ਨਿਕਲ ਆਇਆ ਅਤੇ ਫੋਟੋਗ੍ਰਾਫ਼ਰ ਨੂੰ ਭੇਜ ਦਿੱਤਾ। ਪੰਜੇ ਦੀ ਫੋਟੋ ਉੱਤੇ ਉਸਦੇ ਦੋ ਕੁ ਸੌ ਰੁਪਏ ਖਰਚ ਹੋਏ। ਅਸੀਂ ਬਾਅਦ ਵਿਚ ਉਸ ਨਾਲੋਂ ਵੀ ਵੱਧ ਸਾਫ਼ ਫੋਟੋ ਦਸ ਰੁਪਏ ਵਿੱਚ ਦੁਕਾਨ ਤੋਂ ਖਰੀਦ ਲਈ।

ਉਹ ਬਹੁਤ ਜ਼ਿੱਦੀ ਕਿਸਮ ਦਾ ਆਦਮੀ ਸੀ। ਹੁਣ ਪੈਂਤਰਾ ਬਦਲ ਕੇ ਕਹਿਣ ਲੱਗਾ ਕਿ ਸਿਰਫ ਅਗਲੇ ਪਾਸਿਓਂ ਕੁਝ ਦੂਰ ਤੱਕ ਮੋਰਾ ਕੱਢ ਕੇ ਇਹ ਪੰਜਾ ਬਣਾਇਆ ਗਿਆ ਹੈ। ਅਸੀਂ ਕਿਹਾ, "ਪ੍ਰੋਫੈਸਰ ਸਾਹਿਬ, ਜੇ ਇਹ ਪੰਜੇ ਦਾ ਨਿਸ਼ਾਨ ਕਿਸੇ ਨੇ ਬਣਾਉਣਾ ਸੀ ਤਾਂ ਉਹ ਸਿੱਧਾ ਪੱਥਰ ਉੱਤੇ ਹੀ ਬਣਾ ਸਕਦਾ ਸੀ। ਮੋਰਾ ਕੱਢ ਕੇ ਪਾਉਣ ਦੀ ਕੀ ਲੋੜ ਸੀ ?"

"ਪਰ ਜੋ ਮਰਜ਼ੀ ਹੋਵੇ, ਚੂਨੇ ਦੀਆਂ ਧਾਰੀਆਂ ਮੇਰੀ ਗੱਲ ਦੀ ਪੁਸ਼ਟੀ ਕਰਦੀਆਂ ਹਨ।" ਉਹ ਮੁਸਕਰਾ ਕੇ ਬੋਲਿਆ। "ਇਸ ਬੰਦੇ ਦੇ ਪੱਥਰ ਵਰਗੇ ਦਿਮਾਗ ਵਿੱਚ ਕੋਈ ਦਲੀਲ ਨਿਸ਼ਾਨ ਨਹੀਂ ਛੱਡਦੀ।" ਇਹ ਸੋਚ ਕੇ ਅਸੀਂ ਚੁੱਪ ਕਰਕੇ ਸੌਂ ਗਏ।

ਮੈਂ ਕੋਈ ਕੱਟੜ ਸਿੱਖ ਨਹੀਂ। ਤਰਕਸ਼ੀਲ ਹੋਣ ਦੀ ਮੈਂ ਪ੍ਰਸ਼ੰਸ਼ਾ ਕਰਦਾ ਹਾਂ ਪਰ ਇਹ ਵਿਦਵਾਨ ਤਾਂ "ਕੋ ਨਾ ਮਾਨੂੰ" ਵਾਲੀ ਰਟ ਲਾਈ ਬੈਠਾ ਸੀ। ਅਗਲੀ ਸਵੇਰ ਜਦੋਂ ਅਸੀਂ ਸਰੋਵਰ ਵਿਚ ਇਸ਼ਨਾਨ ਕਰਨ ਗਏ ਤਾਂ ਮੈਂ ਫਰਸ਼ ਅਤੇ ਖਾਸ ਤੌਰ 'ਤੇ ਕੋਲ ਦੀ ਲੱਗਦੇ ਇਕ ਹੋਰ ਚਸ਼ਮੇ ਤੱਕ ਹੇਠਾਂ ਜਾਂਦੀਆਂ ਪੌੜੀਆਂ ਦੇ ਪੱਥਰਾਂ ਨੂੰ ਧਿਆਨ ਨਾਲ ਵੇਖਿਆ। ਸਥਾਨਕ ਪੱਥਰਾਂ ਦੀਆਂ ਪੌੜੀਆਂ ਸਨ ਅਤੇ ਸਾਰੇ ਪੱਥਰਾਂ ਵਿਚ ਹੀ ਚੂਨੇ ਦੀਆਂ ਧਾਰੀਆਂ ਸਨ, ਬਿਲਕੁਲ ਕੁਦਰਤੀ। ਇਸ਼ਨਾਨ ਕਰਨ ਤੋਂ ਬਾਅਦ ਮੈਂ ਜਾ ਕੇ ਉਸ 'ਵਿਦਵਾਨ' ਪ੍ਰੋਫ਼ੈਸਰ ਨੂੰ ਲਿਆਇਆ ਅਤੇ ਸਾਰੇ ਸਥਾਨਕ ਪੱਥਰਾਂ ਵਿਚ ਕੁਦਰਤੀ ਤੌਰ 'ਤੇ ਬਣੀਆਂ ਚੂਨੇ ਦੀਆਂ ਧਾਰੀਆਂ ਵਿਖਾਈਆਂ। ਉਹ ਧਿਆਨ ਨਾਲ ਵੇਖ ਕੇ ਚੁੱਪ ਕਰ ਰਿਹਾ। ਪਤਾ ਨਹੀਂ ਉਸਨੂੰ ਆਪਣੀ ਗੱਲ ਗਲਤ ਹੋਣ ਬਾਰੇ ਅਹਿਸਾਸ ਹੋਇਆ ਕਿ ਨਹੀਂ। ਸ਼ਾਇਦ ਉਹ ਕੋਈ ਡਿਗਰੀ ਕਮਾਉਣ ਲਈ ਇਹ ਜ਼ਿਦ ਫੜੀ ਬੈਠਾ ਸੀ। ਵਰਨਾ ਮੇਰੇ ਨਾਲੋਂ ਤਾਂ ਉਹ ਕਿਤੇ ਪੱਕਾ ਸਿੱਖ ਜਾਪਦਾ ਸੀ। ਬਾਕੀ ਯਾਤਰਾ ਵਿਚ ਅਸੀਂ ਇਸ ਬਾਰੇ ਹੋਰ ਕੋਈ ਗੱਲ ਨਹੀਂ ਕੀਤੀ। ਪਟਿਆਲੇ ਜਾ ਕੇ ਉਸਨੇ ਆਪਣੀ ਇਸ 'ਰਿਸਰਚ' ਬਾਰੇ ਕੀ ਲਿਖਿਆ ਹੋਣਾ ਹੈ, ਮੈਨੂੰ ਬਿਲਕੁਲ ਵੀ ਪਤਾ ਨਹੀਂ।

**ਮੇਰਾ ਵਿਚਾਰ** : ਪਵਿੱਤਰ ਪੰਜੇ ਦੇ ਨਿਸ਼ਾਨ ਬਾਰੇ ਮੇਰਾ ਕੀ ਵਿਚਾਰ ਹੈ ? ਧਰਮ, ਅਧਿਆਤਮਕਤਾ ਅਤੇ ਦੈਵੀ ਸ਼ਕਤੀ ਬਾਰੇ ਮੇਰਾ ਗਿਆਨ ਬਹੁਤ ਘੱਟ ਹੈ। ਗਿਆਨ, ਵਿਗਿਆਨ ਦੀ ਕੁਝ ਤਰੱਕੀ ਦੇ ਨਸ਼ੇ ਵਿਚ ਆਦਮੀ ਦਾ ਦੈਵੀ ਸ਼ਕਤੀ ਤੋਂ ਬਿਲਕੁਲ ਮੁਨਕਰ ਹੋਣਾ ਮੈਨੂੰ ਸਿਆਣਪ ਨਹੀਂ ਲਗਦੀ। ਲੱਦਾਖ ਵਿਚ ਲੇਹ ਕੋਲ ਇੱਕ ਪੱਥਰ ਹੈ ਜਿਸ ਉੱਪਰ ਗੁਰੂ ਨਾਨਕ ਦੇਵ ਜੀ ਦੀ ਪਿੱਠ ਦੀ ਛਾਪ ਹੈ। ਸੁਮੇਰ ਪਰਬਤ ਤੇ ਸਿੱਧਾਂ ਨਾਲ ਗੋਸ਼ਟ ਕਰਨ ਤੋਂ ਬਾਅਦ ਨੇਪਾਲ, ਸਿੱਕਮ ਅਤੇ ਤਿੱਬਤ ਵਿਚੋਂ ਹੁੰਦੇ ਹੋਏ ਗੁਰੂ ਸਾਹਿਬ 1517 ਵਿਚ ਲੇਹ (ਲੱਦਾਖ) ਪਹੁੰਚੇ

ਸਨ। ਇੱਥੇ ਵੀ ਭਗਤੀ ਵਿਚ ਲੀਨ ਗੁਰੂ ਜੀ ਨੂੰ ਮਾਰਨ ਲਈ ਇਕ ਜ਼ਾਲਮ ਦਿਓ ਨੇ ਪਹਾੜ ਤੋਂ ਪੱਥਰ ਰੋੜ੍ਹ ਦਿੱਤਾ ਸੀ। ਗੁਰੂ ਜੀ ਦੀ ਰੂਹਾਨੀ ਸ਼ਕਤੀ ਦੇ ਸੰਚਾਰ ਨਾਲ ਉਹ ਪੱਥਰ ਮੋਮ ਵਰਗਾ ਹੋ ਗਿਆ ਸੀ ਅਤੇ ਉਨ੍ਹਾਂ ਦੀ ਪਿੱਠ ਦਾ ਨਿਸ਼ਾਨ ਉਸ ਉੱਤੇ ਉੱਕਰ ਗਿਆ। ਸਦੀਆਂ ਤੱਕ ਉੱਥੋਂ ਦੇ ਬੋਧੀ ਲੋਕ ਇਸ ਪਵਿੱਤਰ ਪੱਥਰ ਨੂੰ ਪੂਜਦੇ ਰਹੇ। ਉਸਨੂੰ ਉਹ 'ਨਾਨਕ ਲਾਮਾ' ਦੀ ਯਾਦਗਾਰ ਵਜੋਂ ਜਾਣਦੇ ਰਹੇ ਹਨ। ਬਾਹਰਲੀ ਦੁਨੀਆ ਤੇ ਗੁਰੂ ਨਾਨਕ ਦੇਵ ਜੀ ਦੇ ਹਿੰਦੂ ਅਤੇ ਸਿੱਖ ਸ਼ਰਧਾਲੂਆਂ ਨੂੰ ਤਾਂ ਇਸਦੇ ਬਾਰੇ ਪਤਾ ਹੀ ਪਿੱਛੇ ਜਹੇ ਲੱਗਿਆ ਹੈ ਅਤੇ ਉਹ ਵੀ ਭਾਰਤੀ ਫੌਜ ਦੇ ਰਾਹੀਂ। ਭਾਰਤੀ ਫੌਜ ਉੱਥੋਂ ਦੀ ਸੜਕ ਕੱਢ ਰਹੀ ਸੀ। ਉਹ ਪੱਥਰ ਰਾਹ ਵਿਚ ਸੀ ਅਤੇ ਟੁੱਟ ਹੀ ਨਹੀਂ ਰਿਹਾ ਸੀ। ਅਚਾਨਕ ਕੁਝ ਬੋਧੀ ਲੋਕ ਆ ਕੇ ਉਸ ਪੱਥਰ ਨੂੰ ਮੱਥਾ ਟੇਕਣ ਲੱਗੇ। ਫੌਜੀਆਂ ਦੇ ਪੁੱਛਣ ਤੇ ਉਨ੍ਹਾਂ ਨੇ ਦੱਸਿਆ ਕਿ ਇਹ ਉਨ੍ਹਾਂ ਦੇ 'ਨਾਨਕ ਲਾਮਾ' ਦੀ ਛੋਹ ਪ੍ਰਾਪਤ ਕਰਨ ਵਾਲਾ ਪੱਥਰ ਹੈ। ਫੌਜੀਆਂ ਨੇ ਸੜਕ ਪਾਸੇ ਦੀ ਕੱਢ ਲਈ ਅਤੇ ਇਸ ਘਟਨਾ ਦੀ ਖ਼ਬਰ ਅਖ਼ਬਾਰਾਂ ਵਿਚ ਛਪ ਗਈ। ਉਸ ਤੋਂ ਬਾਅਦ ਉਥੇ ਗੁਰਦੁਆਰਾ ਬਣ ਗਿਆ। ਇਹ ਕੁਝ ਹੀ ਸਾਲਾਂ ਦੀ ਗੱਲ ਹੈ। ਰੂਹਾਨੀ ਸ਼ਕਤੀ ਬਾਰੇ ਅਸੀਂ ਅਣਜਾਣ ਹਾਂ। ਠੀਕ ਹੈ, ਗੁਰੂ ਸਾਹਿਬਾਨ ਚਮਤਕਾਰ ਕਰਨ ਦੇ ਵਿਰੁੱਧ ਸਨ। ਪਰ ਜੇ ਰੂਹਾਨੀ ਸ਼ਕਤੀ ਨਾਲ ਸਵੈ-ਰੱਖਿਆ ਵਿਚ ਕੋਈ ਅਲੌਕਿਕ ਗੱਲ ਹੋ ਜਾਵੇ ਤਾਂ ਇਸ ਵਿਚ ਨਾ ਕੋਈ ਆਤਮ-ਵਿਰੋਧ ਹੈ ਅਤੇ ਨਾ ਹੀ ਚਮਤਕਾਰ ਵਾਲੀ ਗੱਲ।

**ਕਸਬਾ ਹਸਨ ਅਬਦਾਲ :** ਹਸਨ ਅਬਦਾਲ ਬਹੁਤ ਛੋਟਾ ਜਿਹਾ ਕਸਬਾ ਹੈ। ਬੱਸ ਇੱਕ ਹੀ ਤੰਗ ਜੇਹਾ ਬਾਜ਼ਾਰ ਕਾਫੀ ਦੂਰ ਤੱਕ ਜਾਂਦਾ ਹੈ। ਨੀਮ ਪਹਾੜੀ, ਉੱਚਾ ਨੀਵਾਂ ਇਲਾਕਾ ਹੋਣ ਕਰਕੇ ਰਿਕਸ਼ਾ ਨਹੀਂ ਚੱਲ ਸਕਦੇ। ਇਸ ਲਈ ਘੁੰਮਣਾ ਫਿਰਨਾ ਸੌਖਾ ਹੈ। ਬਾਜ਼ਾਰਾਂ ਵਿਚ ਜ਼ਿਆਦਾ ਮਾਲ ਬਾਹਰ ਦਾ ਵਿਕਦਾ ਹੈ, ਪਰ ਕੀਮਤੀ ਚੀਜ਼ਾਂ ਨਹੀਂ। ਦੇਸੀ ਹਕੀਮਾਂ ਦੀਆਂ ਉੱਥੇ ਕਈ ਦੁਕਾਨਾਂ ਹਨ। ਕਿਸੇ ਪ੍ਰਾਈਵੇਟ ਅੰਗ੍ਰੇਜ਼ੀ ਦਵਾਈਆਂ ਦੇ ਡਾਕਟਰ ਦਾ ਬੋਰਡ ਦਿਖਾਈ ਨਹੀਂ ਦਿੱਤਾ। ਰੇੜ੍ਹੀਆਂ ਉੱਤੇ ਬਹੁਤ ਵਧੀਆ ਵਿਦੇਸ਼ੀ ਸੈਕੰਡ ਹੈਂਡ ਟਾਈਆਂ ਦੇ ਢੇਰ ਲੱਗੇ ਹੋਏ ਸਨ। ਬਹੁਤ ਸਾਰੇ ਸਿਆਣੇ ਲੋਕ ਯਾਰਾਂ ਦੋਸਤਾਂ ਲਈ ਨਿਸ਼ਾਨੀ ਵਜੋਂ ਇਹ ਟਾਈਆਂ ਖਰੀਦ ਰਹੇ ਸਨ। ਭਾਰ ਵੀ ਘੱਟ, ਕੀਮਤ ਵੀ ਘੱਟ। ਆ ਕੇ ਡ੍ਰਾਈ ਕਲੀਨ ਕਰਾਓ ਅਤੇ ਦੋਸਤਾਂ ਨੂੰ 'ਇਮਪੋਰਟਡ' ਟਾਈਆਂ ਦਾ ਤੋਹਫਾ ਤਿਆਰ। ਮੈਂ ਕਿਤਾਬਾਂ ਦੀ ਦੁਕਾਨ ਵਿਚ ਵੜ ਗਿਆ। ਉੱਥੇ ਸਿਰਫ ਸਕੂਲਾਂ ਦੀਆਂ ਕਿਤਾਬਾਂ ਸਨ। ਮੈਂ ਪਹਿਲੀ ਤੋਂ ਪੰਜਵੀਂ ਤੱਕ ਉਰਦੂ ਦੀਆਂ ਕਿਤਾਬਾਂ ਲੈ ਲਈਆਂ। ਸੋਚਿਆ ਕਿ ਕੁਝ ਉਰਦੂ ਵੀ ਸਿੱਖ ਲਵਾਂਗੇ ਅਤੇ ਇਹ ਵੀ ਪਤਾ ਲੱਗ ਜਾਵੇਗਾ ਕਿ ਇਹ ਆਪਣੇ ਛੋਟੇ ਬੱਚਿਆਂ ਦੇ ਦਿਮਾਗ ਵਿਚ ਕੀ ਭਰਦੇ ਹਨ। ਆਪਣੇ ਵਾਂਗ ਹੀ ਹਨ। ਪ੍ਰਾਰਥਨਾ, ਦੇਸ਼ ਭਗਤੀ ਦੇ ਗੀਤ, ਸਿੱਖਿਆਦਾਇਕ ਅਤੇ ਬਹਾਦਰੀ ਦੀਆਂ ਕਹਾਣੀਆਂ। ਭਾਰਤ ਵਿਰੁੱਧ ਉਨ੍ਹਾਂ ਵਿੱਚ ਕੁਝ ਨਹੀਂ ਸੀ। ਮੈਨੂੰ ਇਹ ਅਫਸੋਸ ਹੈ ਕਿ ਪਾਕਿਸਤਾਨ ਦੇ ਇਤਿਹਾਸ ਉੱਤੇ ਕੋਈ ਕਿਤਾਬ ਨਹੀਂ ਲਿਆਇਆ। ਅਸਲੀ ਉਹ ਫਾਇਦੇਮੰਦ ਹੋਣੀ ਸੀ।

ਇੱਕ ਦਿਲਚਸਪ ਘਟਨਾ ਹੋਈ। ਮੈਂ ਇੱਕ ਛੋਟਾ ਜੇਹਾ ਬੈਗ ਖਰੀਦਣਾ ਸੀ। ਉਹ ਸਾਰੇ ਜਾਪਾਨ, ਕੋਰੀਆ ਦੇ ਬੈਗ ਵਿਖਾਈ ਜਾਵੇ। ਮੈਂ ਕਿਹਾ, "ਭਾਈ ਸਾਹਿਬ, ਕੋਈ ਤੁਹਾਡੇ ਮੁਲਕ ਦਾ ਬਣਿਆ ਬੈਗ ਦਿਓ ਤਾਂ ਕਿ ਜਾ ਕੇ ਤੁਹਾਡੀ ਨਿਸ਼ਾਨੀ ਵਿਖਾ ਸਕੀਏ।" ਉਹ ਬੋਲਿਆ, "ਭਾਈ ਸਾਹਿਬ, ਇਹ ਜੇ ਕੁਝ ਬਣਾਉਣ ਤਾਂ ਦੇਈਏ।" ਵਾਕਿਆ ਹੀ ਉਨ੍ਹਾਂ ਨੇ ਤਰੱਕੀ ਵੱਲ ਧਿਆਨ ਨਹੀਂ ਦਿੱਤਾ। ਅਸੀਂ ਗੁਰਦੁਆਰੇ ਦੇ ਬਾਹਰ ਪਹਿਲਾ ਵੈਸਪਾ ਸਕੂਟਰ ਖੜ੍ਹਾ ਵੇਖਿਆ।

ਅਸੀਂ ਚੌੜ ਵਿਚ ਉਸ ਨੂੰ ਛੂਹ ਕੇ ਹੱਥ ਮੱਥੇ ਨੂੰ ਲਾ ਲਏ। ਉਹ ਗੇਟ ਤੇ ਖੜੇ ਪੁਲੀਸ ਵਾਲੇ ਦਾ ਸੀ। ਕਹਿੰਦਾ, "ਸਰਦਾਰ ਜੀ, ਕੀ ਗੱਲ ?" ਅਸੀਂ ਦੱਸਿਆ ਕਿ ਤੁਹਾਡੇ ਮੁਲਕ ਵਿਚ ਪਹਿਲਾ ਸਕੂਟਰ ਵੇਖਿਆ ਹੈ। ਉਸਨੇ ਦੱਸਿਆ ਕਿ ਸਕੂਟਰ ਬਾਹਰਲੇ ਦੇਸ਼ਾਂ ਵਿੱਚੋਂ ਆਉਂਦੇ ਹਨ ਅਤੇ 70-80 ਹਜ਼ਾਰ ਰੁਪਏ ਵਿਚ ਮਿਲਦੇ ਹਨ। ਕਿਧਰੇ ਕਿਧਰੇ ਜਾਪਾਨੀ ਅਤੇ ਚੀਨੀ ਮੋਟਰ ਸਾਈਕਲ ਤਾਂ ਦਿਸਦੇ ਹਨ, ਪਰ ਸਕੂਟਰ ਨਾ ਹੋਣ ਦੇ ਬਰਾਬਰ ਹਨ। ਆਪਣੇ ਕਾਰਖਾਨੇ ਲਾਉਣ ਲਈ ਸਰਕਾਰ ਕੋਲ ਪੈਸਾ ਨਹੀਂ ਬਚਦਾ। ਭਾਰਤ ਤੋਂ ਖਹਿਬਾਜ਼ੀ ਵਿਚ ਮਸ਼ੀਨਰੀ ਨਹੀਂ ਮੰਗਵਾਉਂਦੇ ਹੋਣਗੇ। ਕਮੇਟੀ ਦਾ ਇੱਕ ਟਰੈਕਟਰ ਵੇਖਿਆ, ਸਿਰਫ ਇੱਕ। ਉਹ ਇਟਲੀ ਦੀ 'ਫੀਅਟ' ਕੰਪਨੀ ਦਾ ਸੀ।

ਇੱਕ ਦੁਕਾਨ ਦਾ ਨਾਂ ਮੈਨੂੰ ਬਹੁਤ ਵਧੀਆ ਲੱਗਿਆ, 'ਦਾਦਾ-ਪੋਤਾ ਕਲਾਥ ਸਟੋਰ'। ਵਿਚਲੀ ਕੜੀ ਪਤਾ ਨਹੀਂ ਕਿਧਰ ਗਈ। ਪੰਜਾਬ ਵਿਚ ਆਪਣੇ ਵੀ ਮੈਂ 'ਮਾਮਾ-ਭਾਣਜਾ', 'ਚਾਚਾ-ਭਤੀਜਾ' ਦੇ ਬੋਰਡਾਂ ਵਾਲੀਆਂ ਦੁਕਾਨਾਂ ਵੇਖੀਆਂ ਹਨ। ਪਰ ਦਾਦਾ-ਪੋਤਾ ਤਾਂ ਬਹੁਤ ਹੀ ਪਿਆਰਾ ਨਾਂ ਹੈ। ਇਸ ਨਾਲ ਜ਼ਿੰਦਗੀ ਦਾ ਸੰਘਰਸ਼ ਸਾਹਮਣੇ ਆ ਜਾਂਦਾ ਹੈ, ਕਈ ਤਸਵੀਰਾਂ ਦਿਮਾਗ਼ ਵਿਚ ਉੱਭਰਦੀਆਂ ਹਨ।

**ਵਿਸਾਖੀ ਮਨਾਉਣਾ** : 13 ਅਪ੍ਰੈਲ ਨੂੰ ਵਿਸਾਖੀ ਗੁਰਦੁਆਰਾ ਪੰਜਾ ਸਾਹਿਬ ਵਿਚ ਮਨਾਈ ਗਈ। ਅਫਵਾਹ ਸੀ ਕਿ ਸਾਡੇ ਇਲਾਕੇ ਦੇ ਐਮ.ਪੀ. ਸ. ਜਗਮੀਤ ਸਿੰਘ ਬਰਾੜ ਨੇ ਹਵਾਈ ਜਹਾਜ਼ ਰਾਹੀਂ ਆ ਕੇ ਇਸ ਪਾਵਨ ਤਿਉਹਾਰ ਤੇ ਮੁੱਖ ਮਹਿਮਾਨ ਹੋਣਾ ਸੀ। ਉਹ ਸਾਡੇ ਕਾਲਜ ਦਾ ਪੁਰਾਣਾ ਵਿਦਿਆਰਥੀ ਰਿਹਾ ਸੀ ਅਤੇ ਸਾਡੇ ਨਾਲ ਗੁਰੂ ਚੇਲਿਆਂ ਵਾਲੇ ਸੰਬੰਧ ਸਨ। ਉਹ ਬਹੁਤ ਹੀ ਵਧੀਆ ਬੁਲਾਰਾ ਹੈ ਅਤੇ ਹੈ ਵੀ ਪੱਕਾ ਗੁਰਸਿੱਖ। ਅਸੀਂ ਚਾਅ ਨਾਲ ਉਸ ਦੀ ਉਡੀਕ ਵਿੱਚ ਸੀ। ਪਰ ਵਿਸਾਖੀ ਵਾਲੇ ਦਿਨ ਪਤਾ ਲੱਗਿਆ ਕਿ ਇਹ ਨਿਰੀ ਬੇਬੁਨਿਆਦ ਅਫਵਾਹ ਸੀ। ਜਥੇ ਨਾਲ ਉਨ੍ਹਾਂ ਦਾ ਛੋਟਾ ਭਾਈ ਆਇਆ ਹੋਇਆ ਸੀ। ਵਿਸਾਖੀ ਤੇ ਅਖੰਡ ਪਾਠ ਦੇ ਭੋਗ ਤੋਂ ਬਾਅਦ ਜਿਹੜੇ ਵਿਅਕਤੀ ਬੋਲੇ ਉਨ੍ਹਾਂ ਵਿਚੋਂ ਮੁੱਖ ਪਾਕਿਸਤਾਨ ਦਾ ਹੀ ਕੋਈ ਨੇਤਾ ਸੀ। ਸ਼ਾਇਦ 'ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ' ਦਾ ਸਥਾਨਕ ਪ੍ਰਧਾਨ ਸੀ। ਖਾੜਕੂਆਂ ਦੀ ਹੋਂਦ ਕਿਤੇ ਵੀ ਅਨੁਭਵ ਨਹੀਂ ਹੋਈ। ਏਥੇ ਵੀ ਕੋਈ ਖਾੜਕੂ ਪ੍ਰਗਟ ਨਾ ਹੋਇਆ ਅਤੇ ਨਾ ਹੀ ਭਾਰਤ ਵਿਰੁੱਧ ਕੁਝ ਕਿਹਾ ਗਿਆ। ਗੁਰਦੁਆਰਾ ਸਾਹਿਬ ਦੀ ਇਮਾਰਤ ਛੋਟੀ ਹੋਣ ਕਰਕੇ ਮੱਥਾ ਟੇਕਣ ਲਈ ਵਨ-ਵੇ ਰਸਤਾ ਸੀ। ਸ਼ਰਧਾਲੂ ਸਾਹਮਣੇ ਤੋਂ ਆਉਂਦੇ, ਮੱਥਾ ਟੇਕਦੇ ਅਤੇ ਦੂਜੇ ਪਾਸੇ ਬਾਹਰ ਚਲੇ ਜਾਂਦੇ। ਅੰਦਰ ਬੈਠਣ ਲਈ ਥਾਂ ਬਹੁਤ ਹੀ ਥੋੜੀ ਹੈ। ਇਸ ਲਈ ਅਰਦਾਸ ਸਮੇਂ ਬਹੁਤ ਯਾਤਰੀ ਪਰਿਕਰਮਾ ਵਿਚ ਖਲੋ ਕੇ ਸ਼ਾਮਲ ਹੋਏ। ਭਾਸ਼ਨਾਂ ਵੱਲ ਕਿਸੇ ਨੇ ਬਹੁਤਾ ਧਿਆਨ ਨਹੀਂ ਦਿੱਤਾ।

**ਸਪੈਸ਼ਲ ਕਿਤਾਬਚੇ** : 11 ਅਪ੍ਰੈਲ, 1999 ਨੂੰ ਪਾਕਿਸਤਾਨ ਸਰਕਾਰ ਨੇ ਉੱਥੋਂ ਦੇ ਸਾਰੇ ਗੁਰਦੁਆਰਿਆਂ ਦਾ ਪ੍ਰਬੰਧ 'ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ' ਦੇ ਹਵਾਲੇ ਕਰ ਦਿੱਤਾ ਸੀ। ਇਸ ਦੇ ਵਿਰੁੱਧ ਰੋਸ ਵਜੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੇ ਭਾਰਤ ਤੋਂ ਸਿੱਖ ਯਾਤਰੀਆਂ ਦੇ ਜਥੇ ਭੇਜਣੇ ਬੰਦ ਕਰ ਦਿੱਤੇ ਸਨ। ਉਸ ਤੋਂ ਬਾਅਦ ਸਾਡਾ ਅਪਰੈਲ, 2001 ਦਾ ਜਥਾ ਪਹਿਲਾ ਸੀ। ਇਸ ਲਈ ਪਾਕਿਸਤਾਨ ਸਰਕਾਰ ਨੇ ਇਹ ਪ੍ਰਚਾਰ ਕਰਨ ਦਾ ਪੂਰਾ ਵਾਹ ਲਾਇਆ ਕਿ ਨਵੇਂ ਪ੍ਰਬੰਧ ਹੇਠ ਗੁਰਦੁਆਰਿਆਂ ਵਿਚ ਕਿੰਨੀ ਤਾਮੀਰ ਹੋਈ ਹੈ ਅਤੇ ਪ੍ਰਬੰਧ ਕਿੰਨਾ ਚੰਗਾ ਹੈ। ਇਸ ਕੰਮ ਲਈ ਉਨ੍ਹਾਂ ਨੇ ਬਹੁਤ ਵਧੀਆ ਆਰਟ ਪੇਪਰ

ਉੱਤੇ ਇਕ ਚਾਰ ਸਫ਼ਿਆਂ ਦਾ ਸਵਾਗਤੀ ਪੈਂਫਲਟ ਛਾਪਿਆ। ਇਸ ਦੇ ਉੱਪਰ ਗੁਰਦੁਆਰਾ ਪੰਜਾ ਸਾਹਿਬ ਦੀ ਫੋਟੋ ਛਾਪ ਕੇ ਉੱਪਰ 'ਜੀ ਆਇਆਂ ਨੂੰ' ਲਿਖਿਆ ਹੋਇਆ ਸੀ। ਇਸ ਵਿਚ ਜਥੇ ਦਾ ਵਿਸਤਾਰ ਸਹਿਤ ਪ੍ਰੋਗਰਾਮ ਛਾਪਿਆ ਸੀ। ਖਾਸ ਜ਼ੋਰ ਨਿੱਘੇ ਸਵਾਗਤ ਅਤੇ ਕਥਿਤ ਸਹੂਲਤਾਂ ਉੱਤੇ ਸੀ। ਇਸ ਅਨੁਸਾਰ ਵਾਹਗਾ ਵਿਖੇ ਜਥੇ ਦਾ ਸਵਾਗਤ ਕੀਤਾ ਜਾਣਾ ਸੀ ਅਤੇ ਚਾਹ-ਪਾਣੀ ਪਿਆਉਣਾ ਸੀ। ਪਰ ਉੱਥੇ ਸਾਨੂੰ ਮੁੱਲ ਦੀ ਚਾਹ ਵੀ ਨਹੀਂ ਮਿਲੀ ਸੀ। ਬਾਕੀ ਸਹੂਲਤਾਂ ਵੀ ਬੱਸ ਕਾਗਜ਼ ਉੱਤੇ ਲਿਖੀਆਂ ਹੀ ਰਹਿ ਗਈਆਂ। ਵਿਸਾਖੀ ਮਨਾਉਣ ਤੋਂ ਬਾਅਦ, ਗੁਰਦੁਆਰਾ ਪੰਜਾ ਸਾਹਿਬ ਵਿਖੇ ਇੱਕ 52 ਸਫ਼ਿਆਂ ਦਾ ਕਿਤਾਬਚਾ ਮੁਫ਼ਤ ਵੰਡਿਆ ਗਿਆ। ਬਹੁਤ ਮਹਿੰਗੇ ਆਰਟ ਪੇਪਰ ਉੱਤੇ ਵੱਖ ਵੱਖ ਗੁਰਦੁਆਰਿਆਂ ਦੀਆਂ ਦੋ ਦੋ ਤਸਵੀਰਾਂ ਛਾਪੀਆਂ ਹੋਈਆਂ ਸਨ। ਇਕ ਅਪ੍ਰੈਲ, 1999 ਤੋਂ ਪਹਿਲਾਂ ਦੀ ਅਤੇ ਇਕ ਹੁਣ ਦੀ। ਦਾਅਵਾ ਕੀਤਾ ਗਿਆ ਕਿ ਡੇਢ ਸਾਲ ਵਿਚ ਪੀ.ਜੀ.ਪੀ.ਸੀ. ਨੇ 10 ਕਰੋੜ ਰੁਪਏ ਖਰਚ ਕਰਕੇ ਮੁਕੰਮਲ ਮੁਰੰਮਤ, ਨਵ-ਉਸਾਰੀ ਅਤੇ ਦਿੱਖ ਦੀ ਖ਼ੂਬਸੂਰਤੀ ਵਧਾਉਣ ਦਾ ਕੰਮ ਕੀਤਾ ਹੈ। ਦਰਅਸਲ ਇਹ ਗੁਰਦੁਆਰਿਆਂ ਉੱਤੇ ਕਬਜ਼ਾ ਪੱਕਾ ਕਰਨ ਦੀ ਚਾਲ ਸੀ। ਹਰੇਕ ਗੁਰਦੁਆਰੇ ਦੀ ਪੁਰਾਣੀ ਤਸਵੀਰ ਕਿਸੇ ਭੱਦੇ ਦ੍ਰਿਸ਼ ਵਿੱਚ ਲੈ ਕੇ ਮੱਧਮ ਛਾਪੀ ਗਈ ਸੀ। ਹੁਣ ਵਾਲੀ ਤਸਵੀਰ ਵਧੀਆ ਕੋਣ ਤੋਂ ਖਿੱਚ ਕੇ ਸੁੰਦਰ ਤੋਂ ਸੁੰਦਰ ਛਾਪੀ ਗਈ ਸੀ। ਮੁੱਖ ਸਫੇ ਤੇ ਗੁਰਦੁਆਰਾ ਦਰਬਾਰ ਸਾਹਿਬ, ਕਰਤਾਰਪੁਰ ਦੀ ਪੁਰਾਣੀ ਅਤੇ ਨਵੀਂ ਤਸਵੀਰ ਮਿਲਾਈ ਹੋਈ ਸੀ। ਇਹ ਗੁਰਦੁਆਰਾ ਪਟਿਆਲੇ ਦੇ ਮਹਾਰਾਜਾ ਭੁਪਿੰਦਰ ਸਿੰਘ ਬਣਵਾ ਹੀ ਰਹੇ ਸਨ ਕਿ ਦੇਸ਼ ਦੀ ਵੰਡ ਹੋ ਗਈ ਅਤੇ ਤਾਮੀਰ ਵਿਚ ਹੀ ਰਹਿ ਗਈ। ਪਾਕਿਸਤਾਨ ਸਰਕਾਰ ਇਸ ਦੇ ਲਈ ਵੀ 'ਐਸ.ਜੀ.ਪੀ.ਸੀ.' ਨੂੰ ਦੋਸ਼ ਦੇ ਰਹੀ ਸੀ। ਇਸੇ ਤਰ੍ਹਾਂ ਨਨਕਾਣਾ ਸਾਹਿਬ ਦਾ ਲੰਗਰ ਹਾਲ ਦਸ ਸਾਲ ਪੁਰਾਣਾ ਹੈ ਪਰ 'ਪੀ.ਜੀ.ਪੀ.ਸੀ.' ਇਸ ਨੂੰ ਬਣਾਉਣ ਦਾ ਦਾਅਵਾ ਕਰਦੀ ਹੈ। ਵਿਦੇਸ਼ੀ ਸਿੱਖਾਂ ਦੇ ਬਣਾਏ ਬਲਾਕ ਵੀ ਆਪਣੇ ਖਾਤੇ ਵਿਚ ਵਿਖਾ ਰਹੀ ਹੈ। ਕੌਮ ਨੂੰ ਇਸ ਸਚਾਈ ਸੰਬੰਧੀ ਸੁਚੇਤ ਹੋਣ ਦੀ ਲੋੜ ਹੈ।

**ਇਸਤਕਬਾਲੀਆ** : ਸਥਾਨਕ ਪ੍ਰਸ਼ਾਸਨ ਅਤੇ ਦੁਕਾਨਦਾਰਾਂ ਨੇ 13 ਤਾਰੀਖ਼ ਨੂੰ ਸ਼ਾਮ ਤਿੰਨ ਵਜੇ ਇਕ ਛੋਟਾ ਜੇਹਾ ਸਵਾਗਤੀ ਪ੍ਰੋਗਰਾਮ ਰੱਖਿਆ ਹੋਇਆ ਸੀ। ਗੁਰਦੁਆਰੇ ਦੇ ਬਿਲਕੁਲ ਨੇੜੇ ਹੀ ਸਾਹਮਣੇ ਛੋਟੀ ਪਹਾੜੀ ਦੇ ਨਾਲ ਇੱਕ ਮਕਬਰਾ ਹੈ, 'ਮਕਬਰਾ ਲਾਲਾਰੁਖ'। ਥੋੜ੍ਹਾ ਜਿਹਾ ਥਾਂ ਪੁਰਾਣੀ ਚੂਨੇ ਦੀ ਲਿਪਾਈ ਵਾਲੀ ਚਾਰ ਦੀਵਾਰੀ ਨਾਲ ਘਿਰਿਆ ਹੋਇਆ ਹੈ ਅਤੇ ਅੰਦਰ ਘਾਹ ਲਾ ਕੇ ਪਾਰਕ ਬਣਾਇਆ ਹੋਇਆ ਹੈ। ਸ. ਧਰਮ ਸਿੰਘ ਪੰਨੂ ਨੇ ਸਾਨੂੰ ਵੀ ਸੱਦਾ-ਪੱਤਰ ਦੇ ਦਿਤਾ। ਉਥੇ ਸੌ-ਡੇਢ ਸੌ ਦੇ ਕਰੀਬ ਕੁਰਸੀਆਂ ਲੱਗੀਆਂ ਹੋਈਆਂ ਸਨ। ਫੰਕਸ਼ਨ ਵਿੱਚ ਯਾਤਰੀ ਬਹੁਤ ਹੀ ਘੱਟ ਸਨ। ਸਥਾਨਕ ਪਤਵੰਤੇ ਵੀ ਓਨੇ ਹੀ ਸਨ। ਸਟੇਜ ਉੱਤੇ ਪ੍ਰਬੰਧਕਾਂ ਤੋਂ ਇਲਾਵਾ ਸਥਾਨਕ ਅਫ਼ਸਰ, ਸ. ਸ਼ਾਮ ਸਿੰਘ (ਸਹਿ-ਪ੍ਰਧਾਨ, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ) ਅਤੇ ਸਾਡੇ ਜਥੇ ਦੇ ਇੰਚਾਰਜ ਬੈਠੇ ਸਨ। ਇੰਚਾਰਜ ਦੇ ਦਰਸ਼ਨ ਅਸੀਂ ਪਹਿਲੀ ਤੇ ਆਖਰੀ ਵਾਰੀ ਸਟੇਜ ਤੇ ਬੈਠਿਆਂ ਦੇ ਹੀ ਕੀਤੇ ਸਨ। ਵਾਤਾਵਰਣ ਵਿੱਚ ਅਜੀਬ ਘੁਟਣ ਅਤੇ ਚੁੱਪ ਸੀ। ਮੁੱਖ ਮਹਿਮਾਨ ਦੇ ਆਉਂਦਿਆਂ ਹੀ ਪ੍ਰੋਗਰਾਮ ਸ਼ੁਰੂ ਹੋ ਗਿਆ। ਸਟੇਜ ਸਕੱਤਰ ਨੇ ਉਰਦੂ-ਨੁਮਾ ਪੰਜਾਬੀ ਵਿੱਚ ਸਾਡਾ ਸਵਾਗਤ ਕੀਤਾ। ਬੁਲਾਰੇ ਬਹੁਤ ਨਾਪਿਆ-ਤੋਲਿਆ ਬੋਲੇ। ਪਾਕਿਸਤਾਨ ਵਾਲੇ ਸਿਆਸੀ ਤੌਰ 'ਤੇ ਜੋ ਸੋਚਦੇ ਹਨ, ਉਹ ਕਹਿਣ ਦਾ ਇਹ ਮੌਕਾ ਨਹੀਂ ਸੀ। ਸ. ਸ਼ਾਮ ਸਿੰਘ ਇੱਕ ਉੱਚੇ ਲੰਮੇ, ਨਰੋਏ ਜੁੱਸੇ ਵਾਲੇ, ਪੇਂਡੂ ਸੁਭਾਅ

ਦੇ ਸਿੱਧੇ ਪੱਧਰੇ ਇਨਸਾਨ ਹਨ। ਸਰਕਾਰੀ ਸਰਪ੍ਰਸਤੀ ਹੁੰਦੇ ਹੋਏ ਵੀ ਉਹ ਬਦ-ਦਿਮਾਗ ਨਹੀਂ ਹਨ। ਉਨ੍ਹਾਂ ਨੇ ਵਧੀਆ ਲਹਿਜੇ ਵਿੱਚ ਅੰਮ੍ਰਿਤਾ ਪ੍ਰੀਤਮ ਦੀ ਸਾਰੀ ਕਵਿਤਾ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਜ਼ਬਾਨੀ ਸੁਣਾਈ। ਗੁਰਦੁਆਰਿਆਂ ਦੇ ਪ੍ਰਬੰਧ ਵਿੱਚ ਅਹਿਮ ਤਬਦੀਲੀ ਬਾਰੇ ਨਾ ਉਨ੍ਹਾਂ ਨੇ ਬਹੁਤੀ ਸਫ਼ਾਈ ਦਿੱਤੀ ਅਤੇ ਨਾ ਹੀ ਬਾਅਦ ਵਿੱਚ ਸਾਡੇ ਇੰਚਾਰਜ (ਜਿਹੜੇ ਐਸ.ਜੀ.ਪੀ.ਸੀ. ਦੇ ਮੈਂਬਰ ਸਨ) ਨੇ ਇਸ ਬਾਰੇ ਵਿਚਾਰ ਪ੍ਰਗਟ ਕੀਤੇ। ਪਾਕਿਸਤਾਨ ਵਾਲੇ ਸੋਚ ਵੀ ਨਹੀਂ ਸਕਦੇ ਕਿ ਉਹ ਦੁਬਾਰਾ ਫਿਰ ਭਾਰਤ ਨਾਲ ਰਲਕੇ ਇੱਕ ਦੇਸ਼ ਬਣਾਉਣ। ਘੱਟੋ-ਘੱਟ ਸਰਕਾਰੀ ਨੀਤੀ ਇਹ ਹੀ ਹੈ। ਸਾਡੇ ਇੰਚਾਰਜ ਨੇ ਭਾਰਤ-ਪਾਕਿਸਤਾਨ ਦੇ ਇਕੱਠੇ ਹੋਣ ਦੀ ਪੇਸ਼ੀਨਗੋਈ ਕਰ ਦਿੱਤੀ। ਉਸਨੇ ਬਰਲਿਨ ਦੀ ਕੰਧ ਟੁੱਟਣ ਅਤੇ ਜਰਮਨੀ ਦੇ ਇਕੱਠੇ ਹੋਣ ਦੀ ਮਿਸਾਲ ਦਿੱਤੀ। ਪ੍ਰਬੰਧਕ ਸਾਰੇ ਇੱਕ ਦੂਜੇ ਵੱਲ ਵੇਖ ਰਹੇ ਸਨ। ਕਸੂਤੇ ਫਸੇ ਸਨ, ਪਰ ਕੁਝ ਬੋਲ ਵੀ ਨਹੀਂ ਸਕਦੇ ਸਨ।

ਹੋਰ ਕਿਸੇ ਭਾਰਤੀ ਨੂੰ ਬੋਲਣ ਲਈ ਨਹੀਂ ਕਿਹਾ ਗਿਆ। ਦਿੱਲੀ ਦਾ ਇੱਕ ਮੋਟਾ ਤਾਜ਼ਾ ਅਧੇੜ ਉਮਰ ਦਾ ਦੁਕਾਨਦਾਰ ਆਪਣੀਆਂ ਕਵਿਤਾਵਾਂ ਦੀ ਮੋਟੀ ਡਾਇਰੀ ਲੈ ਕੇ ਦੋ ਤਿੰਨ ਵਾਰ ਸਟੇਜ ਸਕੱਤਰ ਕੋਲ ਗਿਆ। ਪਰ ਉਸ ਕਵੀ ਨੂੰ ਮੌਕਾ ਨਹੀਂ ਦਿੱਤਾ ਗਿਆ। ਚਾਹ ਪੀਣ ਵੇਲੇ ਉਹ ਧੁੱਸ ਦੇ ਕੇ ਮੁੱਖ ਮਹਿਮਾਨ ਕੋਲ ਪਹੁੰਚ ਗਿਆ ਅਤੇ ਅੱਧ-ਪਚੱਧੀ ਕਵਿਤਾ ਸੁਣਾ ਕੇ ਹੀ ਹਟਿਆ। ਅੱਛੇ ਸੰਬੰਧਾਂ ਦੇ ਫਾਇਦਿਆਂ ਬਾਰੇ ਤੁਕਬੰਦੀ ਸੀ। ਕਿਸੇ ਨੇ ਧਿਆਨ ਨਾਲ ਨਹੀਂ ਸੁਣੀ।

ਚਾਹ ਪਾਣੀ ਦਾ ਇੰਤਜਾਮ ਸਟੇਜ ਦੇ ਪਿੱਛੇ ਮਕਬਰੇ ਕੋਲ ਸੀ। ਅਸੀਂ ਡਰਦੇ ਸਾਂ ਕਿ ਸਾਡੇ ਭਾਰਤੀ ਸਾਥੀ ਪਲੇਟਾਂ ਭਰਕੇ ਜਲੂਸ ਨਾ ਕਢਵਾਉਣ। ਸਟੇਜ ਦੇ ਪਿੱਛੇ ਦਰਮਿਆਨੇ ਤਬਕੇ ਦੇ ਪਾਕਿਸਤਾਨੀ ਸਰੋਤੇ ਬੈਠੇ ਸਨ। ਉਹਨਾਂ ਨੇ ਪਹਿਲਾਂ ਜਾ ਕੇ ਆਪਣੀਆਂ ਪਲੇਟਾਂ ਨੱਕੋ-ਨੱਕ ਭਰ ਲਈਆਂ। ਸਾਡੇ ਸਾਥੀਆਂ ਦੇ ਹੱਥ ਦੋ-ਦੋ ਬਿਸਕੁਟ ਅਤੇ ਚਾਹ ਹੀ ਆਈ। ਸਾਡੇ ਮੇਜ਼ਬਾਨ ਘਾਹ ਉੱਤੇ ਬੈਠ ਕੇ ਕੁੱਖਾਂ ਕੱਢ ਰਹੇ ਸਨ ਅਤੇ ਅਸੀਂ ਇਹ ਤਮਾਸ਼ਾ ਵੇਖ ਰਹੇ ਸਾਂ। ਜੇ ਸਾਡੇ ਬੇਲੀ ਪਹਿਲਾਂ ਪਹੁੰਚ ਜਾਂਦੇ ਤਾਂ ਇਹ ਨਜ਼ਾਰਾ ਉਨ੍ਹਾਂ ਨੇ ਵਿਖਾ ਦੇਣਾ ਸੀ। ਭਾਰਤ ਪਾਕਿਸਤਾਨ ਇਸ ਮਸਲੇ ਵਿਚ ਤਾਂ ਇੱਕ ਹੀ ਹਨ।

ਇਹ ਫੰਕਸ਼ਨ ਅਖ਼ਬਾਰਾਂ ਵਿਚ ਖ਼ਬਰ ਲਾਉਣ ਲਈ ਕਰਵਾਇਆ ਲਗਦਾ ਸੀ। ਖ਼ਬਰ ਲੱਗੀ ਵੀ ਹੋਵੇਗੀ, ਪਰ ਸਾਨੂੰ ਅਗਲੇ ਦਿਨ ਦਾ ਅਖ਼ਬਾਰ ਕਿਧਰੇ ਨਹੀਂ ਮਿਲਿਆ। ਕਿਸੇ ਦੁਕਾਨਦਾਰ ਕੋਲ ਵੀ ਨਹੀਂ ਵੇਖਿਆ। ਪਾਕਿਸਤਾਨ 'ਚ ਅਖ਼ਬਾਰਾਂ ਦੀ ਹਾਲਤ ਬਾਰੇ ਸਾਨੂੰ ਲਾਹੌਰ ਜਾ ਕੇ ਪਤਾ ਲੱਗਿਆ। ਵਿਸਤਾਰ ਫੇਰ ਸਹੀ।

**ਪਾਕਿਸਤਾਨ ਵਿਚ ਹਿੰਦੂ :** ਸਿਆਸੀ ਬਹਿਸ ਵਿਚ ਨਾ ਪੈਣ ਦੇ ਅਸੂਲ ਦਾ ਅਸੀਂ ਪੂਰੀ ਤਰ੍ਹਾਂ ਪਾਲਣ ਕੀਤਾ। ਇੱਕ ਦਿਨ ਅਸੀਂ ਸ਼ਾਮ ਨੂੰ ਦੁੱਧ ਪੀਣ ਲਈ ਇੱਕ ਟੁੱਟੇ ਜਿਹੇ ਢਾਬੇ ਦੇ ਉਪਰਲੇ ਹਿੱਸੇ ਤੇ ਜਾ ਬੈਠੇ। ਦੋ ਨੌਜਵਾਨ ਸਾਡੇ ਕੋਲ ਆ ਬੈਠੇ। ਉਹ ਪਾਕਿਸਤਾਨੀ ਸਿੰਧੀ ਹਿੰਦੂ ਸਨ। ਉਹ ਕਹਿੰਦੇ ਕਿ ਇੱਧਰ ਸਾਡੀ ਹਾਲਤ ਬਹੁਤ ਬੁਰੀ ਹੈ। ਕਿਸੇ ਮੁਸਲਮਾਨ ਵਿਰੁੱਧ ਇਲੈਕਸ਼ਨ ਨਹੀਂ ਲੜ ਸਕਦੇ। ਸਿੰਧੀ ਹਿੰਦੂਆਂ ਲਈ ਕੁਝ ਸੀਟਾਂ ਰਿਜ਼ਰਵ ਹਨ, ਪਰ ਆਪਸ ਵਿਚ ਮੁਕਾਬਲਾ ਕਰਕੇ ਉਹ ਫੁੱਟ ਦਾ ਸ਼ਿਕਾਰ ਨਹੀਂ ਹੋਣਾ ਚਾਹੁੰਦੇ। ਥੋੜੀਆਂ ਹੀ ਗੱਲਾਂ ਦੱਸੀਆਂ ਸਨ ਕਿ ਨਾਲ ਦੇ ਮੇਜ਼ ਤੇ ਕੁਝ ਪੜ੍ਹੇ ਲਿਖੇ ਮੁਸਲਮਾਨ ਆ ਬੈਠੇ। ਅਸੀਂ ਤਾਂ ਪਹਿਲਾ ਹੀ "ਹੂੰ, ਹਾਂ" ਕਰਕੇ ਉਨ੍ਹਾਂ ਦਾ ਦੁੱਖ ਸੁਣ ਰਹੇ ਸਾਂ, ਪਰ ਮੁਸਲਮਾਨਾਂ ਦੇ ਆਉਂਦਿਆਂ ਹੀ ਉਹ ਚੁੱਪ ਹੋ

ਗਏ। ਹੇਠਾਂ ਆ ਕੇ ਅਸੀਂ ਆਪਣੀ ਪੇਮੈਂਟ ਕਰਨ ਲੱਗੇ ਤਾਂ ਉਨ੍ਹਾਂ ਨੇ ਦੁਕਾਨਦਾਰ ਨੂੰ ਮਨ੍ਹਾਂ ਕਰ ਦਿੱਤਾ। ਅਸੀਂ ਬਹੁਤ ਕਿਹਾ ਕਿ ਵੱਡੇ ਹੋਣ ਦੇ ਨਾਤੇ ਪੇਮੈਂਟ ਕਰਨ ਦਾ ਸਾਡਾ ਫਰਜ਼ ਬਣਦਾ ਹੈ। ਪਰ ਉਨ੍ਹਾਂ ਨੇ ਇੱਕ ਨਹੀਂ ਸੁਣੀ ਅਤੇ ਸਾਡੀ ਪੇਮੈਂਟ ਵੀ ਕਰ ਦਿੱਤੀ। ਉੱਥੋਂ ਹੀ ਉਹ ਸਾਥੋਂ ਵਿੱਛੜ ਗਏ। 15-20 ਮਿੰਟਾ ਵਿਚ ਉਹ ਸਾਡੇ ਮਨਾਂ ਉੱਤੇ ਅਮਿਟ ਛਾਪ ਛੱਡ ਗਏ। ਪਾਕਿਸਤਾਨ ਵਿਚ ਘੱਟ ਗਿਣਤੀ ਦੇ ਲੋਕ ਦੂਜੇ ਦਰਜੇ ਦੇ ਸ਼ਹਿਰੀ ਹਨ। ਤਾਂ ਹੀ ਤਾਂ ਉਹ ਸਿੰਧੀ ਹਿੰਦੂਆਂ ਦੇ ਤੇਜ਼ ਦਿਮਾਗ ਅਤੇ ਕਾਰੋਬਾਰੀ ਸੂਝ-ਬੂਝ ਦਾ ਆਰਥਕ ਉਨਤੀ ਲਈ ਲਾਭ ਨਹੀਂ ਉਠਾ ਸਕੇ।

**ਲਾਹੌਰ ਵਾਪਸੀ** : 14 ਅਪ੍ਰੈਲ ਨੂੰ ਲਾਹੌਰ ਲਈ ਵਾਪਸੀ ਸੀ। ਦੁਪਹਿਰ ਤੋਂ ਹੀ ਲੰਗਰ ਛੱਕਣ ਸਾਰ ਯਾਤਰੀ ਸਟੇਸ਼ਨ ਵੱਲ ਜਾਣੇ ਸ਼ੁਰੂ ਹੋ ਗਏ। ਪਵਿੱਤਰ ਚਸ਼ਮੇ ਦਾ ਪਾਣੀ ਨਾਲ ਲੈ ਕੇ ਜਾਣ ਦੀ ਹਰ ਕਿਸੇ ਦੀ ਇੱਛਾ ਸੀ। ਅਸੀਂ ਵੀ ਬਾਹਰ ਪਲਾਸਟਿਕ ਦੀਆਂ ਛੋਟੀਆਂ ਕੈਨੀਆਂ ਖਰੀਦਣ ਚਲੇ ਗਏ। ਸਭ ਦੁਕਾਨਾਂ ਤੇ ਪਈਆਂ ਸਨ। ਪਰ ਸਾਨੂੰ ਕਿਤੇ ਵੀ ਅਜਿਹੀ ਕੈਨੀ ਨਹੀਂ ਮਿਲੀ ਜਿਸ ਵਿਚ ਢੱਕਣ ਦੇ ਹੇਠਾਂ 'ਸਟਾਪਰ' ਦੱਬਿਆ ਜਾਂਦਾ ਹੋਵੇ। ਛੋਟੀ ਜੇਹੀ ਗੱਲ ਹੈ, ਪਰ ਇਸ ਨਾਲ ਚੀਜ਼ ਡੁਲ੍ਹਦੀ ਨਹੀਂ। ਪਾਕਿਸਤਾਨ ਦੀ ਬਣੀ ਇੱਕੋ ਚੀਜ਼ ਮਿਲੀ ਅਤੇ ਉਹ ਵੀ ਨੁਕਸ ਵਾਲੀ। ਢੱਕਣ ਹੇਠ ਪਲਾਸਟਿਕ ਦੇ ਲਿਫਾਫੇ ਦਾ ਟੁਕੜਾ ਲਾ ਕੇ ਕੰਮ ਚਲਾਇਆ। ਏਹੀ ਤਰੀਕਾ ਲਾਹੌਰ ਤੋਂ ਬਦਾਮ ਰੋਗਨ ਲਿਆਉਣ ਲਈ ਵਰਤਣਾ ਪਿਆ।

ਉਦਯੋਗ ਵਿਚ ਪਾਕਿਸਤਾਨ ਬਹੁਤ ਪਛੜ ਗਿਆ। ਕਸ਼ਮੀਰ ਲੈਣ ਦੀ ਧੁਨ ਉਨ੍ਹਾਂ ਨੂੰ ਲੈ ਬੈਠੀ। ਦੁਨੀਆਂ ਤਾਂ ਕੰਪਿਊਟਰ ਯੁੱਗ ਵਿਚ ਕਿਤੇ ਦੀ ਕਿਤੇ ਪਹੁੰਚ ਗਈ। ਗੁਰਦੁਆਰੇ ਦੇ ਸਾਹਮਣੇ ਇੱਕ ਦੁਕਾਨ ਵਿਚ ਵੀਡੀਓ ਗੇਮਾਂ ਕਿਰਾਏ ਤੇ ਖਿਡਾਉਂਦੇ ਸਨ। ਇੱਕ ਦਿਨ ਇੱਕ 13-14 ਸਾਲਾ ਦਾ ਮੁੰਡਾ 'ਸੁਪਰ ਮਾਰੀਓ' ਖੇਡ ਰਿਹਾ ਸੀ। ਮੈਂ ਖੜ੍ਹ ਕੇ ਵੇਖਣ ਲੱਗ ਪਿਆ। ਦੋ ਤਿੰਨ ਸਟੇਜਾਂ ਹੀ ਮਸਾਂ ਪਾਰ ਕਰਦਾ ਸੀ। ਇਸ ਤੋਂ ਤਾਂ ਮੈਂ ਹੀ ਬਹੁਤ ਅੱਗੇ ਪਹੁੰਚ ਸਕਦਾ ਸੀ। 6 ਸਾਲ ਦਾ ਮੇਰਾ ਪੋਤਾ ਤਾਂ ਰਾਜ ਕੁਮਾਰੀ ਵੀ ਭਾਲ ਲੈਂਦਾ ਹੈ। ਮੈਂ ਖੜ੍ਹਾ ਸੋਚਦਾ ਰਿਹਾ ਕਿ ਇਹ ਲੋਕ ਆਧੁਨਿਕ ਯੁੱਗ ਵਿਚ ਕਦੋਂ ਆਉਣਗੇ। ਆਪਣੇ ਤਾਂ ਸਾਰੇ ਹੀ ਬੱਚਿਆਂ ਨੂੰ ਬਹੁਤ ਛੋਟੀ ਉਮਰ ਤੋਂ ਕੰਪਿਊਟਰ ਸਿਖਾਉਣਾ ਸ਼ੁਰੂ ਕਰ ਦਿੰਦੇ ਹਨ। ਉਨ੍ਹਾਂ ਦਾ ਜ਼ੋਰ ਧਾਰਮਕ ਕੱਟੜਤਾ ਸਿਖਾਉਣ ਤੇ ਹੈ।

ਅਸੀਂ ਸੋਚਿਆ ਕਿ ਆਖਰੀ ਗੱਡੀ ਵਿਚ ਭੀੜ ਨਹੀਂ ਹੋਵੇਗੀ। ਲਾਹੌਰ ਤੱਕ ਲੰਬੇ ਸਫ਼ਰ ਤੇ ਸੌਂ ਕੇ ਜਾਵਾਂਗੇ। ਸ਼ਾਮ ਨੂੰ ਸਟੇਸ਼ਨ ਤੇ ਪਹੁੰਚੇ ਤਾਂ ਪਲੇਟਫਾਰਮ ਖਚਾਖਚ ਭਰਿਆ ਹੋਇਆ ਸੀ। ਅਜੇ ਦੋ ਗੱਡੀਆਂ ਹੋਰ ਜਾਣੀਆਂ ਸਨ। ਹਸਨ ਅਬਦਾਲ ਤੋਂ ਰਾਵਲਪਿੰਡੀ 45 ਕਿਲੋਮੀਟਰ ਦੂਰ ਹੈ। ਇੱਕ ਗੱਡੀ ਜਦੋਂ ਉੱਥੇ ਪਹੁੰਚ ਜਾਂਦੀ ਤਾਂ ਅਗਲੀ ਗੱਡੀ ਹਸਨ ਅਬਦਾਲ ਵੱਲ ਭੇਜੀ ਜਾਂਦੀ ਸੀ। ਸਾਡੇ ਕੋਲ ਬਹੁਤ ਵਿਹਲਾ ਸਮਾਂ ਸੀ। ਘੁੰਮਦੇ ਫਿਰਦਿਆਂ ਸਟੇਸ਼ਨਾਂ ਦੇ ਨਾਵਾਂ ਦੀ ਬੋਰਡ ਉਤੇ ਲਿਸਟ ਪੜ੍ਹੀ ਤਾਂ ਪਤਾ ਲੱਗਿਆ ਕਿ ਤਕਸ਼ਿਲਾ (ਟੈਕਸਲਾ) ਦਾ ਰੇਲਵੇ ਸਟੇਸ਼ਨ ਏਥੋਂ ਕੇਵਲ 19 ਕਿਲੋਮੀਟਰ ਦੂਰ ਹੈ। ਪਹਿਲਾਂ ਪਤਾ ਹੁੰਦਾ ਤਾਂ ਕਿਸੇ ਦਿਨ ਉੱਥੇ ਹੋ ਹੀ ਆਉਂਦੇ। ਪਾਕਿਸਤਾਨ ਸਰਕਾਰ ਟੂਰਿਜ਼ਮ ਵੱਲ ਕੋਈ ਧਿਆਨ ਨਹੀਂ ਦਿੰਦੀ। ਜੇ ਗੁਰਦੁਆਰਾ ਸਾਹਿਬ ਕੋਲ ਤਕਸ਼ਿਲਾ ਬਾਰੇ ਬੋਰਡ ਲੱਗਿਆ ਹੋਵੇ ਤਾਂ ਟੈਕਸੀਆਂ ਵਾਲੇ ਇਕ ਦਿਨ ਵਿਚ ਹਜ਼ਾਰਾਂ ਰੁਪਏ ਕਮਾ ਸਕਦੇ ਹਨ। ਪਤਾ ਨਹੀਂ ਕਿਉਂ ਉਹ ਆਪਣੇ ਅਮੀਰ ਵਿਰਸੇ ਤੋਂ ਮੂੰਹ ਮੋੜਦੇ ਹਨ।

ਮੈਨੂੰ ਸਮਾਨ ਕੋਲ ਛੱਡ ਕੇ ਪ੍ਰੋ. ਜੌਹਲ ਘੁੰਮਣ ਫਿਰਨ ਚਲੇ ਗਏ। ਮੇਰੇ ਦਿਮਾਗ ਦੇ ਪਰਦੇ ਤੇ ਤਸਵੀਰਾਂ ਉਭਰਨੀਆਂ ਸ਼ੁਰੂ ਹੋ ਗਈਆਂ। ਸਪਤ ਸਿੰਧੂ ਦੇ ਇਲਾਕੇ ਦਾ ਇਹ ਮਹੱਤਵਪੂਰਣ ਹਿੱਸਾ ਯੁੱਗਾਂ ਤੋਂ ਇਤਿਹਾਸ ਅਤੇ ਸੱਭਿਆਚਾਰ ਦਾ ਕੇਂਦਰ ਰਿਹਾ ਹੈ। ਤਕਸ਼ਿਲਾ ਮਸ਼ਹੂਰ ਅਤੇ ਸਭ ਤੋਂ ਪੁਰਾਣਾ ਵਿੱਦਿਆ ਕੇਂਦਰ ਰਿਹਾ। ਦੇਸ਼ ਵਿਦੇਸ਼ ਤੋਂ ਵਿਦਵਾਨ ਸਿੱਖਿਆ ਪ੍ਰਾਪਤ ਕਰਨ ਆਉਂਦੇ ਰਹੇ। ਰਾਜੇ ਵੀ ਆਏ, ਰੰਕ ਵੀ ਆਏ। ਵੇਦ, ਸ਼ਾਸਤਰ, ਚਿਕਿਤਸਾ, ਤੀਰ ਅੰਦਾਜ਼ੀ, ਅਰਥ-ਸ਼ਾਸਤਰ, ਸਭ ਕੁਝ ਸਿਖਾਇਆ ਜਾਂਦਾ ਰਿਹਾ। ਚਾਣਕੀਆ ਵੀ ਏਥੇ ਪੜ੍ਹਾਉਂਦਾ ਰਿਹਾ ਸੀ। ਚੰਦਰ ਗੁਪਤ ਮੋਰੀਯਾ ਵੀ ਏਥੇ ਪੜ੍ਹਨ ਆਇਆ ਸੀ।

ਯੁੱਗ ਪਲਟਿਆ। ਕਈ ਹਮਲਾਵਰ ਇੱਥੋਂ ਦੀ ਲੰਘੇ। ਸਿਕੰਦਰ-ਏ-ਆਜ਼ਮ ਦੇ ਘੋੜਿਆਂ ਦੀ ਟਪ-ਟਪ ਸੁਣਾਈ ਦਿੱਤੀ। ਤਕਸ਼ਿਲਾ ਦਾ ਰਾਜਾ ਅੰਭੀ ਸਿਕੰਦਰ ਨਾਲ ਮਿਲ ਗਿਆ ਅਤੇ ਉਹ ਸਪਤ-ਸਿੰਧੂ ਦੇ ਸ਼ੇਰ ਪੋਰਸ ਉੱਤੇ ਟੁੱਟ ਪਏ। ਮੁਗਲ ਬਾਦਸ਼ਾਹ ਏਥੇ ਆਉਂਦੇ, ਠਹਿਰਦੇ ਅਤੇ ਤੁਰ ਜਾਂਦੇ ਰਹੇ। ਬਾਬੇ ਨਾਨਕ ਨੇ ਇਸ ਥਾਂ ਨੂੰ ਪਵਿੱਤਰ ਕੀਤਾ। ਮਹਾਰਾਜਾ ਰਣਜੀਤ ਸਿੰਘ ਆਪਣੇ ਜਰਨੈਲਾਂ ਸਮੇਤ ਆਪਣੀ ਸ਼ਾਨੋ ਸ਼ੌਕਤ ਦੀ ਝਲਕ ਵਿਖਾ ਗਿਆ। ਗੁਰਦੁਆਰਾ ਸੁਧਾਰ ਅੰਦੋਲਨ ਵਿਚ ਇਹ ਅਕਾਲੀਆਂ ਦਾ ਗੜ੍ਹ ਰਿਹਾ। ਪ੍ਰੋ. ਮੋਹਨ ਸਿੰਘ ਦੀ ਕਵਿਤਾ ਦੀ 'ਕੁੜੀ ਪੋਠੋਹਾਰ ਦੀ' ਏਥੇ ਕਿਤੇ ਹੀ ਸਮਾ ਗਈ। ਸਮੇਂ ਦੇ ਪਾਣੀ ਵਿਚ ਤਸਵੀਰਾਂ ਬਣਦੀਆ ਹਨ, ਮਿਟ ਜਾਂਦੀਆਂ ਹਨ। ਇਸ ਵਿਚ 1947 ਵਾਲੇ ਗ਼ਦਰ ਦਾ ਖੂਨੀ ਮਿੱਝ ਵੀ ਰਚ ਮਿਚ ਜਾਂਦਾ ਹੈ। ਸਮੇਂ ਦਾ ਦਰਿਆ ਵਗਦਾ ਹੀ ਰਹਿੰਦਾ ਹੈ। ਪਲੇਟ-ਫਾਰਮ ਤੇ ਖੜੇ ਜਿਸ ਬੋਹੜ ਦੀਆਂ ਜੜ੍ਹਾਂ ਦੀ ਬੁੱਕਲ ਵਿਚ ਬੈਠਾ ਮੈਂ ਸੁਪਨੇ ਵੇਖ ਰਿਹਾ ਸੀ, ਇਸਨੇ ਖੌਰੇ ਕੀ-ਕੀ ਵੇਖਿਆ ਹੋਣਾ ਹੈ।

ਗੱਡੀ ਦੀ ਅਵਾਜ਼ ਨੇ ਮੇਰੇ ਸੁਪਨਿਆਂ ਦੀ ਲੜੀ ਤੋੜ ਦਿੱਤੀ। ਅਸੀਂ ਇਸ ਗੱਡੀ ਨਹੀਂ ਚੜ੍ਹਨਾ ਸੀ। ਅਸੀਂ ਪਾਸੇ ਖੜ੍ਹੇ ਲੋਕਾਂ ਦੀ ਭੱਜ ਨੱਸ ਵੇਖਦੇ ਰਹੇ। ਇਕ ਆਦਮੀ ਨੇ ਹੱਥ ਤਾਂ ਪਾ ਲਏ ਪਰ ਪੈਰ ਤਿਲਕ ਗਏ। ਕੁਝ ਦੂਰ ਉਹ ਘਸੀਟਦਾ ਗਿਆ। ਹੇਠਾਂ ਖੜ੍ਹੇ ਮੁਸਾਫਰਾਂ ਨੇ ਖਿੱਚ ਕੇ ਉਸ ਨੂੰ ਬਚਾ ਲਿਆ। ਸਾਹਮਣੇ ਇੱਕ ਡੱਬੇ ਵਿਚ ਕੁਝ ਬੰਦੇ ਹੱਥੋ ਪਾਈ ਹੋ ਗਏ। ਕੁਝ ਦੇਰ ਤੋਂ ਬਾਅਦ ਗੱਡੀ ਸਾਡੇ ਕੋਲ ਦੀ ਲੰਘੀ। ਅਸੀਂ ਇੰਜਣ ਵਾਲੇ ਪਾਸੇ ਖੜ੍ਹੇ ਸਾਂ। ਸਾਰੀ ਗੱਡੀ ਵਿਚ ਕਿਤੇ ਭੀੜ ਨਹੀਂ ਸੀ। ਇੱਕ ਡੱਬੇ ਵਿਚੋਂ ਤਾਂ ਸਾਡੇ ਇੱਕ ਇਥੇ ਬਣੇ ਦੋਸਤ ਨੇ ਆਵਾਜ਼ ਦਿੱਤੀ, "ਪ੍ਰੋ. ਸਾਹਿਬ, ਆ ਜਾਓ। ਬਹੁਤ ਜਗ੍ਹਾ ਹੈ। ਪਰ ਤਦ ਤੱਕ ਗੱਡੀ ਤੇਜ਼ ਹੋ ਚੱਲੀ ਸੀ ਅਤੇ ਅਸੀਂ ਖਤਰਾ ਨਹੀਂ ਸਹੇੜਨਾ ਚਾਹੁੰਦੇ ਸਾਂ। ਥੋੜੀ ਦੇਰ ਪਹਿਲਾਂ ਹੀ ਤਾਂ ਉਹ ਯਾਤਰੀ ਘਸੀਟੀਂਦਾ ਵੇਖਿਆ ਸੀ। ਪਰ ਜਲੰਧਰ ਜ਼ਿਲ੍ਹੇ ਦੇ ਉਸ ਆਦਮੀ ਦਾ ਸੱਦਾ ਬਹੁਤ ਚੰਗਾ ਲੱਗਿਆ।

ਇਸ ਗੱਡੀ ਦੇ ਰਾਵਲਪਿੰਡੀ ਪਹੁੰਚਣ ਤੇ ਸਾਡੀ ਗੱਡੀ ਹਸਨ ਅਬਦਾਲ ਨੂੰ ਤੁਰਨੀ ਸੀ। ਅਸੀਂ ਚਾਹ ਪਾਣੀ ਪੀ ਕੇ ਟਾਈਮ ਲੰਘਾਈ ਗਏ। ਕੋਈ ਖਾਸ ਭੀੜ ਨਹੀਂ ਸੀ। ਅਸੀਂ ਖੁਸ਼ ਸਾਂ ਕਿ ਆਰਾਮ ਨਾਲ ਸੌਂ ਕੇ ਜਾਵਾਂਗੇ। ਜੌਹਲ ਸਾਹਿਬ ਨੇ ਪਿਛਲੀ ਗੱਡੀ ਦਾ ਗਹੁ ਨਾਲ ਮੁਆਇਨਾ ਕੀਤਾ ਸੀ। ਉਹ ਕਹਿੰਦੇ ਕਿ ਗੱਡੀ ਦੇ ਅਖੀਰ ਵਿਚ ਪਲੇਟ-ਫਾਰਮ ਤੋਂ ਪਿਛਲੇ ਡੱਬਿਆਂ ਵਿਚ ਭੀੜ ਨਹੀਂ ਸੀ। ਅਸੀਂ ਉਸ ਕਿਨਾਰੇ ਜਾ ਕੇ ਖਲੋ ਗਏ।

ਪੁਲੀਸ ਵਾਲੇ ਘੁੰਮ ਰਹੇ ਸਨ। ਕੁਝ ਕਮਾਂਡੋ ਦੀ ਵਰਦੀ ਵਿਚ ਦਰਸ਼ਨੀ ਜਵਾਨ ਸਨ। ਦੇਸ਼ ਦੀ ਇੱਜ਼ਤ ਦਾ ਸਵਾਲ ਬਣਾ ਕੇ ਕਿਸੇ ਮੰਗਤੇ ਨੂੰ ਯਾਤਰੀਆਂ ਕੋਲ ਨਹੀਂ ਆਉਣ ਦਿੱਤਾ ਜਾਂਦਾ ਸੀ। ਵੈਸੇ ਬਾਜ਼ਾਰਾਂ ਵਿਚ ਵੀ ਉਧਰ ਮੰਗਤੇ ਨਹੀਂ ਘੁੰਮਦੇ। ਕਿਸੇ ਸ਼ਹਿਰ ਵੀ ਬਹੁਤੇ ਮੰਗਤੇ ਨਹੀਂ ਵੇਖੇ। ਸ਼ਾਇਦ ਹਿੰਦੂ ਸੱਭਿਆਚਾਰ ਦੀ ਦਾਨੀ ਨੀਤੀ ਭਾਰਤ ਵਿਚ ਮੰਗਤਿਆਂ ਦੀਆਂ

ਹੇੜਾਂ ਪੈਦਾ ਕਰਦੀ ਹੈ। ਹਾਂ, ਬਿੰਦੀਆਂ ਅਤੇ ਕੜੇ ਉੱਥੇ ਬਹੁਤ ਲੋਕ ਮੰਗਦੇ ਹਨ। ਪਰ ਇਹ ਤਾਂ ਸ਼ੌਕ ਦੀ ਗੱਲ ਹੈ। ਏਥੇ ਵੀ ਪਲੇਟ-ਫਾਰਮ ਤੋਂ ਥੋੜਾ ਹਨੇਰੇ ਵੱਲ ਹੋਇਆ ਤਾਂ ਦੋ ਬੱਚੇ ਬਿੰਦੀਆਂ ਮੰਗਣ ਲੱਗ ਪਏ ਪਰ ਮੇਰੇ ਕੋਲ ਨਹੀਂ ਸਨ।

**ਗੱਡੀ ਵਿਚ ਯੁੱਧ** : ਜਦੋਂ ਗੱਡੀ ਦਾ ਸਿਗਨਲ ਹੋਇਆ ਤਾਂ ਸਭ ਨੇ ਪੁਜ਼ੀਸ਼ਨ ਸੰਭਾਲ ਲਈ। ਦਿੱਲੀ ਵਾਲੇ, ਪਰਿਵਾਰਾਂ ਵਾਲੇ ਅਤੇ ਪੜ੍ਹੇ ਲਿਖੇ ਲੋਕ ਹੀ ਬਚੇ ਸਨ। ਕੋਈ ਨੌਂ ਕੁ ਵਜੇ ਹੋਣਗੇ। ਗੱਡੀ ਆਈ ਤਾਂ ਕਾਫੀ ਯਾਤਰੀ ਪਹਿਲਾਂ ਹੀ ਉਸ ਵਿਚ ਸਵਾਰ ਸਨ। ਹੈਰਾਨੀ ਹੋਈ ਕਿ ਇਹ ਕਿੱਥੋਂ ਚੜ੍ਹ ਗਏ। ਕਈ ਨੌਜਵਾਨਾਂ ਨੇ ਹੇਠਲੀਆਂ ਅਤੇ ਉਪਰਲੀਆਂ ਚਾਰ ਚਾਰ ਸੀਟਾਂ ਅੱਗੇ ਬਾਹਾਂ ਫੈਲਾਅ ਕੇ ਬੈਰੀਅਰ ਬਣਾ ਲਿਆ ਅਤੇ ਉਨ੍ਹਾਂ ਦੇ ਸਾਥੀ ਆਉਂਦਿਆਂ ਹੀ ਸੀਟਾਂ ਤੇ ਲੇਟ ਗਏ। ਸਾਨੂੰ ਖਿੜਕੀਆਂ ਦੇ ਨਾਲ ਬੈਠਣ ਵਾਲੀਆਂ ਇਕਹਿਰੀਆਂ ਸੀਟਾਂ ਹੀ ਮਿਲੀਆਂ। ਉਹ ਵਾਧੂ ਸਨ।

ਇੱਕ ਪੇਂਡੂ ਨੌਜਵਾਨ ਪਰਿਵਾਰ ਸਹਿਤ ਖਾਲੀ ਸੀਟਾਂ ਵੱਲ ਵਧਿਆ। ਅੱਗੋਂ ਦਿੱਲੀ ਵਾਲਾ ਲੜਕਾ ਬਾਹਾਂ ਦਾ ਫਾਟਕ ਲਾਈ ਖੜ੍ਹਾ ਸੀ। ਉਹ ਕਹਿੰਦਾ, "ਇਹ ਚਾਰ ਸੀਟਾਂ ਰਿਜ਼ਰਵ ਹਨ।" ਧੱਕਾ ਮਾਰ ਕੇ ਪਾਸੇ ਕਰਦਾ ਹੋਇਆ, ਉਹ ਪੇਂਡੂ ਕਹਿੰਦਾ, "ਪਾਸੇ ਹਟ। ਲਗਦਾ ਰਜ਼ਬਬ ਦਾ।" ਉਹ ਬੈਠੇ ਹੀ ਸਨ ਕਿ ਦਿੱਲੀ ਵਾਲੇ ਲੜਕੇ ਦੇ ਸਾਥੀ ਆਦਮੀ, ਔਰਤਾਂ ਵੀ ਚੜ੍ਹ ਗਏ। ਇੱਕ ਲੜਕਾ, ਦੋ ਔਰਤਾਂ। ਤਕਰਾਰ ਹੁੰਦੇ ਹੁੰਦੇ ਉਹ ਗੁੱਥਮ ਗੁੱਥਾ ਹੋ ਗਏ। ਉਹ ਘਸੁੰਨ ਮੁੱਕੀ ਹੋ ਗਏ। ਪੱਗਾਂ ਲਹਿ ਗਈਆਂ। ਵਾਲ ਖੁੱਲ ਗਏ। ਔਰਤਾਂ ਰੋਣ ਕੁਰਲਾਉਣ ਲੱਗ ਪਈਆਂ। ਕਿਸੇ ਸਵਾਰੀ ਨੇ ਕੋਈ ਦਖਲ ਨਹੀਂ ਦਿੱਤਾ। ਸਿੰਘ ਯੁੱਧ ਕਰ ਰਹੇ ਸਨ, ਪਰ ਚੁੱਪ ਚਾਪ। ਕੋਈ ਗਾਲੀ ਗਲੋਚ ਨਹੀਂ ਕੀਤਾ। (ਸ਼ਾਇਦ ਧੀਆਂ ਭੈਣਾਂ ਨਾਲ ਹੋਣ ਕਰਕੇ)। ਅਖੀਰ ਥੱਕ ਹਾਰ ਕੇ ਉਹ ਆਪ ਹੀ ਬੈਠ ਗਏ। ਪਲੇਟ-ਫਾਰਮ ਤੇ ਖੜੇ ਪੁਲੀਸ ਵਾਲੇ ਅੰਦਰਲੇ ਨਜ਼ਾਰੇ ਨੂੰ ਧਿਆਨ ਨਾਲ ਵੇਖ ਕੇ ਮੁਸਕਰਾ ਰਹੇ ਸਨ। ਪਰ ਉਨ੍ਹਾਂ ਨੇ ਸਿੰਘਾਂ ਦੇ ਅੰਦਰੂਨੀ ਮਸਲੇ ਵਿਚ ਦਖਲ ਨਹੀਂ ਦਿੱਤਾ। ਦਸਤਾਰਾਂ ਦੁਬਾਰਾ ਸਜਾ ਕੇ ਉਹ ਘੂਰ ਘੂਰ ਕੇ ਵੇਖਦੇ ਰਹੇ, ਜਿਵੇਂ ਇੱਕ ਦੂਜੇ ਨੂੰ ਪੁੱਛ ਰਹੇ ਹੋਣ, "ਬੋਲ ਤੇਰੇ ਸਾਥ ਕਿਆ ਸਲੂਕ ਕੀਆ ਜਾਏ ?" ਆਖਰ ਸਿਕੰਦਰ ਅਤੇ ਪੋਰਸ ਦੀ ਜੰਗ ਵਾਲੇ ਇਲਾਕੇ ਵਿਚ ਕੁਝ ਨਾ ਕੁਝ ਤਾਂ ਹੋਣਾ ਹੀ ਚਾਹੀਦਾ ਸੀ।

ਗੱਡੀ ਵਿਚ ਪਹਿਲਾਂ ਹੀ ਚੜ੍ਹ ਕੇ ਆਏ ਯਾਤਰੀਆਂ ਦੇ ਤਰੀਕੇ ਬਾਰੇ ਸਾਨੂੰ ਕਾਫੀ ਦਿਨਾਂ ਬਾਅਦ ਕਿਸੇ ਨੇ ਸਮਝਾਇਆ। ਕਈ ਸ਼ਰਧਾਲੂ ਵਾਰ ਵਾਰ ਯਾਤਰਾ ਤੇ ਜਾਂਦੇ ਹਨ ਅਤੇ ਤਜਰਬੇਕਾਰ ਹੋ ਜਾਂਦੇ ਹਨ। ਹਸਨ ਅਬਦਾਲ ਤੋਂ ਚੱਲੀ ਹਰੇਕ ਗੱਡੀ ਰਾਵਲਪਿੰਡੀ (45 ਕਿਲੋਮੀਟਰ ਦੂਰ) ਜਾ ਕੇ ਕੁਝ ਦੇਰ ਰੁਕਦੀ ਹੈ। ਉੱਥੇ ਹਸਨ ਅਬਦਾਲ ਆਉਣ ਲਈ ਖਾਲੀ ਗੱਡੀ ਲੱਗੀ ਖੜ੍ਹੀ ਹੁੰਦੀ ਹੈ। ਤਜਰਬੇਕਾਰ ਸਿੰਘਾਂ ਵਿੱਚੋਂ ਇੱਕ ਜਣਾ ਜਾਂਦਾ ਹੈ ਅਤੇ ਬਾਕੀਆਂ ਲਈ ਸੀਟਾਂ ਰੋਕ ਕੇ ਲੈ ਆਉਂਦਾ ਹੈ। ਸੋ ਸਿੰਪਲ, ਹੈ ਨਾ ?

**ਲਾਹੌਰ** : ਸਾਡੀ ਗੱਡੀ 15 ਅਪ੍ਰੈਲ ਨੂੰ ਸਵੇਰੇ 5 ਵਜੇ ਲਾਹੌਰ ਦੇ ਬਦਾਮੀ ਬਾਗ ਸਟੇਸ਼ਨ ਉੱਤੇ ਪਹੁੰਚੀ। ਇੱਥੋਂ ਦੀ ਪਹਿਲਾਂ ਵੀ ਅਸੀਂ ਦੋ ਵਾਰ ਲੰਘ ਚੁੱਕੇ ਸਾਂ, ਪਰ ਹੁਣ ਏਥੇ ਗੁਰਦੁਆਰਾ ਦੇਹਰਾ ਸਾਹਿਬ ਵਿਚ ਚਾਰ ਦਿਨ (15 ਤੋਂ 18 ਅਪ੍ਰੈਲ) ਦਾ ਪੜਾਅ ਸੀ। ਸਟੇਸ਼ਨ ਤੋਂ ਗੁਰਦੁਆਰਾ ਦੇਹਰਾ ਸਾਹਿਬ ਨੇੜੇ ਹੀ ਹੈ। ਜਲਦੀ ਹੀ ਪਹੁੰਚ ਗਏ। ਠਹਿਰਨ ਦਾ ਇੰਤਜ਼ਾਮ ਏਥੇ ਵੀ ਨਾ ਹੋਣ ਦੇ ਬਰਾਬਰ ਹੈ। ਗੁਰਦੁਆਰਾ ਸਾਹਿਬ ਦੇ ਨਾਲ ਹੀ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਹੈ। ਉਹ ਕਾਫ਼ੀ ਉੱਚੇ ਚਬੂਤਰੇ ਤੇ ਬਣਾਈ ਗਈ ਹੈ। ਉਸ ਦੇ ਹੇਠਾਂ ਗੋਲ ਡਾਟਾਂ

ਜੋੜ ਕੇ ਲੰਬੀਆਂ ਸੁਰੰਗਾਂ ਜੋਹੀਆਂ ਹਨ। ਸਿੱਖ ਰਾਜ ਵੇਲੇ ਸ਼ਾਇਦ ਏਥੇ ਘੋੜੇ ਬੰਨ੍ਹਦੇ ਹੋਣਗੇ। ਪਰ ਹੁਣ ਜਿਸ ਯਾਤਰੀ ਨੂੰ ਏਥੇ ਸਿਰ ਲੁਕਾਉਣ ਨੂੰ ਥਾਂ ਮਿਲ ਜਾਵੇ, ਉਹ ਆਪਣੇ ਆਪ ਨੂੰ ਭਾਗਸ਼ਾਲੀ ਸਮਝਦਾ ਹੈ। ਇਨ੍ਹਾਂ ਵਿਚੋਂ ਕੁਝ ਸੁਰੰਗਾਂ ਦੇ ਵਿਚਾਲੇ ਕੰਧ ਕੱਢ ਕੇ ਕਮਰੇ ਜੇਹੇ ਬਣਾ ਦਿੱਤੇ ਹਨ। ਕਈ ਆਰ ਪਾਰ ਦੋਵੇਂ ਪਾਸੇ ਖੁਲ੍ਹਦੀਆਂ ਹਨ ਅਤੇ ਸਾਮਾਨ ਦੀ ਕੋਈ ਸੁਰੱਖਿਆ ਨਹੀਂ। ਏਥੇ ਵੀ ਟੈਂਟ ਲੱਗੇ ਹੋਏ ਸਨ ਅਤੇ ਉਹ ਖਚਾ ਖਚ ਭਰੇ ਹੋਏ ਸਨ। ਕੁਝ ਨਵੇਂ ਬਣੇ ਕਮਰੇ ਵੀ ਸਨ, ਪਰ ਉਹ ਕੁਝ ਖਾਸ ਲੋਕਾਂ ਲਈ ਹੀ ਸਨ। ਅਸੀਂ ਆਏ ਵੀ ਆਖਰੀ ਗੱਡੀ ਉੱਤੇ ਸਾਂ। ਮੱਥਾ ਟੇਕ ਕੇ ਅਸੀਂ ਰਿਹਾਇਸ਼ ਸੰਬੰਧੀ ਸੋਚ ਹੀ ਰਹੇ ਸਾਂ ਕਿ ਏਨੇ ਵਿਚ ਸ੍ਰ. ਧਰਮ ਸਿੰਘ ਪੰਨੂ ਮਿਲ ਗਏ। ਉਨ੍ਹਾਂ ਨੇ ਸਮਾਧ ਹੇਠਲਾ ਇਕ ਕਮਰਾ ਲੈ ਲਿਆ ਸੀ ਅਤੇ ਆਪਣੇ ਨਾਲ ਮੁਕਤਸਰ ਦੇ ਸਾਡੇ ਸਾਥੀ ਯਾਤਰੀਆਂ ਨੂੰ ਵੀ ਠਹਿਰਾ ਲਿਆ ਸੀ। ਪੰਨੂ ਸਾਹਿਬ ਕੈਨੇਡਾ ਹੋ ਕੇ ਆਏ ਸਨ ਅਤੇ ਸਫ਼ਾਰੀ ਸੂਟ ਵਿਚ ਉਧਰਲੇ ਕਹਿ ਕੇ ਹੀ ਜਗ੍ਹਾ ਲਈ ਸੀ। ਸਾਥੋਂ ਪਹਿਲਾਂ ਉੱਥੇ ਕੈਨੇਡਾ ਤੋਂ ਆਇਆ ਹੋਇਆ ਇੱਕ ਬਜ਼ੁਰਗ ਜੋੜਾ ਠਹਿਰਿਆ ਹੋਇਆ ਸੀ। ਉਹ ਪਤੀ ਪਤਨੀ 80-80 ਸਾਲ ਦੇ ਕਰੀਬ ਸਨ। ਜਦੋਂ ਅਸੀਂ ਉੱਥੇ ਜਾ ਕੇ ਅਟੈਚੀ ਰੱਖੇ ਤਾਂ ਕੈਨੇਡੀਅਨ ਜੋੜਾ ਜਾਣ ਹੀ ਵਾਲਾ ਸੀ। ਉਨ੍ਹਾਂ ਕੋਲ ਕਾਫ਼ੀ ਭਾਰਾ ਅਟੈਚੀ ਅਤੇ ਬੈਗ ਸੀ। ਮੈਂ ਚੁੱਕ ਕੇ ਗੇਟ ਤੋਂ ਬਾਹਰ ਤੱਕ ਛੁਡਵਾ ਆਇਆ। ਮਾਤਾ ਨੇ ਬਹੁਤ ਅਸੀਸਾਂ ਦਿਤੀਆਂ, ਪਰ ਦਿਲ ਵਿਚ ਅਸੀਂ ਉਨ੍ਹਾਂ ਨੂੰ ਅਸੀਸਾਂ ਦਿੱਤੀਆਂ ਕਿ ਸਾਨੂੰ ਸਿਰ ਲੁਕਾਉਣ ਨੂੰ ਥਾਂ ਬਣਾ ਦਿੱਤੀ।

ਗੁਰਦੁਆਰਾ ਦੇਹਰਾ ਸਾਹਿਬ ਬਹੁਤ ਥੋੜੀ ਜਗ੍ਹਾ ਵਿਚ ਸਥਿਤ ਹੈ। ਅਤਿਅੰਤ ਅਣਮਨੁੱਖੀ ਤਸੀਹੇ ਦੇਣ ਤੋਂ ਬਾਅਦ 30 ਮਈ 1606 ਨੂੰ ਇੱਥੇ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਗਿਆ ਸੀ। ਸਦੀਆਂ ਤੱਕ ਸਿੱਖਾਂ ਨੂੰ ਜ਼ੁਲਮ ਨਾਲ ਸੰਘਰਸ਼ ਕਰਨਾ ਪਿਆ, ਯੁੱਗ ਪਲਟਣ ਨਾਲ ਮਹਾਰਾਜਾ ਰਣਜੀਤ ਸਿੰਘ ਨੇ ਇਸ ਪਵਿੱਤਰ ਸਥਾਨ ਤੇ ਇਹ ਗੁਰਦੁਆਰਾ ਬਣਵਾਇਆ। ਇਸ ਦੇ ਲਗਭੱਗ ਉੱਤਰ ਵੱਲ ਸ਼ਹਿਰ ਦੀ ਬਹੁਤ ਚੌੜੀ ਸੜਕ ਹੈ। ਪੂਰਬ ਵੱਲ ਕਿਲ੍ਹੇ ਨੂੰ ਜਾਣ ਵਾਲੀ ਸੜਕ ਹੈ। ਪੱਛਮ ਵੱਲ ਨੇੜੇ ਹੀ ਸੁੱਕ ਚੁੱਕੇ ਰਾਵੀ ਦਰਿਆ ਦਾ ਪੱਤਣ ਹੈ। ਦੱਖਣ ਵੱਲ ਬਾਦਸ਼ਾਹੀ ਮਸਜਿਦ ਆਦਿ ਹਨ। ਆਸੇ-ਪਾਸੇ ਅਬਾਦੀ ਕੋਈ ਨਹੀਂ ਹੈ। ਇਮਾਰਤ ਛੋਟੀ ਹੋਣ ਦੇ ਬਾਵਜੂਦ ਵੀ ਗੁਰਦੁਆਰਾ ਸਾਹਿਬ ਦੇ ਵਾਤਾਵਰਣ ਵਿਚ ਅਦੁੱਤੀ ਸ਼ਾਂਤੀ ਅਤੇ ਇਕਾਗਰਤਾ ਹੈ।

**ਲਾਹੌਰ ਦਾ ਕਿਲ੍ਹਾ** : ਇਹ ਮਸ਼ਹੂਰ ਗੱਲ ਰਹੀ ਹੈ ਕਿ ਜਿਸਨੇ ਲਾਹੌਰ ਨਹੀਂ ਵੇਖਿਆ, ਉਸਨੇ ਕੁਝ ਨਹੀਂ ਵੇਖਿਆ। ਇਸ ਲਈ ਅਸੀਂ ਹਰ ਰੋਜ਼ ਤਿਆਰ ਹੋ ਕੇ, ਮੱਥਾ ਟੇਕ ਕੇ ਸ਼ਹਿਰ ਵੇਖਣ ਦਾ ਮਨ ਬਣਾਇਆ ਹੋਇਆ ਸੀ।

ਸਭ ਤੋਂ ਪਹਿਲਾਂ ਅਸੀਂ ਕਿਲ੍ਹਾ ਵੇਖਣ ਗਏ। ਇਹ ਗੁਰਦੁਆਰਾ ਸਾਹਿਬ ਦੇ ਬਿਲਕੁਲ ਨੇੜੇ ਪੂਰਬ ਵਾਲੇ ਪਾਸੇ ਹੈ। ਦਿਓ ਕੱਦ ਗੇਟ ਅੰਦਰ ਵੜਦਿਆਂ ਬਹੁਤ ਖੁਸ਼ੀ ਹੋਈ ਕਿ ਅਸੀਂ ਉਸ ਗੇਟ ਵਿਚੋਂ ਲੰਘ ਰਹੇ ਸਾਂ ਜਿਸ ਵਿਚੋਂ ਕਿੰਨੇ ਹੀ ਮੁਗ਼ਲ ਬਾਦਸ਼ਾਹ, ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ ਅਫ਼ਸਰ ਆਪਣੀ ਸ਼ਾਨੋ ਸ਼ੌਕਤ ਨਾਲ ਲੰਘਦੇ ਰਹੇ ਸਨ। ਟਿਕਟਾਂ ਲਈਆਂ ਅਤੇ ਅੰਦਰ ਚਲੇ ਗਏ। ਸੱਜੇ ਪਾਸੇ ਕੋਨੇ ਵਿਚ ਇੱਕ ਕਿਤਾਬਾਂ ਦੀ ਦੁਕਾਨ ਸੀ। ਪਰ ਉੱਥੇ ਸਾਨੂੰ ਸਾਡੇ ਕੰਮ ਦੀ ਕੋਈ ਕਿਤਾਬ ਨਹੀਂ ਮਿਲੀ। ਉਸਦੇ ਕੋਲ ਹੀ ਇੱਕ ਵੱਡੇ ਬੋਰਡ ਉੱਤੇ ਉਸ ਕਿਲ੍ਹੇ ਦਾ ਇਤਿਹਾਸ ਲਿਖਿਆ ਹੋਇਆ ਸੀ। ਇਹ ਵੇਖ ਕੇ ਬਹੁਤ ਦੁੱਖ ਹੋਇਆ ਕਿ ਜਿੱਥੇ ਕਿਤੇ ਮਹਾਰਾਜਾ ਰਣਜੀਤ ਸਿੰਘ ਦਾ ਅਤੇ ਉਸਦੇ ਵਾਰਸਾਂ ਦਾ ਨਾਮ ਲਿਖਿਆ ਸੀ, ਉਹ ਸ਼ਰਾਰਤੀ

ਲੋਕਾਂ ਨੇ ਖੁਰਚ ਖੁਰਚ ਕੇ ਮਿਟਾ ਦਿੱਤਾ ਸੀ। ਇੰਜ ਲਗਦਾ ਸੀ ਜਿਵੇਂ ਮਹਾਰਾਜਾ ਰਣਜੀਤ ਸਿੰਘ ਨੇ ਕਦੇ ਏਥੇ ਪੈਰ ਹੀ ਨਾ ਰੱਖਿਆ ਹੋਵੇ। ਇਤਿਹਾਸ ਇਸ ਤਰ੍ਹਾਂ ਖੁਰਚ ਕੇ ਨਹੀਂ ਮਿਟ ਸਕਦਾ। ਨਫ਼ਰਤ ਅਤੇ ਤੰਗਦਿਲੀ ਦੇ ਜਜ਼ਬੇ ਨਾਲ ਇਤਿਹਾਸਕ ਤੱਥਾਂ ਤੋਂ ਮੂੰਹ ਮੋੜਨ ਵਾਲੀਆਂ ਕੌਮਾਂ ਦਾ ਆਪਣਾ ਹੀ ਭਵਿੱਖ ਵਿਗੜ ਜਾਂਦਾ ਹੈ।

ਥੋੜਾ ਅੱਗੇ ਗਏ ਤਾਂ ਇੱਕ ਨਿੰਮ ਹੇਠ ਪਿੱਤਲ ਦੀ ਬਹੁਤ ਵੱਡੀ ਤੋਪ ਪਈ ਸੀ। ਉੱਥੇ ਕੋਈ ਲਿਖਤ ਨਹੀਂ ਸੀ ਜੋ ਦੱਸ ਸਕੇ ਕਿ ਇਹ ਕਿਸ ਦੀ ਸੀ। ਉਪਰ ਨੂੰ ਚੁੱਕੇ ਹੋਏ ਤੋਪ ਦੇ ਮੂੰਹ ਵਿਚ ਖਾਣ ਪੀਣ ਦੀਆਂ ਚੀਜ਼ਾਂ ਦੇ ਲਿਫ਼ਾਫੇ ਸੁੱਟੇ ਹੋਏ ਸਨ। ਕਦੇ ਦੁਸ਼ਮਣ ਦੇ ਛੱਕੇ ਛਡਾਉਣ ਵਾਲੀ ਇਹ ਤੋਪ ਡਸਟ-ਬਿਨ ਬਣੀ ਪਈ ਸੀ। ਬਹੁਤ ਦੁੱਖ ਹੋਇਆ।

ਅੱਗੇ ਮੁਗ਼ਲ ਬਾਦਸ਼ਾਹਾਂ ਦਾ ਦਰਬਾਰ-ਏ-ਆਮ ਵੇਖਿਆ। ਆਮ ਲੋਕਾਂ ਦੇ ਬੈਠਣ ਵਾਲਾ ਤਿੰਨ ਪਾਸਿਆਂ ਤੋਂ ਖੁੱਲ੍ਹਾ ਹਾਲ ਪੱਛਮ ਵੱਲ ਹੈ। ਉਪਰ ਵਧੀਆ ਲੱਕੜ ਦੇ ਲੰਬੇ ਸ਼ਤੀਰਾਂ ਵਾਲੀ ਛੱਤ ਦੀ ਹਾਲਤ ਬਹੁਤ ਅੱਛੀ ਹੈ। ਜਨਤਾ ਵਾਸਤੇ ਰੱਸੀ ਨਾਲ ਖਿੱਚਣ ਵਾਲੇ ਪੱਖੇ ਲਾਉਣ ਲਈ ਉਪਰ ਕੁੰਡੇ ਲੱਗੇ ਹੋਏ ਹਨ। ਪੌੜੀ ਚੜ੍ਹ ਕੇ ਉੱਪਰ ਚਲੇ ਗਏ। ਬਾਦਸ਼ਾਹਾਂ ਦੇ ਦਰਸ਼ਨ ਦੇਣ ਵਾਲੇ ਝਰੋਖੇ 'ਚ ਖਲੋਕੇ ਵੇਖਿਆ। ਪੂਰਬ ਵੱਲ ਉਹ ਕਮਰਾ ਹੈ ਜਿੱਥੇ ਬਾਦਸ਼ਾਹ ਦਰਬਾਰੀਆਂ ਅਤੇ ਖਾਸ ਵਿਅਕਤੀਆਂ ਨੂੰ ਮਿਲਦੇ ਸਨ। ਚੜ੍ਹਦੇ ਸੂਰਜ ਵਾਲਾ ਪਾਸਾ ਖੁੱਲ੍ਹਾ ਹੈ। ਸਾਹਮਣੇ ਕਾਫੀ ਖੁੱਲ੍ਹਾ ਮੈਦਾਨ ਹੈ ਜਿਸ ਵਿਚ ਝਰਨੇ ਲੱਗੇ ਹੋਏ ਹਨ। ਇਹ ਅਜੇ ਵੀ ਚਲਦੇ ਹਨ ਪਰ ਸਫ਼ਾਈ ਦੀ ਕਮੀ ਹੈ। ਆਸੇ ਪਾਸੇ ਬੈਠਣ ਲਈ ਖੁੱਲ੍ਹੇ ਫਰਸ਼ ਹਨ। ਇੱਥੇ ਖੂਬ ਮਹਿਫਲਾਂ ਲਗਦੀਆਂ ਰਹੀਆਂ ਹੋਣਗੀਆਂ।

ਕਿਲ੍ਹੇ ਵਿਚ ਕਾਫ਼ੀ ਯਾਤਰੀ ਅਤੇ ਕੁਝ ਸਥਾਨਕ ਲੋਕ ਵੀ ਘੁੰਮ ਰਹੇ ਸਨ। ਕੁਝ ਪਾਕਿਸਤਾਨੀ ਲੜਕੇ ਸਾਨੂੰ ਪੁੱਛਣ ਲੱਗੇ, "ਤੁਹਾਡੇ ਸਾਰੇ ਲੋਕਾਂ ਨੇ ਪਗੜੀਆਂ ਕਿਉਂ ਬੰਨ੍ਹੀਆਂ ਹੋਈਆਂ ਨੇ ?" ਅਸੀਂ ਉਨ੍ਹਾਂ ਨੂੰ ਸਮਝਾਇਆ ਕਿ ਇਹ ਸਾਡੇ ਧਰਮ ਦਾ ਹਿੱਸਾ ਹੈ। ਹੈਰਾਨੀ ਹੋਈ ਕਿ ਇਨ੍ਹਾਂ ਨੂੰ ਸਿੱਖਾਂ ਬਾਰੇ ਇੰਨਾ ਵੀ ਪਤਾ ਨਹੀਂ। ਅਮਰੀਕਾ ਆਦਿ ਦੇਸ਼ਾਂ ਵਿਚ ਤਾਂ ਦਾੜ੍ਹੀ ਵਾਲੇ ਕੱਟੜ ਮੁਸਲਮਾਨਾਂ ਅਤੇ ਸਿੱਖਾਂ ਵਿਚਕਾਰ ਫਰਕ ਪਤਾ ਨਾ ਲੱਗਣਾ ਸਮਝ ਵਿਚ ਆਉਂਦਾ ਹੈ। ਪਰ ਪੱਛਮੀ ਪੰਜਾਬ ਦੀ ਨਵੀਂ ਪੀੜ੍ਹੀ ਦਾ ਪੂਰਬੀ ਪੰਜਾਬ ਤੋਂ ਇਸ ਤਰ੍ਹਾਂ ਅਗਿਆਨ ਹੋਣਾ ਦੁੱਖ ਦੀ ਗੱਲ ਹੈ।

**ਸਿੱਖ ਅਜਾਇਬ ਘਰ :** ਇਸ ਤੋਂ ਬਾਅਦ ਅਸੀਂ ਸਿੱਖ ਅਜਾਇਬ ਘਰ ਵੇਖਣ ਗਏ। ਉਥੇ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਕਾਲ ਦੇ ਸਮੇਂ ਹੱਥਾਂ ਨਾਲ ਵਰਤਣ ਵਾਲੇ ਬਹੁਤ ਕਿਸਮ ਦੇ ਹਥਿਆਰ, ਪਸਤੌਲ, ਬੰਦੂਕਾਂ ਆਦਿ ਸ਼ੀਸ਼ਿਆਂ ਵਿਚ ਰੱਖੇ ਹੋਏ ਹਨ। ਬਹੁਤ ਹੀ ਸੁੰਦਰ ਸਿੱਖ ਰਾਜ ਸਮੇਂ ਦੀਆਂ ਤਸਵੀਰਾਂ ਸ਼ੀਸ਼ਿਆਂ ਪਿੱਛੇ ਲੱਗੀਆਂ ਹੋਈਆਂ ਹਨ। ਸਾਰੇ ਪਾਸਿਆਂ ਤੋਂ ਬੰਦ ਹੋਣ ਕਰਕੇ ਕਮਰੇ ਵਿਚ ਹਨੇਰਾ ਹੈ। ਤਸਵੀਰਾਂ ਇਸ ਢੰਗ ਨਾਲ ਲਾਈਆਂ ਹੋਈਆਂ ਹਨ ਕਿ ਵੇਖ ਕੇ ਮਨ ਬਹੁਤ ਦੁਖੀ ਹੁੰਦਾ ਹੈ। ਕਈ ਤਸਵੀਰਾਂ ਦੇ ਉੱਪਰ ਵਾਲੀਆਂ ਟਿਊਬਾਂ ਬੰਦ ਸਨ। ਕਈਆਂ ਦੇ ਹੇਠ ਲਿਖਤ ਬਰੀਕ ਸੀ ਅਤੇ ਉਹ ਇੰਨੀ ਦੂਰ ਕਰਕੇ ਰੱਖੀਆਂ ਸਨ ਕਿ ਪੜ੍ਹਿਆ ਜਾ ਹੀ ਨਹੀਂ ਸਕਦਾ ਸੀ। ਇਨ੍ਹਾਂ ਬਾਰੇ ਤਾਂ ਅਣਗਹਿਲੀ ਕਿਹਾ ਜਾ ਸਕਦਾ ਹੈ। ਪਰ ਕੁਝ ਤਸਵੀਰਾਂ ਦੇ ਹੇਠੋਂ ਲਿਖਤ ਪਾੜ ਹੀ ਦਿੱਤੀ ਗਈ ਸੀ। ਸਪਸ਼ਟ ਹੈ ਕਿ ਪਾਕਿਸਤਾਨ ਸਰਕਾਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸ਼ਾਨ ਨੂੰ ਘੱਟ ਤੋਂ ਘੱਟ ਵਿਖਾਉਣਾ ਚਾਹੁੰਦੀ ਹੈ। ਇਸ ਅਜਾਇਬ ਘਰ ਉੱਤੇ ਇੱਕ ਅੰਤਰਰਾਸ਼ਟਰੀ ਸੰਸਥਾ ਖਰਚ ਕਰਦੀ ਹੈ। ਨਹੀਂ ਤਾਂ ਇਹ

ਸਭ ਕੁਝ ਵੀ ਗਾਇਬ ਕਰ ਦਿੱਤਾ ਜਾ ਸਕਦਾ ਹੈ। ਅਸੀਂ ਭਾਰੇ ਮਨ ਨਾਲ ਬਾਹਰ ਨਿਕਲੇ।

ਇੱਕ ਜਗਾ ਛੋਟੀ ਜਿਹੀ ਕੇਂਟੀਨ ਸੀ। ਚਾਹ ਪੀਣ ਦੇ ਇਰਾਦੇ ਨਾਲ ਅਸੀਂ ਨਿੰਮ ਹੇਠ ਲੱਗੀਆਂ ਕੁਰਸੀਆਂ ਤੇ ਬੈਠ ਗਏ। ਜਦੋਂ ਕੋਈ ਆਰਡਰ ਲੈਣ ਨਾ ਆਇਆ, ਤਾਂ ਅੰਦਰ ਜਾ ਕੇ ਕਿਹਾ। ਪਰ ਦੁੱਧ ਖਤਮ ਸੀ। ਨਾਲ ਹੀ ਇੱਕ ਦੁਕਾਨ ਸੀ ਜਿਸ ਵਿੱਚ ਨਿਸ਼ਾਨੀਆਂ ਲਿਜਾਣ ਲਈ ਕਾਫੀ ਸੁੰਦਰ ਚੀਜ਼ਾਂ ਸਨ। ਰੇਟ ਬਹੁਤ ਜ਼ਿਆਦਾ ਸਨ। ਇੱਕ ਯਾਤਰੀ ਖ਼ਿੱਤਲ ਦਾ 'ਮਿਨਾਰ-ਏ-ਪਾਕਿਸਤਾਨ' ਦਾ ਮਾਡਲ ਪੈਕ ਕਰਵਾ ਰਿਹਾ ਸੀ—ਪਾਕਿਸਤਾਨ ਦੀ ਸ਼ਾਨ ਦੀ ਨਿਸ਼ਾਨੀ। ਆਪਣੇ ਲੋਕ ਕਿੰਨੇ ਖੁੱਲ੍ਹੇ ਦਿਲੇ ਹਨ। ਸ਼ਾਇਦ ਇਸੇ ਕਰਕੇ ਪਾਕਿਸਤਾਨ ਦੇ ਮੁਕਾਬਲੇ ਵਿੱਚ ਇਤਨੀ ਜ਼ਿਆਦਾ ਤਰੱਕੀ ਕਰ ਗਏ।

ਕੁਝ ਇਮਾਰਤਾਂ ਚੰਗੀ ਹਾਲਤ ਵਿੱਚ ਹਨ। ਇੱਕ ਟੋਲੀ ਨਾਲ ਗਾਈਡ ਵੀ ਸੀ। ਉਹ ਮੁਗ਼ਲਾਂ ਦੇ ਸੋਹਲੇ ਗਾ ਰਿਹਾ ਸੀ। ਉਸਨੂੰ ਕੋਈ ਖਾਸ ਗਿਆਨ ਨਹੀਂ ਲਗਦਾ ਸੀ। ਥੋੜਾ ਏਧਰ-ਉੱਧਰ ਘੁੰਮ ਕੇ ਅਸੀਂ ਬਾਹਰ ਆ ਗਏ।

ਗੇਟ ਕੋਲ ਸਾਨੂੰ ਇੱਕ ਬਜ਼ੁਰਗ ਪਾਕਿਸਤਾਨੀ ਮਿਲ ਗਿਆ। ਉਹ ਮਲੋਟ ਕੋਲੋਂ ਕਿਸੇ ਪਿੰਡ ਤੋਂ ਉੱਜੜ ਕੇ ਗਿਆ ਸੀ। ਗਰੀਬ ਜਿਹਾ ਆਦਮੀ ਸੀ। ਉਹ ਸਭ ਦੇ ਤਰਲੇ ਕੱਢ ਰਿਹਾ ਸੀ ਕਿ ਮੈਨੂੰ ਮਲੋਟ ਦਾ ਕੋਈ ਬੰਦਾ ਮਿਲਾ ਦਿਓ। ਅਸੀਂ ਦੱਸਿਆ ਕਿ ਅਸੀਂ ਮੁਕਤਸਰ ਦੇ ਹਾਂ। ਉਹ ਕਹਿੰਦਾ, "ਮੁਕਤਸਰ ਸੁਣਿਆ ਤਾਂ ਸੀ, ਪਰ ਮੈਂ ਵੇਖਿਆ ਨਹੀਂ।" ਇਸੇ ਤਰ੍ਹਾਂ ਦਾ ਇੱਕ ਬਜ਼ੁਰਗ ਹਸਨ ਅਬਦਾਲ ਵਿੱਚ ਜਲੰਧਰ ਦੇ ਕਿਸੇ ਬੰਦੇ ਨੂੰ ਭਾਲਦਾ ਫਿਰਦਾ ਵੇਖਿਆ ਸੀ। ਜਨਮ ਭੂਮੀ ਦੀ ਯਾਦ ਅਜੇ ਵੀ ਮਨਾ ਵਿੱਚੋਂ ਮਿਟੀ ਨਹੀਂ। ਪੁਲਿਸ ਵਾਲੇ ਸਥਾਨਕ ਲੋਕਾਂ ਨੂੰ ਯਾਤਰੀਆਂ ਕੋਲ ਨਹੀਂ ਆਉਣ ਦਿੰਦੇ। ਨਹੀਂ ਤਾਂ ਬਹੁਤ ਮੁਲਾਕਾਤਾਂ ਹੋ ਸਕਦੀਆਂ ਹਨ ਅਤੇ ਯਾਦਾਂ ਤਾਜ਼ੀਆਂ ਹੋ ਸਕਦੀਆਂ ਹਨ।

**ਲਵ ਦਾ ਮੰਦਰ :** ਲਾਹੌਰ ਸ਼ਹਿਰ ਭਗਵਾਨ ਰਾਮ ਚੰਦਰ ਜੀ ਦੇ ਸਪੁੱਤਰ 'ਲਵ' ਦਾ ਵਸਾਇਆ ਹੋਇਆ ਮੰਨਿਆ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਲਵ ਦਾ ਮੰਦਰ ਕਿਲ੍ਹੇ ਵਿੱਚ ਹਜ਼ੂਰੀ ਬਾਗ਼ ਦੀ ਬਾਹੀ ਵੱਲ ਇਕ ਨੀਵੇਂ ਥਾਂ ਤੇ ਸਥਿਤ ਹੈ। ਪਰ ਬਹੁਤ ਕੋਸ਼ਿਸ਼ ਕਰਨ ਤੇ ਵੀ ਸਾਨੂੰ ਉਹ ਨਹੀਂ ਮਿਲਿਆ।

**ਲੰਗਰ ਹਾਲ :** ਕਿਲ੍ਹੇ ਤੋਂ ਆ ਕੇ ਅਸੀਂ ਲੰਗਰ ਛਕਣਾ ਸੀ। ਦੇਹਰਾ ਸਾਹਿਬ ਵਿੱਚ ਵੀ ਲੰਗਰ ਹਾਲ ਨਹੀਂ ਹੈ। ਕੁਝ ਜਗ੍ਹਾ ਉੱਪਰ ਟੀਨ ਦੀ ਛੱਤ ਪਾਈ ਹੋਈ ਹੈ ਅਤੇ ਲੰਗਰ ਬਾਹਰ ਖੁੱਲ੍ਹੇ ਮੈਦਾਨ ਵਿਚ ਇੱਕ ਥੜ੍ਹੇ ਤੇ ਬਣਦਾ ਹੈ। ਮੀਂਹ ਆ ਜਾਵੇ ਤਾਂ ਗੜਬੜ ਹੋ ਜਾਂਦੀ ਹੈ, ਅਤੇ ਇੱਕ ਦਿਨ ਅਜਿਹਾ ਹੋਇਆ ਵੀ। ਵਾਰੀ ਲੈਣ ਲਈ ਕਾਫ਼ੀ ਦੇਰ ਲਾਈਨ 'ਚ ਖੜ੍ਹਨਾ ਪੈਂਦਾ ਹੈ। ਵੈਸੇ ਤਾਂ ਗੁਰੂ ਘਰ ਦਾ ਲੰਗਰ ਕਰਮਾਂ ਵਾਲਿਆਂ ਨੂੰ ਪ੍ਰਸ਼ਾਦ ਦੇ ਤੌਰ ਤੇ ਮਿਲਦਾ ਹੈ ਅਤੇ ਇਸਦੀ ਤਿਆਰੀ ਬਾਰੇ ਟਿੱਪਣੀ ਨਹੀਂ ਕਰਨੀ ਚਾਹੀਦੀ। ਪਰ ਇੱਥੇ ਲਾਂਗਰੀ ਠੀਕ ਹੀ ਸਨ। ਪ੍ਰੋ. ਜੌਹਲ ਨੇ ਕਿਤੇ ਪੜ੍ਹਿਆ ਹੈ ਕਿ ਮੱਚੀ ਰੋਟੀ ਖਾਣ ਨਾਲ ਕੈਂਸਰ ਹੋ ਸਕਦਾ ਹੈ। ਇੱਕ ਦਿਨ ਮੈਨੂੰ ਬਿਲਕੁਲ ਹੀ ਮੱਚਿਆ ਪ੍ਰਸ਼ਾਦਾ ਮਿਲ ਗਿਆ। ਮੈਂ ਵਾਹਿਗੁਰੂ ਦਾ ਨਾਂ ਲੈ ਕੇ ਛਕ ਗਿਆ। ਜੌਹਲ ਸਾਹਿਬ ਚੁੱਪ ਕਰਕੇ ਵੇਖੀ ਗਏ। ਮੈਂ ਉਨ੍ਹਾਂ ਦੀ ਥਿਊਰੀ ਗਲਤ ਸਿੱਧ ਕਰ ਦਿੱਤੀ। ਵਾਹਿਗੁਰੂ ਦੀ ਕਿਰਪਾ ਹੋਵੇ ਤਾਂ ਕੁਝ ਨਹੀਂ ਵਿਗੜਦਾ।

**ਇਕਬਾਲ ਪਾਰਕ :** ਗੁਰਦੁਆਰਾ ਦੇਹਰਾ ਸਾਹਿਬ ਦੇ ਸਾਹਮਣੇ ਸੜਕ ਤੋਂ ਪਾਰ ਸਰ ਮੁਹੰਮਦ ਇਕਬਾਲ ਪਾਰਕ ਹੈ। ਇਹ ਸ਼ਾਨਦਾਰ ਪਾਰਕ ਵੇਖਣ ਯੋਗ ਹੈ। ਸ਼ਾਮ ਨੂੰ ਅਸੀਂ

ਦੋਵੇਂ ਇਹ ਪਾਰਕ ਵੇਖਣ ਚਲੇ ਗਏ। ਇਸ ਪਾਰਕ ਦਾ ਖੇਤਰਫ਼ਲ 175 ਏਕੜ ਹੈ। ਦਰਅਸਲ, ਇਹ ਜਗ੍ਹਾ ਮੁਗ਼ਲਾਂ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਤੱਕ ਫੌਜਾਂ ਦੀ ਪਰੇਡ ਅਤੇ ਘੋੜ ਸਵਾਰੀ ਦੀ ਸਿਖਲਾਈ ਲਈ ਵਰਤੀ ਜਾਂਦੀ ਸੀ। ਬਾਅਦ ਵਿੱਚ ਸਾਰੀ ਜ਼ਮੀਨ ਉੱਤੇ ਇਕ ਵਧੀਆ ਪਾਰਕ ਬਣਾ ਦਿੱਤਾ। ਖੁੱਲ੍ਹੇ ਰਸਤਿਆਂ ਦੇ ਪਾਸੇ ਗੁਲਾਬ ਦੀਆਂ ਕਿਆਰੀਆਂ ਹਨ। ਲਾਅਨ ਹਰੀ ਭਰੀ ਅਤੇ ਮਸ਼ੀਨਾਂ ਨਾਲ ਕੱਟੀ ਹੋਈ ਘਾਹ ਨਾਲ ਸਜੇ ਹੋਏ ਹਨ। ਇੱਕ ਪਾਸੇ ਢਾਈ ਏਕੜ ਵਿੱਚ ਝੀਲ ਬਣਾਈ ਹੋਈ ਹੈ ਜਿਸਨੂੰ ਟਿਊਬਵੈੱਲ ਚਲਾ ਕੇ ਭਰਿਆ ਜਾਂਦਾ ਹੈ। ਇਸ ਪਾਰਕ ਦੀ ਸ਼ਾਨ ਹੈ 'ਮਿਨਾਰ-ਏ-ਪਾਕਿਸਤਾਨ' ਅਸਮਾਨ ਨੂੰ ਛੂੰਹਦਾ ਟਾਵਰ। ਵੈਸੇ ਤਾਂ 'ਉੱਚੇ ਬੁਰਜ ਲਾਹੌਰ ਦੇ' ਮਸ਼ਹੂਰ ਹਨ। ਉਹ ਬੁਰਜ ਤਾਂ ਪਤਾ ਨਹੀਂ ਕਿਹੜੇ ਹਨ, ਪਰ ਇਹ ਟਾਵਰ ਵੇਖਣ ਲਾਇਕ ਹੈ। ਹੇਠੋਂ ਚੌੜੀ ਇਹ ਮਿਨਾਰ ਉੱਪਰ ਨੂੰ ਘੱਟ ਚੌੜੀ ਹੁੰਦੀ ਜਾਂਦੀ ਹੈ। ਉੱਪਰ ਚੜ੍ਹਨ ਲਈ ਪੌੜੀਆਂ ਵੀ ਹਨ ਅਤੇ ਲਿਫ਼ਟ ਵੀ। ਬਾਹਰੋਂ ਆਏ ਪ੍ਰਧਾਨ ਮੰਤਰੀਆਂ ਅਤੇ ਰਾਸ਼ਟਰਪਤੀਆਂ ਨੂੰ ਇਸ ਉੱਪਰ ਚੜ੍ਹਾ ਕੇ ਲਾਹੌਰ ਵਿਖਾਇਆ ਜਾਂਦਾ ਹੈ। ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੂੰ ਵੀ ਨਵਾਜ਼ ਸ਼ਰੀਫ਼ ਉੱਥੇ ਲੈ ਕੇ ਗਏ ਸਨ।

ਥੱਕੇ ਹੋਣ ਕਰਕੇ, ਅਸੀਂ ਟਿਕਟਾਂ ਕੱਟਣ ਵਾਲੇ ਬਾਬੂ ਨੂੰ ਪੁੱਛਿਆ ਕਿ ਲਿਫ਼ਟ ਚਲਦੀ ਸੀ ਕਿ ਨਹੀਂ। ਉਸਨੇ ਬੇਝਿਜਕ ਅਤੇ ਲੱਛੇਦਾਰ ਪੰਜਾਬੀ 'ਚ ਕਿਹਾ, "ਸਰਦਾਰ ਜੀ, ਕੀ ਗੱਲ ਕਰਦੇ ਜੇ ? ਇਹ ਪਾਕਿਸਤਾਨ ਹੇ। ਅਗਲੀ ਵਿਸਾਖੀ ਵੇਲੇ ਆਓਗੇ ਤਾਂ ਭਾਵੇਂ ਠੀਕ ਮਿਲ ਜਾਵੇ। ਕਾਫ਼ੀ ਦੇਰ ਤੋਂ ਬੰਦ ਪਈ ਏ।" ਉੱਥੇ ਖਿੜਕੀ ਕੋਲ ਕਈ ਲੋਕ ਖੜ੍ਹੇ ਸਨ। ਉਨ੍ਹਾਂ ਵਿੱਚ ਪਾਕਿਸਤਾਨੀ ਵੀ ਸਨ। ਮੈਂ ਪਹਿਲਾਂ ਵੀ ਵੇਖਿਆ ਸੀ ਕਿ ਇਹ ਲੋਕ ਜਨਰਲ ਮੁਸ਼ੱਰਫ਼ ਦੇ ਫੌਜੀ ਰਾਜ ਤੋਂ ਡਰਦੇ ਨਹੀਂ। ਸ਼ਾਇਦ ਆਦਤ ਹੋ ਗਈ ਹੈ। ਪਹਿਲਾਂ ਵੀ ਤਾਂ ਜਨਰਲ ਅਯੂਬ ਖਾਂ ਅਤੇ ਯਾਹੀਆ ਖਾਂ ਵਰਗੇ ਫ਼ੌਜੀ ਡਿਕਟੇਟਰ ਰਹੇ ਹਨ। ਉਸ ਆਦਮੀ ਦੀ ਨਿੱਡਰਤਾ ਅਤੇ ਸਾਫ਼ਗੋਈ ਬਹੁਤ ਅੱਛੀ ਲੱਗੀ।

ਪੌੜੀਆਂ ਰਾਹੀਂ ਮਿਨਾਰ ਉੱਪਰ ਚੜ੍ਹਨਾ ਬਹੁਤ ਔਖਾ ਕੰਮ ਹੈ। ਪਰ ਚੋਟੀ ਤੇ ਪਹੁੰਚ ਕੇ ਇਸ ਦਾ ਫ਼ਲ ਮਿਲ ਜਾਂਦਾ ਹੈ। ਸਾਰਾ ਕਿਲ੍ਹਾ ਅਤੇ ਸ਼ਹਿਰ ਦਾ ਬਹੁਤ ਵੱਡਾ ਹਿੱਸਾ ਦਿਖਾਈ ਦੇ ਜਾਂਦਾ ਹੈ। ਵੈਸੇ ਪੁਰਾਣੇ ਲਾਹੌਰ ਵਿੱਚ ਧੂੰਆਂ ਅਤੇ ਮਿੱਟੀ ਇੰਨੀ ਹੈ ਕਿ ਬਹੁਤੀ ਦੂਰ ਤੱਕ ਦਿਖਾਈ ਨਹੀਂ ਦਿੰਦਾ। ਦੂਰਬੀਨ ਅਤੇ ਕੈਮਰੇ ਨਾਲ ਲਿਜਾਣ ਦੀ ਇਜਾਜ਼ਤ ਨਹੀਂ। ਹੇਠਾਂ ਅਸੀਂ ਇੱਕ ਪੇਸ਼ਾਵਰ ਕੈਮਰੇ ਵਾਲੇ ਤੋਂ ਮਿਨਾਰ ਅੱਗੇ ਫੋਟੋ ਖਿਚਾਉਣੀ ਚਾਹੀ। ਉਸ ਨੇ ਕੁਝ ਦੇਰ ਬਾਅਦ ਆਉਣ ਨੂੰ ਕਿਹਾ। ਬਾਅਦ ਵਿੱਚ ਉਹ ਮਿਲਿਆ ਹੀ ਨਹੀਂ।

ਜੌਹਲ ਸਾਹਿਬ ਅਤੇ ਮੈਂ ਘਾਹ ਉੱਤੇ ਜਾ ਬੈਠੇ। ਕੋਲ ਕੁਝ ਪਾਕਿਸਤਾਨੀ ਭਾਈ ਆ ਬੈਠੇ। ਏਧਰ ਉੱਧਰ ਦੀਆਂ ਗੱਲਾਂ ਕਰਦੇ ਰਹੇ। ਸਿਆਸਤ ਦੀ ਜਾਂ ਝਗੜੇ ਵਾਲੀ ਗੱਲ ਕੋਈ ਨਹੀਂ ਛੇੜਦਾ। ਉਥੇ ਕੁਝ ਮੰਗਤੇ ਵੀ ਸਨ ਪਰ ਸਾਡੇ ਪਾਕਿਸਤਾਨੀ ਸਾਥੀ ਉਨ੍ਹਾਂ ਨੂੰ ਭਜਾ ਦਿੰਦੇ ਸਨ।

ਮੈਨੂੰ ਸਵੇਰੇ ਜਲਦੀ ਉੱਠਣ ਦੀ ਆਦਤ ਹੈ। ਅਗਲੀ ਸਵੇਰ ਮੈਂ ਇਕੱਲਾ ਹੀ ਮੂੰਹ ਹਨੇਰੇ ਇਕਬਾਲ ਪਾਰਕ ਵਿਚ ਸੈਰ ਕਰਨ ਤੁਰ ਗਿਆ। ਵੱਡਾ ਗੇਟ ਬੰਦ ਸੀ। ਸਾਈਡ ਤੇ ਦੋ ਛੋਟੇ ਗੇਟ ਸਨ। ਇੱਕ ਨੂੰ ਧੱਕਿਆ, ਅੰਦਰੋਂ ਬੰਦ। ਦੂਜਾ ਵੀ ਬੰਦ ਲਗਦਾ ਸੀ। ਮੈਂ ਨਿਰਾਸ਼ ਹੋ ਗਿਆ। ਸੋਚਿਆ, ਕੀ ਇੱਥੇ ਲੋਕ ਸੈਰ ਕਰਨ ਨਹੀਂ ਆਉਂਦੇ ? ਪਰ ਦੂਜਾ ਛੋਟਾ ਗੇਟ ਸਿਰਫ਼ ਭਿੜਿਆ ਹੋਇਆ ਸੀ ਅਤੇ ਮੈਂ ਅੰਦਰ ਚਲਾ ਗਿਆ। ਸੈਰ ਕਰਨ ਵਾਲੇ ਇੱਕਾ ਦੁੱਕਾ ਹੀ ਸਨ। ਹਰ ਕੋਈ

ਹੈਰਾਨੀ ਨਾਲ ਵੇਖਦਾ ਸੀ ਕਿ ਇਹ ਕੌਣ ਹੈ। ਬਹੁਤ ਸੁਹਾਵਣਾ ਵਾਤਾਵਰਣ ਸੀ। ਓਹੀ ਠੰਢੀ ਹਵਾ, ਭਿੰਨੀ-ਭਿੰਨੀ ਖੁਸ਼ਬੂ, ਪੂਰਬ ਵਿੱਚ ਫੁੱਟਦੀ ਲਾਲੀ। ਬਿਲਕੁਲ ਵੀ ਨਹੀਂ ਲਗਦਾ ਸੀ ਕਿ ਬਿਗਾਨੇ ਦੇਸ਼ ਵਿਚ ਘੁੰਮ ਰਹੇ ਹਾਂ। ਸੜਕੋਂ ਪਾਰ ਦੇਹਰਾ ਸਾਹਿਬ ਤੋਂ ਕੀਰਤਨ ਦੀਆਂ ਮਿੱਠੀਆਂ ਆਵਾਜ਼ਾਂ ਕੰਨਾ ਵਿੱਚ ਪੈ ਰਹੀਆਂ ਸਨ। ਬਹੁਤ ਮਜ਼ਾ ਆਇਆ। ਇਹ ਸੈਰ ਹਮੇਸ਼ਾ ਯਾਦ ਰਹੇਗੀ।

**ਲਾਹੌਰ ਸ਼ਹਿਰ ਦੇ ਵਾਹਨ :** ਦੂਜੇ ਦਿਨ ਅਸੀਂ ਗੁਰਦੁਆਰਾ ਸਾਹਿਬ ਵਿੱਚ ਮੱਥਾ ਟੇਕ ਕੇ ਸ਼ਹਿਰ ਵੇਖਣ ਲਈ ਨਿਕਲ ਪਏ। ਸਭ ਤੋਂ ਪਹਿਲੀ ਚੀਜ਼ ਜਿਸਨੇ ਸਾਡਾ ਧਿਆਨ ਖਿੱਚਿਆ, ਉਹ ਹਨ ਪਾਕਿਸਤਾਨ ਦੇ ਵਾਹਨ। ਸਭ ਤੋਂ ਦਿਲਚਸਪ ਚੀਜ਼ ਉਥੋਂ ਦੀਆਂ ਪੇਂਡੂ ਇਲਾਕਿਆਂ ਨੂੰ ਜਾਣ ਵਾਲੀਆਂ ਬੱਸਾਂ ਹਨ। ਉਨ੍ਹਾਂ ਉੱਤੇ ਕੀਤੇ ਹੋਏ ਰੰਗ ਵੇਖਣ ਦੇ ਲਾਇਕ ਹੁੰਦੇ ਹਨ। ਬੱਸ ਦਾ ਇੱਕ ਇੰਚ ਵੀ ਵੱਖਰੇ-ਵੱਖਰੇ ਰੰਗਾਂ ਦੀ ਸਜਾਵਟ ਤੋਂ ਬਿਨਾਂ ਨਹੀਂ ਹੁੰਦਾ। ਲਾਲ, ਨੀਲਾ, ਪੀਲਾ, ਹਰਾ, ਗੁਲਾਬੀ ਆਦਿ ਸਾਰੇ ਰੰਗ, ਹਲਕੇ ਅਤੇ ਗੂੜ੍ਹੇ, ਚੱਪੇ ਚੱਪੇ ਉੱਤੇ ਕੀਤੇ ਹੁੰਦੇ ਹਨ। ਇਹ ਬਹੁਤ ਹੀ ਮਿਹਨਤ ਨਾਲ ਕੀਤਾ ਹੋਇਆ ਕੰਮ ਹੁੰਦਾ ਹੈ। ਇੱਕ ਇੱਕ ਵਰਗ ਫੁੱਟ ਦੀ ਥਾਂ ਵਿੱਚ ਕਿੰਨੇ ਹੀ ਰੰਗਾਂ ਦੇ ਡਿਜ਼ਾਈਨ ਬਣੇ ਹੁੰਦੇ ਹਨ। ਕਿਤੇ ਕਿਤੇ ਉਰਦੂ ਵਿੱਚ ਕੁਝ ਲਿਖਿਆ ਹੁੰਦਾ ਹੈ। ਟਾਇਰਾਂ ਦੇ ਰਿਮ ਤੱਕ ਰੰਗ ਬਰੰਗੇ ਕੀਤੇ ਹੁੰਦੇ ਹਨ। ਕਈ ਬੱਸਾਂ ਦੇ ਇੰਜਨ ਉਤੇ ਲੋਹੇ ਦੇ ਮੋਰ ਮੋਰਨੀਆਂ ਵੈਲਡਿੰਗ ਕਰਕੇ ਖੜੇ ਕੀਤੇ ਹੁੰਦੇ ਹਨ। ਕਿੰਨਾਂ ਖਰਚ ਹੁੰਦਾ ਹੋਵੇਗਾ ਇਸ ਸਜਾਵਟ ਉੱਤੇ, ਚਲੋ, ਪੇਂਟਰ ਤਾਂ ਵਿਹਲੇ ਨਹੀਂ ਰਹਿੰਦੇ ਹੋਣਗੇ। ਸ਼ੌਕ ਦਾ ਕੀ ਮੁੱਲ ਹੈ।

ਲਾਹੌਰ ਸ਼ਹਿਰ ਵਿੱਚ ਲੋਕਲ ਬੱਸਾਂ ਬਹੁਤ ਘਟ ਹਨ। ਸ਼ਹਿਰ ਦੇ ਅੰਦਰੂਨੀ ਹਿੱਸਿਆਂ ਵਿੱਚ ਸਿਰਫ ਆਟੋ ਰਿਕਸ਼ਾ ਅਤੇ 13-14 ਸੀਟਾਂ ਵਾਲੀਆਂ ਵੈਨ ਗੱਡੀਆਂ ਚਲਦੀਆਂ ਹਨ। ਵੈਨ ਵਾਲਾ ਸਿਸਟਮ ਬਹੁਤ ਵਧੀਆ ਹੈ। ਇੱਕ ਤਾਂ ਭੀੜ ਭੜੱਕੇ ਵਿਚੋਂ ਵੀ ਆਸਾਨੀ ਨਾਲ ਲੰਘ ਜਾਂਦੀਆਂ ਹਨ ਅਤੇ ਦੂਸਰਾ, ਬਹੁਤੀ ਦੇਰ ਸਵਾਰੀਆਂ ਨਹੀਂ ਉਡੀਕਣੀਆਂ ਪੈਂਦੀਆਂ। ਬਹੁਤ ਛੇਤੀ ਭਰ ਜਾਂਦੀਆਂ ਹਨ ਅਤੇ ਤੁਰ ਜਾਂਦੀਆਂ ਹਨ। ਇਹ ਤਜਰਬਾ ਭਾਰਤ ਵਿੱਚ ਵੀ ਕਰਨਾ ਚਾਹੀਦਾ ਹੈ। ਖਾਸ ਤੌਰ 'ਤੇ ਛੋਟੇ ਕਸਬਿਆਂ ਵਿਚ ਇਹ ਬਹੁਤ ਸਫ਼ਲ ਹੋ ਸਕਦਾ ਹੈ।

ਉੱਥੇ ਆਟੋ ਰਿਕਸ਼ਾ ਦੋ ਕਿਸਮ ਦੇ ਹਨ। ਜਾਪਾਨੀ ਆਟੋ ਕੁਝ ਵੱਡੇ ਹਨ। ਇੱਕ ਛੋਟੇ-ਛੋਟੇ ਚਾਰ ਕੁ ਸਵਾਰੀਆਂ ਵਾਲੇ ਚੀਨ ਦੇ ਬਣੇ ਹੋਏ ਆਟੋ ਹਨ। ਉਨ੍ਹਾਂ ਦਾ ਨਾਮ 'ਚਿੰਗਚੀ' (QINGQI) ਹੁੰਦਾ ਹੈ। ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਦੇ ਕਿਰਾਏ ਇਕੋ ਜਿਹੇ ਨਹੀਂ! ਸਗੋਂ ਘੱਟ-ਵੱਧ ਹਨ। ਇੱਕ ਦਿਨ ਅਸੀਂ ਕਿਸੇ ਹੋਟਲ ਵਿਚ ਠਹਿਰੇ ਹੋਏ ਦੋਸਤ ਕੋਲ ਗਏ। ਵਾਪਸੀ ਤੇ ਆਟੋ ਵਾਲੇ ਨੇ ਡੇਢ ਗੁਣਾ ਕਿਰਾਇਆ ਮੰਗਿਆ। ਫਰਕ ਦਾ ਕਾਰਨ ਪੁੱਛਣ ਤੇ ਉਹ ਬੋਲਿਆ, "ਸਰਦਾਰ ਜੀ, ਤੁਸੀਂ ਛੋਟੇ ਆਟੋ ਤੇ ਆਏ ਹੋਵੋਗੇ। ਉਨ੍ਹਾਂ ਦਾ ਕਿਰਾਇਆ ਘੱਟ ਹੈ। ਪੈਟਰੋਲ ਘੱਟ ਖਾਂਦੇ ਹਨ।" ਅਸੀਂ ਕਿਹਾ, "ਅਸੀਂ ਤਾਂ ਵਾਪਸ ਗੁਰਦੁਆਰਾ ਦੇਹਰਾ ਸਾਹਿਬ ਹੀ ਪਹੁੰਚਣਾ ਹੈ। ਛੋਟੇ ਆਟੋ ਤੇ ਚਲੇ ਜਾਵਾਂਗੇ।" ਉਹ ਚੁੱਪ ਕਰ ਗਿਆ। ਹੈਰਾਨੀ ਇਹ ਹੋਈ ਕਿ ਇਸ ਤਰ੍ਹਾਂ ਦੇ ਸਿਸਟਮ ਵਿੱਚ ਵੱਡੇ ਆਟੋ ਵਾਲਿਆਂ ਦਾ ਕੰਮ ਕਿਵੇਂ ਚਲਦਾ ਹੋਵੇਗਾ।

ਆਟੋ ਰਿਕਸ਼ਾ ਇੰਨਾ ਜ਼ਿਆਦਾ ਧੂੰਆਂ ਛਡਦੇ ਹਨ ਕਿ ਇਸ ਤਰਾਂ ਲੱਗਦਾ ਹੈ ਕਿ ਜਿਵੇਂ ਖਰੀਦਣ ਤੋਂ ਖਰਾਬ ਹੋਣ ਤੱਕ ਇਹ ਇਨ੍ਹਾਂ ਨੂੰ ਮਿਸਤਰੀ ਕੋਲ ਲਿਜਾਂਦੇ ਹੀ ਨਹੀਂ ਹੋਣਗੇ। ਅਸੀਂ ਬਹੁਤ ਲੰਬੇ ਇਲਾਕੇ ਤੁਰ ਕੇ ਵੇਖੇ ਸਨ ਅਤੇ ਕਿਤੇ ਕਿਸੇ ਮਿਸਤਰੀ ਦੀ ਦੁਕਾਨ ਨਹੀਂ ਵੇਖੀ। ਸ਼ਾਇਦ ਸ਼ਹਿਰ ਦੇ ਬਾਹਰਲੇ ਇਲਾਕਿਆਂ ਵਿਚ ਹੋਣਗੀਆਂ। ਸ਼ਾਮ ਨੂੰ ਸ਼ਹਿਰ ਵਿੱਚ ਆਟੋ

ਧੂੰਆਂ ਧਾਰ ਕਰ ਦਿੰਦੇ ਹਨ। ਵੈਸੇ ਤਾਂ ਭਾਰਤ ਦੇ ਆਟੋ ਵੀ ਪ੍ਰਦੂਸ਼ਣ ਫੈਲਾਉਣ ਵਿਚ ਮਸ਼ਹੂਰ ਹਨ, ਪਰ ਇਹ ਪਾਕਿਸਤਾਨ ਦੇ ਆਟੋ ਵਾਲਿਆਂ ਦਾ ਮੁਕਾਬਲਾ ਨਹੀਂ ਕਰ ਸਕਦੇ।

**ਬਾਜ਼ਾਰ ਸ਼ਹਿਰ ਲਾਹੌਰ ਦੇ** : ਅਸੀਂ ਸਭ ਤੋਂ ਪਹਿਲਾਂ ਅਨਾਰਕਲੀ ਬਾਜ਼ਾਰ ਵੇਖਣ ਬਾਰੇ ਸੋਚਿਆ। ਸੜਕ ਤੇ ਆ ਕੇ ਵੇਖਿਆ ਕਿ ਸੱਜੇ ਪਾਸੇ ਪੂਰਬ ਵੱਲ ਜਾਣ ਵਾਲੇ ਆਟੋ ਖੜ੍ਹੇ ਸਨ। ਖੱਬੇ ਪਾਸੇ ਕੁਝ ਨਹੀਂ ਸੀ। ਅਸੀਂ ਆਟੋ ਵਾਲਿਆਂ ਨੂੰ ਪੁੱਛਿਆ ਤਾਂ ਉਨ੍ਹਾਂ ਨੇ ਬਹੁਤ ਕਿਰਾਇਆ ਮੰਗਿਆ। ਇੱਕ ਚਾਹ ਦੇ ਖੋਖੇ ਵਾਲੇ ਨੂੰ ਅਨਾਰਕਲੀ ਬਾਜ਼ਾਰ ਜਾਣ ਲਈ ਪੁੱਛਿਆ ਤਾਂ ਉਹ ਟਾਲ ਜੇਹਾ ਗਿਆ। ਸ਼ਾਇਦ ਆਟੋ ਵਾਲਿਆਂ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦਾ ਸੀ। ਕੁਝ ਦੇਰ ਬਾਅਦ ਇੱਕ ਬੱਸ ਉਡੀਕ ਰਹੇ ਆਦਮੀ ਨੇ ਦੱਸਿਆ ਕਿ ਤੁਸੀਂ ਛਿਪਦੇ ਵੱਲ ਕੁਝ ਦੂਰ ਪੈਦਲ ਚਲੇ ਜਾਓ। ਉੱਥੋਂ ਵੈਨ ਮਿਲ ਜਾਵੇਗੀ। ਬਿਗਾਨੇ ਸ਼ਹਿਰ ਵਿੱਚ ਬਹੁਤ ਜਗ੍ਹਾ ਪੁੱਛ-ਗਿੱਛ ਕਰਨੀ ਪੈਂਦੀ ਹੈ। ਖੱਬੇ ਹੱਥ ਮੋੜ ਮੁੜਦਿਆਂ ਹੀ ਤੁਰੰਤ ਵੈਨ ਮਿਲ ਗਈ। ਰਾਸਤੇ ਵਿੱਚ ਇੱਕ ਸਵਾਰੀ ਨੇ ਡਰਾਈਵਰ ਨੂੰ ਕਿਹਾ, "ਭਾ ਜੀ, ਗੰਗਾ ਰਾਮ ਉਤਾਰ ਦਿਆ ਜੇ।" ਉਸਦਾ ਮਤਲਬ ਸਰ ਗੰਗਾ ਰਾਮ ਮੈਮੋਰੀਅਲ ਹਸਪਤਾਲ ਤੋਂ ਸੀ। ਬਹੁਤ ਖੁਸ਼ੀ ਹੋਈ ਕਿ ਇਨ੍ਹਾਂ ਨੇ ਹਸਪਤਾਲ ਦਾ ਨਾਮ ਨਹੀਂ ਬਦਲਿਆ। ਇਸ ਛੋਟੀ ਜੇਹੀ ਗੱਲ ਵਿੱਚ ਬਹੁਤ ਕੁਝ ਛੁਪਿਆ ਹੈ। ਕੁਝ ਬਜ਼ੁਰਗ ਸਾਡੇ ਵੱਲ ਵੇਖਦੇ ਰਹੇ। ਲਗਦਾ ਸੀ ਕਿ ਉਨ੍ਹਾਂ ਦੇ ਦਿਮਾਗ ਵਿੱਚ ਕੁਝ ਚੱਲ ਰਿਹਾ ਹੈ। ਇੱਕ ਬਜ਼ੁਰਗ ਬੋਲਿਆ, "ਸਰਦਾਰ ਜੀ, ਤੁਹਾਡੇ ਲੋਕਾਂ ਦੀ ਹਾਲਤ ਅੱਜ ਕੱਲ੍ਹ ਕਿਵੇਂ ਹੈ ? ਏਧਰ ਤਾਂ ਮੱਕੇ ਮਦੀਨੇ ਵਾਲੇ ਦੀ ਮਿਹਰ ਹੈ। ਨਹੀਂ ਤਾਂ ਬੱਸ ਠੀਕ ਹੈ।" ਮੈਂ ਕਿਹਾ, "ਜਨਾਬ, ਜਦੋਂ ਉਨ੍ਹਾਂ ਦੀ ਮਿਹਰ ਹੋਵੇ ਤਾਂ ਹੋਰ ਕੀ ਚਾਹੀਦਾ ਹੈ ?" ਉਹ ਚੁੱਪ ਹੋ ਗਿਆ, ਇੱਕ ਉਦਾਸ ਜੇਹੀ ਚੁੱਪ। ਏਨੇ ਵਿੱਚ ਉਸਦਾ ਅੱਡਾ ਆ ਗਿਆ। ਕੰਡਕਟਰ ਨੇ ਸਾਨੂੰ ਪੁੱਛਿਆ ਕਿ ਤੁਸੀਂ ਨਵੀਂ ਅਨਾਰਕਲੀ ਜਾਣਾ ਹੈ ਜਾਂ ਪੁਰਾਣੀ। ਅਸੀਂ ਕਿਹਾ, "ਅਸੀਂ ਤਾਂ ਘੁੰਮਣਾ ਹੀ ਹੈ। ਕਿਤੇ ਉਤਾਰ ਦੇਣਾ।" ਉਹ ਟਿਕਟ ਵਗੈਰਾ ਨਹੀਂ ਕਟਦੇ। ਉਤਰਦੀ ਸਵਾਰੀ ਤੋਂ ਕਿਰਾਇਆ ਲੈ ਲੈਂਦੇ ਹਨ। ਕਿਰਾਇਆ ਬਹੁਤ ਵਾਜਬ ਹੈ।

ਅਨਾਰਕਲੀ ਬਾਜ਼ਾਰ ਦੀ ਕੋਈ ਵੀ ਦੁਕਾਨ ਦਸ ਵਜੇ ਤੋਂ ਪਹਿਲਾਂ ਨਹੀਂ ਖੁਲ੍ਹਦੀ। ਅਸੀਂ ਜਲਦੀ ਆ ਗਏ ਸਾਂ। ਸੋਚਿਆ, ਪਹਿਲਾਂ ਕੁਝ ਖਾ ਪੀ ਲਈਏ। ਪਾਕਿਸਤਾਨ ਵਿੱਚ ਹੋਟਲਾਂ, ਰੈਸਟੋਰੈਂਟਾਂ ਅਤੇ ਢਾਬਿਆਂ ਉੱਤੇ ਹਿੰਦੂ ਸਿੱਖਾਂ ਲਈ ਖਾਣ ਪੀਣ ਵੇਲੇ ਬਹੁਤ ਸਾਵਧਾਨੀ ਵਰਤਣ ਦੀ ਲੋੜ ਪੈਂਦੀ ਹੈ। ਅਸੀਂ ਫੈਸਲਾ ਹੀ ਕਰ ਲਿਆ ਕਿ ਸਿਰਫ ਪੈਕਟ ਵਾਲੇ ਬਿਸਕੁਟ ਹੀ ਖਾਣੇ ਹਨ ਅਤੇ ਇਕੱਲੀ ਚਾਹ ਬਣਾਉਣ ਵਾਲੇ ਖੋਖੇ ਜਾਂ ਛੋਟੀ ਦੁਕਾਨ ਤੋਂ ਚਾਹ ਪੀਣੀ ਹੈ। ਗੋਕੀ ਚਰਬੀ ਦੀ ਵਰਤੋਂ ਦਾ ਡਰ ਹਰ ਥਾਂ ਰਹਿੰਦਾ ਹੈ। ਅਸੀਂ ਬਿਸਕੁਟਾਂ ਦਾ ਪੈਕਟ ਇੱਕ ਬੇਕਰੀ ਤੋਂ ਲੈ ਲਿਆ ਅਤੇ ਚਾਹ ਇੱਕ ਛੋਟੀ ਜੇਹੀ ਦੁਕਾਨ ਤੇ ਬਣਵਾ ਲਈ। ਅੰਦਰ ਬੈਠਣ ਨੂੰ ਥਾਂ ਤਾਂ ਖਾਲੀ ਸੀ, ਪਰ ਸਿਗਰਟਾਂ ਬੀੜੀਆਂ ਦੇ ਧੂੰਏ ਤੋਂ ਬਚਣ ਲਈ ਅਸੀਂ ਫੁੱਟ-ਪਾਥ ਤੇ ਖਲੋ ਕੇ ਚਾਹ-ਬਿਸਕੁਟ ਦਾ ਬਰੇਕ-ਫਾਸਟ ਕਰਨ ਲੱਗ ਪਏ। ਦੋ ਸੁਕੇ ਜੇਹੇ ਮੁੰਡੇ ਬਾਹਰੋਂ ਆਏ। ਸਾਡੇ ਵੱਲ ਵੇਖਕੇ ਬੋਲੇ, "ਵਾਹ, ਸਰਦਾਰੋ"। ਇਹ ਕਹਿ ਕੇ ਉਹ ਅੰਦਰ ਚਲੇ ਗਏ। ਪਤਾ ਨਹੀਂ ਉਨ੍ਹਾਂ ਦਾ ਕੀ ਮਤਲਬ ਸੀ। ਇਹ ਸਾਡੇ ਬਿਸਕੁਟਾਂ ਦਾ ਮਜ਼ਾਕ ਵੀ ਹੋ ਸਕਦਾ ਸੀ ਅਤੇ ਸਿੱਖਾਂ ਪ੍ਰਤੀ ਉਨ੍ਹਾਂ ਦੀ ਚਿੜ੍ਹ ਵੀ ਹੋ ਸਕਦੀ ਸੀ। ਅਸੀਂ ਚੁੱਪ ਕਰੇ ਰਹੇ।

**ਪਾਕਿਸਤਾਨ ਦੇ ਅਖ਼ਬਾਰ** : ਦੁਕਾਨਾਂ ਖੁੱਲਣ 'ਚ ਅਜੇ ਦੇਰ ਸੀ। ਅਸੀਂ ਕੋਈ ਅਖ਼ਬਾਰ ਖਰੀਦਣ ਬਾਰੇ ਸੋਚਿਆ। ਪਿਛਲੇ ਸਾਰੇ ਹਫਤੇ ਦੇ ਦੌਰਾਨ ਅਖ਼ਬਾਰ ਖਰੀਦਣ ਜਾਂ

ਪੜ੍ਹਨ ਦਾ ਵਕਤ ਹੀ ਨਹੀਂ ਮਿਲਿਆ ਸੀ। ਨਨਕਾਣਾ ਸਾਹਿਬ ਅਤੇ ਹਸਨ-ਅਬਦਾਲ ਵਿੱਚ ਕਿਤੇ ਵੀ ਅਖ਼ਬਾਰ ਵਿਕਦੇ ਨਹੀਂ ਵੇਖੇ ਸਨ। ਇੱਥੇ ਇੱਕ ਛੋਟੇ ਜੇਹੇ ਸਟਾਲ ਵਾਲਾ ਅਖ਼ਬਾਰ ਵੇਚ ਰਿਹਾ ਸੀ। ਮੈਂ ਉਸ ਤੋਂ ਅੰਗ੍ਰੇਜ਼ੀ ਦਾ ਕੋਈ ਵੀ ਅਖ਼ਬਾਰ ਮੰਗਿਆ। ਉਸ ਕੋਲ ਸਿਰਫ਼ 'ਡਾਅਨ' ਦੀਆਂ ਤਿੰਨ ਚਾਰ ਕਾਪੀਆਂ ਸਨ। ਉਸਦੀ ਕੀਮਤ ਸੁਣ ਕੇ ਮੈਨੂੰ ਝਟਕਾ ਜੇਹਾ ਵੱਜਿਆ - 13 ਰੁਪਏ ! ਸੋਮਵਾਰ ਹੋਣ ਕਰਕੇ ਕੋਈ ਸਪੈਸ਼ਲ ਐਡੀਸ਼ਨ ਵੀ ਨਹੀਂ ਸੀ। ਉਰਦੂ ਦਾ ਉਸ ਕੋਲ ਸਿਰਫ ਪਿਛਲੇ ਦਿਨ, ਐਤਵਾਰ ਦਾ 'ਜੰਗ' ਅਖ਼ਬਾਰ ਬਚਿਆ ਹੋਇਆ ਸੀ। ਮੈਨੂੰ ਉਰਦੂ ਨਹੀਂ ਆਉਂਦੀ ਕਿਉਂਕਿ ਜਦੋਂ ਅਸੀਂ 1949 ਵਿੱਚ ਸਕੂਲ ਜਾਣ ਲੱਗੇ ਸਾਂ ਤਾਂ ਉਰਦੂ ਹਟਾ ਦਿੱਤੀ ਗਈ ਸੀ। ਪਰ ਮੈਂ ਕਾਲਜ ਵੇਲੇ ਥੋੜ੍ਹੀ ਬਹੁਤੀ ਉਰਦੂ ਆਪ ਹੀ ਸਿੱਖ ਲਈ ਸੀ ਅਤੇ ਸੁਰਖੀਆਂ ਉਠਾ ਲੈਂਦਾ ਹਾਂ। ਉਰਦੂ ਦੇ ਅਖਬਾਰ ਦੀ ਕੀਮਤ 10 ਰੁਪਏ ਸੀ, ਪਰ ਉਸਦੇ ਨਾਲ 32 ਸਫਿਆਂ ਦਾ ਮੈਗਜ਼ੀਨ ਸੈਕਸ਼ਨ ਵੀ ਸੀ। ਇਸ ਲਈ ਉਹ ਬਹੁਤਾ ਨਹੀਂ ਚੁਭਿਆ। ਸਰਸਰੀ ਨਜ਼ਰ ਮਾਰ ਕੇ ਮੈਂ ਅਖ਼ਬਾਰ ਸੰਭਾਲ ਕੇ ਨਿਸ਼ਾਨੀ ਦੇ ਤੌਰ ਤੇ ਨਾਲ ਲਿਆਉਣ ਲਈ ਰੱਖ ਲਏ।

ਬਾਅਦ ਵਿੱਚ ਗੁਰਦੁਆਰਾ ਸਾਹਿਬ ਜਾ ਕੇ ਸ਼ਾਮ ਨੂੰ ਮੈ ਹੋਰ ਧਿਆਨ ਨਾਲ ਅਖ਼ਬਾਰਾਂ ਨੂੰ ਵੇਖਿਆ। 'ਜੰਗ' ਤੇ ਤਾਂ ਨਜ਼ਰ ਹੀ ਮਾਰਨੀ ਸੀ। ਉਹ ਅੱਧੇ ਤੋਂ ਜ਼ਿਆਦਾ ਮਸ਼ਹੂਰੀਆਂ ਨਾਲ ਭਰਿਆ ਹੋਇਆ ਸੀ। ਦੋ ਸਫ਼ੇ ਪੂਰੇ ਫਿਲਮੀ ਇਸ਼ਤਿਹਾਰਾਂ ਨਾਲ ਭਰੇ ਹੋਏ ਸਨ।

'ਡਾਅਨ' ਅਖ਼ਬਾਰ ਦਾ ਬਾਨੀ ਪਾਕਿਸਤਾਨ ਦਾ ਰਾਸ਼ਟਰ ਪਿਤਾ ਮੁਹੰਮਦ ਅਲੀ ਜਿਨਾਹ ਸੀ। ਇਸ ਅਖ਼ਬਾਰ ਦਾ ਪੱਧਰ ਕਿਸੇ ਵੀ ਪੱਖੋਂ ਭਾਰਤ ਦੇ ਵਧੀਆ ਅਖ਼ਬਾਰਾਂ ਤੋਂ ਘੱਟ ਨਹੀਂ। ਕਾਗਜ਼, ਛਪਾਈ, ਤਸਵੀਰਾਂ ਆਦਿ ਬਹੁਤ ਵਧੀਆ ਸਨ। ਵਿਦੇਸ਼ੀ ਅਖ਼ਬਾਰਾਂ ਵਿੱਚੋਂ ਏਜੰਸੀਆਂ ਦੇ ਰਾਹੀਂ ਬਹੁਤ ਉੱਚੇ ਪੱਧਰ ਦੇ ਕਈ ਲੇਖ ਛਾਪੇ ਗਏ ਸਨ। ਭਾਰਤੀ ਪੱਤਰਕਾਰ ਐਮ.ਜੇ. ਅਕਬਰ ਦਾ ਆਰਟੀਕਲ ਵੀ ਸੀ। ਅੰਗ੍ਰੇਜ਼ੀ ਬਹੁਤ ਵਧੀਆ ਪੱਧਰ ਦੀ ਸੀ ਅਤੇ ਛਪਾਈ ਦੀਆਂ ਗਲਤੀਆਂ ਨਾ ਹੋਣ ਦੇ ਬਰਾਬਰ ਸਨ। ਮੇਰੀ ਨਿੱਜੀ ਰਾਇ ਹੈ ਕਿ ਇਹ ਅਖ਼ਬਾਰ ਭਾਰਤ ਦੇ ਅੰਗ੍ਰੇਜ਼ੀ ਅਖ਼ਬਾਰਾਂ ਤੋਂ ਚੰਗਾ ਨਹੀਂ ਤਾਂ ਮਾੜਾ ਵੀ ਨਹੀਂ।

ਪਾਕਿਸਤਾਨ ਵਿੱਚ ਪੰਜਾਬੀ ਦਾ ਕੋਈ ਅਖ਼ਬਾਰ ਨਜ਼ਰ ਨਹੀਂ ਆਇਆ, ਭਾਵੇਂ ਪੰਜਾਬੀ ਬੋਲਣ ਵਾਲਿਆਂ ਦੀ 75 ਪ੍ਰਤੀਸ਼ਤ ਬਹੁਤ ਗਿਣਤੀ ਹੈ। ਇਹ ਬਹੁਤ ਦੁੱਖ ਦੀ ਗੱਲ ਹੈ। ਮਾਤ ਭਾਸ਼ਾ ਨੂੰ ਉਨ੍ਹਾਂ ਨੇ ਬੁਰੀ ਤਰ੍ਹਾਂ ਕੁਚਲ ਰੱਖਿਆ ਹੈ। ਕੁਝ ਲੇਖਕ ਜ਼ਰੂਰ ਪੰਜਾਬੀ ਵਿੱਚ ਲਿਖਦੇ ਹਨ। 'ਪਾਕਿਸਤਾਨ ਪੰਜਾਬੀ ਅਦਬੀ ਬੋਰਡ, ਲਾਹੌਰ' ਘੱਟ ਕੀਮਤ ਰੱਖ ਕੇ ਪੰਜਾਬੀ ਵਿੱਚ ਕੁਝ ਕਿਤਾਬਾਂ ਛਾਪਦਾ ਹੈ। 16 ਅਪ੍ਰੈਲ, 2001 ਦੇ 'ਡਾਅਨ' ਵਿੱਚ ਵੀ ਮੁਹੰਮਦ ਆਸਫ ਖਾਨ ਦੀ ਕਿਤਾਬ ਜੋ ਕਿ ਇਸ ਬੋਰਡ ਨੇ ਛਾਪੀ ਹੈ, ਦਾ ਰੀਵਿਊ ਛਪਿਆ ਸੀ। 'ਹੋਰ ਨਿੱਕ ਸੁੱਕ' ਨਾਮ ਦੀ 104 ਸਫਿਆਂ ਦੀ ਇਸ ਕਿਤਾਬ ਦੀ ਕੀਮਤ 36 ਰੁਪਏ ਹੈ। ਇੱਕ ਹੋਰ ਕਿਤਾਬ ਡਾ. ਫ਼ਾਕਿਰ ਮੁਹੰਮਦ ਫ਼ਾਕਿਰ ਦੀ ਸੀ ਜਿਸਦਾ ਰੀਵਿਊ ਛਪਿਆ ਸੀ। 'ਦੋਹਿਰੇ' ਇੱਕਠੇ ਕਰਕੇ ਮਰਹੂਮ ਲੇਖਕ ਦੇ ਬੇਟੇ ਨੇ ਇਹ ਕਿਤਾਬ 'ਦੋਸਤ ਪਬਲੀਕੇਸ਼ਨਜ, ਇਸਲਾਮਾਬਾਦ' ਤੋਂ ਛਪਵਾਈ ਹੈ। ਇਸਦੇ 120 ਸਫ਼ੇ ਸਨ ਅਤੇ ਕੀਮਤ 110 ਰੁਪਏ ਹੈ। ਇੱਕ ਦੋਹਿਰਾ ਇਹ ਹੈ :

*"ਲੁੱਟੇ ਜਿੰਨਾ ਮਾਲ ਖਜ਼ਾਨੇ, ਮਰੇ ਹਾਲ ਤਬਾਹ,*
*ਕਿੱਥੇ ਗਏ ਉਹ ਮਾਲ ਖਜ਼ਾਨੇ, ਕਿੱਥੇ ਗਏ ਉਹ ਸ਼ਾਹ ?"*

ਕਵਿਤਾ ਦੇ ਪੱਧਰ ਦਾ ਫੈਸਲਾ ਤੁਸੀਂ ਆਪ ਕਰ ਲਓ।

**ਅਨਾਰਕਲੀ ਬਜ਼ਾਰ** : 10 ਵਜੇ ਤੱਕ ਅਸੀਂ ਅਨਾਰਕਲੀ ਬਾਜ਼ਾਰ ਵਿੱਚ ਇਧਰ-ਉਧਰ ਘੁੰਮਦੇ ਰਹੇ। ਪੁਰਾਣੀ ਅਨਾਰਕਲੀ ਨੂੰ ਅੱਗੇ ਵਧਾ ਕੇ ਹੀ ਨਵੀਂ ਅਨਾਰਕਲੀ ਬਣੀ ਹੋਈ ਹੈ। ਦੋਵੇਂ ਪਾਸੇ ਦੁਕਾਨਾਂ ਹਨ, ਅਤੇ ਵਿਚਕਾਰ 50-60 ਫੁੱਟ ਖਾਲੀ ਜਗ੍ਹਾ ਹੈ। ਵਿਚਾਲੇ ਦੁਕਾਨਦਾਰ ਆਪਣੀਆਂ ਕਾਰਾਂ ਵਗੈਰਾ ਖੜੀਆਂ ਕਰਦੇ ਹਨ ਅਤੇ ਦੋਵੇਂ ਪਾਸੇ ਗਾਹਕ ਪੈਦਲ ਘੁੰਮਦੇ ਹਨ। ਦੁਕਾਨਾਂ ਨਾ ਤਾਂ ਨਵੀਆਂ ਹਨ ਅਤੇ ਨਾ ਹੀ ਬਹੁਤ ਵੱਡੀਆਂ। ਨਵੀਂ ਅਨਾਰਕਲੀ ਵਿਚ ਹਬੀਬ ਬੈਂਕ ਦੀ ਬਿਲਡਿੰਗ ਸਭ ਤੋਂ ਵੱਡੀ ਹੈ। ਕੁਝ ਵੱਡੇ ਸਟੋਰ ਵੀ ਹਨ। ਇਸ ਬਾਜ਼ਾਰ ਦੀ ਸ਼ੋਹਰਤ ਪਹਿਲਾਂ ਹੀ ਸੀ। ਲਾਹੌਰ ਦੇ ਨਵੇਂ ਇਲਾਕਿਆਂ ਦੇ ਬਾਜ਼ਾਰਾਂ ਦੇ ਮੁਕਾਬਲੇ ਇਹ ਕੁਝ ਵੀ ਨਹੀਂ। ਲਿਬਰਟੀ ਮਾਰਕੀਟ ਵਗੈਰਾ ਦੇ ਮੁਕਾਬਲੇ ਵਿੱਚ ਇਹ ਕੁਝ ਵੀ ਨਹੀਂ। ਉਹ ਚੰਡੀਗੜ੍ਹ ਦੇ 17 ਸੈਕਟਰ ਦੀ ਮਾਰਕੀਟ ਵਰਗੀ ਹੈ। ਉੱਥੋਂ ਦੇ 'ਅਲ ਫ਼ਤੇਹ' ਸਟੋਰ ਦੇ ਮੁਕਾਬਲੇ ਦਾ ਅਨਾਰਕਲੀ ਬਾਜ਼ਾਰ ਵਿੱਚ ਕੋਈ ਸਟੋਰ ਨਹੀਂ। ਹਾਂ ਦੋਵੇਂ ਮਹਿੰਗੀਆਂ ਹਨ ਅਤੇ ਜ਼ਿਆਦਾ ਵਿਦੇਸ਼ੀ ਮਾਲ ਵੇਚਦੀਆਂ ਹਨ। ਵਿਚਾਲੇ ਖੁੱਲ੍ਹੀ ਜਗ੍ਹਾ ਵਿਚ ਇੱਕ ਵੀ ਬੂਟਾ ਨਹੀਂ। ਉਹ ਸਮੇਂ ਗਏ ਜਦੋਂ ਇੱਥੇ ਅਨਾਰ ਦੀਆਂ ਕਲੀਆਂ ਖਿੜਦੀਆਂ ਹੋਣਗੀਆਂ। ਹਾਂ, ਇੱਕ ਗੱਲ ਅੱਛੀ ਹੈ। ਇੱਥੋਂ ਦੀ ਟਰੈਫਿਕ ਬਿਲਕੁਲ ਨਹੀਂ ਲੰਘਦਾ ਅਤੇ ਸ਼ਾਂਤੀ ਰਹਿੰਦੀ ਹੈ। ਅਵਾਰਾ ਪਸ਼ੂ ਤਾਂ ਉਧਰ ਹਨ ਹੀ ਨਹੀਂ। ਕਾਰਨ ਤੁਹਾਨੂੰ ਪਤਾ ਹੈ।

ਸਭ ਤੋਂ ਪਹਿਲਾਂ ਛੋਟੀਆਂ ਦੁਕਾਨਾਂ ਖੁੱਲ੍ਹਣੀਆਂ ਸ਼ੁਰੂ ਹੋਈਆਂ। ਇੱਕ ਮਾਰਕੀਟ ਥੋੜੀ ਪਿੱਛੇ ਹਟਵੀਂ ਸੀ। ਉੱਥੇ ਛੋਟੀਆਂ ਛੋਟੀਆਂ ਦੁਕਾਨਾਂ ਸਨ। ਪ੍ਰੋ. ਜੋਹਲ ਅਤੇ ਮੈਂ ਇੱਕ ਖਿਡੌਣਿਆਂ ਦੀ ਦੁਕਾਨ ਤੇ ਖੜ੍ਹ ਗਏ। ਕੋਈ 60-65 ਸਾਲ ਦਾ ਉਹ ਦੁਕਾਨਦਾਰ ਏਧਰ ਜਲੰਧਰ ਤੋਂ ਉੱਜੜ ਕੇ ਗਿਆ ਸੀ। ਗੱਲੀਂ ਲੱਗ ਪਿਆ। ਉਸਨੇ ਦੱਸਿਆ ਕਿ ਉਨ੍ਹਾਂ ਦੀ ਰੈਣਕ ਬਜ਼ਾਰ ਵਿੱਚ ਦੁਕਾਨ ਹੁੰਦੀ ਸੀ। ਮੈਂ ਉਸਨੂੰ ਦੱਸਿਆ ਕਿ ਮੈਂ ਸਪੋਰਟਸ ਕਾਲਜ, ਜਲੰਧਰ ਪੜ੍ਹਾਉਂਦਾ ਰਿਹਾ ਹਾਂ ਜਿਹੜਾ ਕਪੂਰਥਲਾ ਰੋਡ ਤੇ ਵਕਫ ਬੋਰਡ ਦੀ ਜਗ੍ਹਾ ਵਿੱਚ ਸਥਿਤ ਹੈ। ਉਹ ਭਾਵੁਕ ਹੋ ਗਿਆ। ਕਹਿੰਦਾ ਕਿ ਉੱਥੇ ਤਾਂ ਇੱਕ ਸੰਸਥਾ ਹੁੰਦੀ ਸੀ। ਦਰਖਤ ਬਹੁਤ ਸਨ। ਮੈਂ ਉਸਨੂੰ ਦੱਸਿਆ ਕਿ ਉਹ 'ਯੂ' ਸ਼ੇਪ ਦੀ ਬਿਲਡਿੰਗ ਉਸੇ ਤਰ੍ਹਾਂ ਖੜੀ ਹੈ, ਚੰਗੀ ਹਾਲਤ ਵਿਚ। ਵਿਚਾਲੇ ਸਫੈਦੇ ਦੇ ਦਰਖਤ ਅਸਮਾਨ ਨੂੰ ਛੂੰਹਦੇ ਹਨ। ਉਹ ਬਹੁਤ ਖੁਸ਼ ਹੋਇਆ। ਉਸਨੂੰ ਹੋਰ ਵੀ ਖੁਸ਼ੀ ਹੋਈ ਜਦੋਂ ਮੈਂ ਦੱਸਿਆ ਕਿ ਜਲੰਧਰ ਦੇ ਪੁਰਾਣੇ ਬਜ਼ਾਰ ਤਕਰੀਬਨ ਉਸੇ ਤਰ੍ਹਾਂ ਹੀ ਹਨ। ਉਸਨੇ ਸਾਨੂੰ ਬਿਠਾ ਲਿਆ ਅਤੇ ਧੱਕੇ ਨਾਲ ਚਾਹ ਦਾ ਆਰਡਰ ਦੇ ਦਿੱਤਾ। ਉਸਦਾ ਮੁੱਢਲਾ ਜੀਵਨ ਉਸ ਦੀਆਂ ਅੱਖਾਂ ਅੱਗੇ ਘੁੰਮ ਰਿਹਾ ਹੋਣਾ ਹੈ। ਕੁਝ ਦੇਰ ਦੂਜੇ ਪਾਸੇ ਮੂੰਹ ਕਰਕੇ ਖਿਡੌਣੇ ਝਾੜਦਾ ਰਿਹਾ। ਸ਼ਾਇਦ ਅੱਖਾਂ ਦੇ ਪਾਣੀ ਨੂੰ ਰੋਕ ਰਿਹਾ ਹੋਵੇ। ਫਿਰ ਬੋਲਿਆ, "ਭਾਈ ਸਾਹਿਬ, ਉਧਰ ਦੀ ਯਾਦ ਬਹੁਤ ਆਉਂਦੀ ਹੈ। ਜਾਣ ਨੂੰ ਦਿਲ ਵੀ ਕਰਦਾ ਹੈ। ਪਰ ਇੱਕ ਤਾਂ ਕੰਮ ਧੰਦੇ ਨਹੀਂ ਮੁਕਦੇ। ਦੂਜਾ ਤੁਹਾਡੀ ਸਰਕਾਰ ਸਾਡਾ ਵੀਜ਼ਾ ਵੀ ਤੁਹਾਡੇ ਪੰਜਾਬ ਦਾ ਨਹੀਂ ਲਾਉਂਦੀ।" ਸਾਨੂੰ ਹੈਰਾਨੀ ਹੋਈ। ਸ਼ਾਇਦ ਇਹ ਪਿਛਲੇ ਸਾਲਾਂ ਵਿੱਚ ਹੋਈ ਗੜਬੜ ਕਰਕੇ ਹੋਣਾ ਹੈ। "ਪਰ, ਮਲੇਰਕੋਟਲੇ ਤੋਂ ਤਾਂ ਇੱਧਰ ਇੰਨੀਆਂ ਰਿਸ਼ਤੇਦਾਰੀਆਂ ਹਨ। ਉਹ ਕੀ ਕਰਦੇ ਹੋਣਗੇ ?" ਅਸੀਂ ਕਿਹਾ।

ਉਸਨੇ ਦੱਸਿਆ ਕਿ ਉਹ ਲੋਕ ਸਮਝੌਤਾ ਐਕਸਪ੍ਰੈਸ ਤੋਂ ਅੰਬਾਲਾ ਜਾਂ ਦਿੱਲੀ ਉਤਰਦੇ ਹਨ। ਫਿਰ ਜਾਂ ਤਾਂ ਰਿਸ਼ਤੇਦਾਰ ਉਥੇ ਚਲੇ ਜਾਂਦੇ ਹਨ ਅਤੇ ਜਾਂ ਫਿਰ ਉਹ ਚੁੱਪ ਚਾਪ ਪੰਜਾਬ ਆ ਕੇ ਮਿਲ ਜਾਂਦੇ ਹਨ। ਕੋਈ ਨਹੀਂ ਪੁੱਛਦਾ।

ਮੈਂ ਸੋਚ ਰਿਹਾ ਸਾਂ ਕਿ ਪਾਕਿਸਤਾਨ ਬਣਾ ਕੇ ਕੀ ਖੱਟਿਆ। ਦਸ ਲੱਖ ਲੋਕ ਭੇਡਾਂ ਬੱਕਰੀਆਂ ਵਾਂਗ ਵੱਢੇ ਗਏ। ਘਰ ਘਾਟ ਉਜੜ ਗਏ ਅਤੇ ਅਜੇ ਵੀ ਉਸ ਆਦਮੀ ਵਰਗੇ ਆਦਮੀ ਔਰਤਾਂ ਅੰਦਰੋਂ ਅੰਦਰੀ ਰੋ ਰਹੇ ਸਨ।

ਚਾਹ ਪੀਤੀ। ਕੁਝ ਖਿਡੌਣੇ ਵੇਖੇ। ਉਸਨੇ ਸਾਨੂੰ ਚੀਨ ਦੇ ਖਿਡੌਣੇ ਵਿਖਾਏ। ਪਹਿਲਾਂ ਜਾਪਾਨ ਦਾ ਉਦਯੋਗ ਇਸ ਖੇਤਰ ਵਿੱਚ ਅੱਗੇ ਸੀ। ਹੁਣ ਚੀਨ ਨੇ ਉਸਨੂੰ ਪਿੱਛੇ ਛੱਡ ਦਿੱਤਾ ਹੈ। ਅਸੀਂ ਇੱਕ ਇੱਕ ਪਸਤੌਲ ਲੈ ਲਈ। ਕੀਮਤ ਪੁੱਛੀ ਤਾਂ ਉਹ ਬੋਲਿਆ, "ਨਿਸ਼ਾਨੀ ਲੈ ਜਾਓ। ਬੱਚੇ ਤੁਹਾਡੇ ਕੀ ਤੇ ਸਾਡੇ ਕੀ ?" ਬਹੁਤ ਜ਼ੋਰ ਲਾ ਕੇ ਅਸੀਂ ਪੈਸੇ ਦਿੱਤੇ। ਬਹੁਤ ਹੀ ਵਾਜਬ ਕੀਮਤ ਲਈ। ਵਿਚਾਰੇ ਜੌਹਲ ਸਾਹਿਬ ਫਸ ਗਏ। ਦੁਕਾਨਦਾਰਾਂ ਨਾਲ ਸੌਦੇਬਾਜ਼ੀ ਕਰਨਾ ਉਨ੍ਹਾਂ ਦਾ ਸ਼ੁਗਲ ਹੈ। ਉਹ ਕੀਮਤ ਘਟਵਾਉਂਦੇ ਜ਼ਰੂਰ ਹਨ, ਭਾਵੇਂ ਇੱਕ ਰੁਪਿਆ ਹੀ ਘਟੇ। ਏਥੇ ਉਹ ਚੁੱਪ ਰਹੇ, ਸ਼ਾਇਦ ਜ਼ਿੰਦਗੀ 'ਚ ਪਹਿਲੀ ਵਾਰ। ਅਸੀਂ ਹੱਥ ਮਿਲਾ ਕੇ ਮੇਨ ਬਾਜ਼ਾਰ ਵਿੱਚ ਆ ਗਏ।

ਥੋੜੀ ਦੂਰ ਗਏ ਤਾਂ ਸਾਹਮਣੇ ਤੋਂ ਇੱਕ ਜਨਾਜ਼ਾ ਆ ਰਿਹਾ ਸੀ। ਅਨਾਰਕਲੀ ਬਾਜ਼ਾਰ ਦੇ ਸਾਹਮਣੇ ਇੱਕ ਮਸਜਿਦ ਹੈ। ਉਧਰੋਂ ਆ ਰਹੇ ਸਨ। ਪਿੱਛੇ 40-50 ਆਦਮੀ ਹੀ ਸਨ। ਕਿਸੇ ਗਰੀਬ ਆਦਮੀ ਜਾਂ ਔਰਤ ਦਾ ਜਨਾਜ਼ਾ ਲਗਦਾ ਸੀ। ਜਦ ਉਹ ਬਰਾਬਰ ਆਏ ਤਾਂ ਅਸੀਂ ਸਤਿਕਾਰ ਵਜੋਂ ਸਿਰ ਝੁਕਾਅ ਕੇ ਖੜ੍ਹ ਗਏ। ਬਾਕੀ ਦੁਕਾਨਦਾਰ ਵੀ ਖੜ੍ਹੇ ਸਨ। ਮੁਰਦੇ ਦਾ ਹਰ ਧਰਮ ਵਿਚ ਸਤਿਕਾਰ ਹੁੰਦਾ ਹੈ, ਜਿਉਂਦੇ ਜੀਅ ਭਾਵੇ ਕੋਈ ਪੁੱਛੇ ਜਾ ਨਾ।

ਅਸੀਂ ਮੁੜਕੇ ਵੇਖਿਆ ਤਾਂ ਪਿੱਛੇ ਕੱਪੜੇ ਦੀ ਕਾਫੀ ਵੱਡੀ ਦੁਕਾਨ ਸੀ। ਬੋਰਡ ਲੱਗਿਆ ਸੀ "ਹਜਵੇਰੀ ਕਲਾਥ ਹਾਊਸ, 97-ਅਨਾਰਕਲੀ, ਲਾਹੌਰ"। ਅਜੇ ਕੋਈ ਗਾਹਕ ਨਹੀਂ ਸੀ। ਅਸੀਂ ਅੰਦਰ ਚਲੇ ਗਏ। ਦੁਕਾਨ ਦੇ ਮਾਲਕ ਨੇ ਸਾਨੂੰ ਬੈਠਣ ਲਈ ਕਿਹਾ। ਉਸਨੇ ਸਾਨੂੰ ਕਿਹਾ, "ਇੱਥੋਂ ਕਪੜਾ ਖਰੀਦਣਾ ਤੁਹਾਨੂੰ ਠੀਕ ਨਹੀਂ ਆਉਣਾ। ਤੁਸੀਂ ਰੰਗ ਮਹਿਲ ਬਜ਼ਾਰ ਚਲੇ ਜਾਓ। ਉੱਥੇ ਕੱਪੜੇ ਦੀ 'ਆਜ਼ਮ ਮਾਰਕੀਟ' ਹੈ। ਉਸਨੇ ਸਾਨੂੰ ਸਮਝਾ ਵੀ ਦਿੱਤਾ ਕਿ ਇਸ ਬਾਜ਼ਾਰ ਦੇ ਅਖੀਰ ਵਿਚ ਸਬ-ਵੇ ਹੈ। ਉਸ ਵਿੱਚੋਂ ਸੜਕ ਦੇ ਹੇਠਾਂ ਦੀ ਲੰਘ ਕੇ ਦੂਜੇ ਪਾਸਿਓਂ ਆਟੋ ਜਾਂ ਵੈਨ ਫੜ ਲੈਣਾ। ਉਸ ਦਾ ਦੋਸਤਾਨਾ ਅਤੇ ਮਦਦ ਕਰਨ ਵਾਲਾ ਰਵੱਈਆ ਵੇਖ ਕੇ ਅਸੀਂ ਉਸਤੋਂ ਡ੍ਰਾਈ ਫਰੂਟ ਅਤੇ ਹੱਥੀ ਸੀਤੀਆਂ ਜੁੱਤੀਆਂ ਵਾਲੇ ਬਾਜ਼ਾਰ ਵੀ ਪੁੱਛ ਲਏ। ਉਸਨੇ ਸਾਨੂੰ ਕਾਗਜ਼ ਅਤੇ ਪੈਨ ਦਿੰਦੇ ਹੋਏ ਕਿਹਾ, "ਲਿਖ ਲਵੋ। ਡ੍ਰਾਈ ਫਰੂਟ ਦੀ 'ਅਕਬਰੀ ਮੰਡੀ' ਦਿੱਲੀ ਦਰਵਾਜ਼ੇ ਕੋਲ ਹੈ। ਜੁੱਤੀਆਂ ਕਿਨਾਰੀ ਮਾਰਕੀਟ, ਸੂਹਾ ਬਾਜ਼ਾਰ ਵਿੱਚ ਮਿਲਣਗੀਆਂ।

"ਜੁੱਤੀਆਂ ਪਾਉਣ ਲਈ ਮਿਲਣਗੀਆਂ ਜਾਂ ਖਾਣ ਲਈ ?" ਜੌਹਲ ਸਾਹਿਬ ਨੇ ਟੋਟਕਾ ਛੱਡ ਦਿੱਤਾ।

ਸਾਰੇ ਉੱਚੀ ਉੱਚੀ ਹੱਸ ਪਏ ਅਤੇ ਅਸੀਂ ਧੰਨਵਾਦ ਕਰਕੇ ਬਾਹਰ ਆ ਗਏ।

ਅਨਾਰਕਲੀ ਬਾਜ਼ਾਰ ਅਸੀਂ ਬੰਦ ਦੁਕਾਨਾਂ ਨਾਲ ਹੀ ਕਾਫ਼ੀ ਵੇਖ ਲਿਆ ਸੀ। ਇਸ ਲਈ ਅਸੀਂ ਸਿੱਧੇ ਸਬ-ਵੇ ਵੱਲ ਤੁਰ ਪਏ। ਆਪਣੇ ਦੇਸ਼ ਵਾਂਗ ਸਬ-ਵੇ ਵਿੱਚ ਉੱਥੇ ਵੀ ਜ਼ਿਆਦਾ ਹੋਲ-ਸੇਲ ਦੀਆਂ ਦੁਕਾਨਾਂ ਸਨ, ਖਾਸ ਤੌਰ 'ਤੇ ਦਵਾਈਆਂ ਦੀਆਂ। ਮੈਨੂੰ ਕਿਸੇ ਡਾਕਟਰ ਨੇ ਉਧਰੋਂ ਜਰਮਨੀ ਦੇ ਥਰਮਾਮੀਟਰ ਲਿਆ ਕੇ ਦੇਣ ਨੂੰ ਕਿਹਾ ਸੀ। ਪਰ ਉਨ੍ਹਾਂ ਦੁਕਾਨਾਂ ਨੂੰ ਵੇਖਕੇ ਵੀ ਮੈਨੂੰ ਥਰਮਾਮੀਟਰ ਯਾਦ ਹੀ ਨਹੀਂ ਆਏ। ਆ ਕੇ ਡਾਕਟਰ ਤੋਂ ਉਲਾਹਮਾ ਲੈਣਾ ਪਿਆ।

**ਆਜ਼ਮ ਮਾਰਕੀਟ** : ਵੈਨ ਫੜ ਕੇ ਅਸੀਂ ਰੰਗ ਮਹਿਲ ਚਲੇ ਗਏ। ਉੱਥੇ ਕੋਈ ਮਹਿਲ ਨਹੀਂ। ਉੱਥੇ ਕੱਪੜੇ ਦੀ 'ਆਜ਼ਮ ਮਾਰਕੀਟ' ਹੀ ਖਾਸ ਕੇਂਦਰ ਹੈ। ਤੰਗ ਗਲੀਆਂ ਵਿੱਚ ਦੂਰ ਦੂਰ ਤੱਕ ਅਣਗਿਣਤ ਦੁਕਾਨਾ ਹਨ। ਇਸ ਮਾਰਕੀਟ ਦੀ ਖਾਸ ਗੱਲ ਇਹ ਹੈ ਕਿ ਸਾਰੀ ਮਾਰਕੀਟ ਉੱਪਰ ਲੋਹੇ ਦੀਆਂ ਚਾਦਰਾਂ ਦੀ ਛੱਤ ਪਾਈ ਹੋਈ ਹੈ। ਦੁਕਾਨਾਂ ਉੱਤੇ ਬੁਰਜੀਆਂ ਕੱਢ ਕੇ ਚਾਦਰਾਂ ਤਿਰਛੀਆ ਲਾਈਆਂ ਹੋਈਆਂ ਹਨ। ਇਸ ਨਾਲ ਹਵਾ ਅਤੇ ਕੁਝ ਧੁੱਪ ਤਾਂ ਅੰਦਰ ਆ ਜਾਂਦੀ ਹੈ, ਪਰ ਬਾਰਸ਼ ਵਿੱਚ ਇੱਕ ਛਿੱਟ ਵੀ ਅੰਦਰ ਨਹੀਂ ਆਉਂਦੀ। ਪਾਣੀ ਪਾਸੇ ਦੀਆਂ ਗਲੀਆਂ ਵਿਚ ਜਾ ਕੇ ਡਿਗਦਾ ਹੈ। ਬਹੁਤ ਵਧੀਆ ਸਿਸਟਮ ਹੈ। ਦੁਕਾਨਾਂ ਛੋਟੀਆਂ-ਛੋਟੀਆਂ ਹਨ, ਪਰ ਕੱਪੜੇ ਦੀਆਂ ਭਰੀਆ ਹੋਈਆਂ। ਬਹੁਤੇ ਦੁਕਾਨਦਾਰ ਇੱਕ ਹੀ ਕਪੜਾ ਰਖਦੇ ਹਨ – ਦੁਪੱਟੇ, ਚਿਰਗਨ, ਲੱਠਾ, ਸ਼ੈਫੂਨ ਆਦਿ। ਜ਼ਿਆਦਾ ਥੋਕ ਦੀਆਂ ਦੁਕਾਨਾਂ ਹਨ।

ਉਸ ਦਿਨ ਅਸੀਂ ਰੈਕੀ ਹੀ ਕਰਨੀ ਸੀ। ਅਗਲੇ ਦਿਨ ਸਾਡੇ ਨਾਲ ਵਾਲੀਆਂ ਲੇਡੀਜ਼ ਨੂੰ ਨਾਲ ਲੈ ਕੇ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਲਈ ਕੁਝ ਤੋਹਫੇ ਦੇਣ ਲਈ ਥੋੜੇ ਲੇਡੀਜ਼ ਸੂਟ ਖਰੀਦਣੇ ਸਨ। ਅਸੀਂ ਕਾਫੀ ਘੁੰਮ ਕੇ ਸਾਡੇ ਮਤਲਬ ਦੀਆਂ ਦੁਕਾਨਾਂ ਨਿਗ੍ਹਾ ਵਿੱਚ ਕਰ ਲਈਆਂ।

ਵਾਪਸ ਆਉਣ ਤੋਂ ਪਹਿਲਾਂ ਅਸੀਂ ਬਾਥਰੂਮ ਜਾਣਾ ਸੀ। ਕਿਧਰੇ ਕੋਈ ਬਾਥਰੂਮ ਨਜ਼ਰ ਨਹੀਂ ਆਇਆ। ਦੁਕਾਨਾਂ ਵਾਲਿਆਂ ਨੇ ਵੀ ਕੁਝ ਪੱਲੇ ਨਹੀਂ ਪਾਇਆ। ਮੇਨ ਬਜ਼ਾਰ ਵਿੱਚ ਨਿਕਲ ਕੇ ਪੁੱਛਿਆ ਤਾਂ ਇੱਕ ਦੁਕਾਨਦਾਰ ਬੋਲਿਆ, "ਮਸਜਿਦ ਵਿੱਚ ਹੋ ਆਓ।" ਸਾਹਮਣੇ ਸੁਨਹਿਰੀ ਮਸਜਿਦ ਖੜੀ ਸੀ। ਇਸ ਮਸਜਿਦ ਵਾਲੀ ਥਾਂ ਬਾਰੇ ਮਹਾਰਾਜਾ ਰਣਜੀਤ ਸਿੰਘ ਵੇਲੇ ਮੁਸਲਮਾਨਾਂ ਅਤੇ ਹਿੰਦੂ-ਸਿੱਖਾਂ ਵਿਚਕਾਰ ਝਗੜਾ ਰਿਹਾ ਸੀ। ਸਿੱਖ ਉੱਥੇ ਗੁਰਦੁਆਰਾ ਬਣਾਉਣਾ ਚਾਹੁੰਦੇ ਸਨ ਅਤੇ ਮੁਸਲਮਾਨ, ਮਸਜਿਦ। ਮਹਾਰਾਜਾ ਨੇ ਇਹ ਜਗ੍ਹਾ ਮੁਸਲਮਾਨਾਂ ਨੂੰ ਦਿਵਾ ਦਿੱਤੀ ਸੀ। ਅਸੀਂ ਉਸ ਆਦਮੀ ਦੀ ਗੱਲ ਉੱਤੇ ਹੈਰਾਨ ਹੋਏ। ਸਿੱਖਾਂ ਨੂੰ ਮਸਜਿਦ ਦੇ ਬਾਥਰੂਮ ਵਰਤਦੇ ਵੇਖਕੇ ਕੋਈ ਝਗੜਾ ਹੀ ਨਾ ਹੋ ਜਾਵੇ। ਕਿਤੇ ਉਹ ਸਾਨੂੰ ਬੇਵਕੂਫ ਤਾਂ ਨਹੀਂ ਬਣਾ ਰਿਹਾ ਸੀ। ਅਸੀਂ ਮਸਜਿਦ ਦੇ ਸਾਹਮਣੇ ਖੜੇ ਸ਼ਸ਼ੋਪੰਜ ਵਿੱਚ ਪਏ ਹੋਏ ਸਾਂ। ਅਖੀਰ ਜੌਹਲ ਸਾਹਿਬ ਬੋਲੇ, "ਕੀ ਹੁੰਦੈ, ਯਾਰ। ਮੈਂ ਤਾਂ ਜਾਨਾ" ਅਤੇ ਉਹ ਪੌੜੀਆਂ ਚੜ੍ਹ ਗਏ। ਮਸਜਿਦ ਖਾਸੀ ਉੱਚੀ ਜਗ੍ਹਾ ਤੇ ਸੀ। ਮੈਂ ਗੇਟ ਦੇ ਸਾਹਮਣੇ ਖੜ੍ਹ ਕੇ ਵੇਖਦਾ ਰਿਹਾ। ਉਹ ਪਹਿਲਾਂ ਖੱਬੇ ਪਾਸੇ ਗਏ। ਕਾਫ਼ੀ ਦੇਰ ਉਧਰੋਂ ਨਹੀਂ ਮੁੜੇ। ਮੈਂ ਡਰ ਰਿਹਾ ਸਾਂ ਕਿ ਕੋਈ ਕਲੇਸ਼ ਨਾ ਪੈ ਜਾਵੇ। ਫੇਰ ਉਹ ਸੱਜੇ ਪਾਸੇ ਗਏ ਅਤੇ ਹੱਥ ਧੋ ਕੇ ਰੁਮਾਲ ਨਾਲ ਹੱਥ ਪੂੰਝਦੇ ਹੋਏ ਪੌੜੀਆਂ ਉੱਤਰ ਆਏ। ਬਿਗਾਨੇ ਇਲਾਕੇ ਵਿੱਚ ਦੂਸਰੇ ਧਰਮ ਦੀਆਂ ਰਹੁ-ਰੀਤਾਂ ਬਾਰੇ ਅਗਿਆਨਤਾ ਕਰਕੇ ਅਸੀਂ ਡਰ ਗਏ ਸਾਂ। ਅਗਲੇ ਦਿਨ ਪਤਾ ਲੱਗਿਆ ਕਿ ਕਈ ਥਾਈਂ ਬਾਥਰੂਮ ਤਾਂ ਸਨ ਪਰ ਦੁਕਾਨਾਂ ਵਾਲੇ ਉਨ੍ਹਾਂ ਨੂੰ ਤਾਲੇ ਲਾ ਕੇ ਰਖਦੇ ਹਨ।

**ਕੱਪੜਾ ਉਦਯੋਗ** : ਪਾਕਿਸਤਾਨ ਵਿੱਚ ਕੱਪੜਾ ਉਦਯੋਗ ਕਾਫੀ ਤਰੱਕੀ ਤੇ ਹੈ। ਉੱਥੇ ਬਹੁਤ ਵਧੀਆ ਰੇਸ਼ੇ ਵਾਲਾ ਨਰਮਾ ਹੁੰਦਾ ਹੈ ਅਤੇ ਖਾਸ ਤੌਰ 'ਤੇ ਸੂਤੀ ਕਪੜਾ ਤਾਂ ਉਹ ਬਹੁਤ ਹੀ ਵਧੀਆ ਬਣਾਉਂਦੇ ਹਨ। ਬੁਨਿਆਨ ਬਹੁਤ ਵਧੀਆ ਅਤੇ ਸਸਤੇ ਹਨ। ਲੱਠਾ ਬਹੁਤ ਵਧੀਆ ਹੈ। ਮੇਰੇ ਇੱਕ ਦੋਸਤ, ਪ੍ਰੋ. ਕੇ. ਬੀ. ਸ਼ਰਮਾ, ਨੇ ਦੱਸਿਆ ਸੀ ਕਿ ਪਾਕਿਸਤਾਨ ਬਣਨ ਤੋਂ ਬਾਅਦ ਉੱਥੇ ਲੱਠਾ ਮਿਲਦਾ ਹੀ ਨਹੀਂ ਸੀ। ਟਿਕ-ਟਿਕਾ ਹੋਣ ਤੋਂ ਬਾਅਦ ਉਹ ਆਪਣਾ ਪੁਰਾਣਾ ਪਿੰਡ ਵੇਖਣ ਗਏ ਸਨ। ਕੁਝ ਸਾਲ ਆਉਣ ਜਾਣ ਦੀ ਬਹੁਤੀ ਪਾਬੰਦੀ ਨਹੀਂ ਸੀ। ਉਹ

ਆਪਣੇ ਹੈਡਮਾਸਟਰ ਨੂੰ ਮਿਲਣ ਗਏ। ਹੈਡਮਾਸਟਰ ਸਾਹਿਬ ਬੋਲੇ, "ਜੇ ਆਉਣਾ ਸੀ, ਤਾਂ ਪਹਿਲਾਂ ਚਿੱਠੀ ਪਾ ਦਿੰਦਾ। ਮੈਂ ਲੱਠੇ ਥਾਂਓਂ ਔਖਾ ਹੋਇਆ ਪਿਆ ਹਾਂ।" ਸ਼ਰਮਾ ਸਾਹਿਬ ਨੂੰ ਬਹੁਤ ਪਛਤਾਵਾ ਹੋਇਆ ਕਿ ਪਤਾ ਹੁੰਦਾ ਤਾਂ ਆਪਣੇ ਉਸਤਾਦ ਨੂੰ ਇਕ ਥਾਨ ਲਿਆ ਦਿੰਦੇ। ਹੁਣ ਹਾਲਤ ਇਹ ਹੈ ਕਿ ਪਾਕਿਸਤਾਨ ਤੋਂ ਕਪੜਾ ਵਿਦੇਸ਼ਾਂ ਨੂੰ ਜਾਂਦਾ ਹੈ।

**ਦੇਹਰਾ ਸਾਹਿਬ ਵਿੱਚ ਅਖੰਡ ਪਾਠ** : ਉਨ੍ਹਾਂ ਦਿਨਾਂ ਵਿੱਚ ਗੁਰਦੁਆਰਾ ਦੇਹਰਾ ਸਾਹਿਬ ਵਿੱਚ ਅਖੰਡ ਪਾਠ ਚੱਲ ਰਹੇ ਸਨ। 16 ਅਪ੍ਰੈਲ ਦੀ ਸ਼ਾਮ ਅਸੀਂ ਪਾਠ ਸਰਵਣ ਕਰਨ ਲਈ ਮਿਥੀ ਹੋਈ ਸੀ। ਬਾਜ਼ਾਰੋਂ ਵਾਪਸ ਆ ਕੇ ਲੰਗਰ ਛਕਿਆ ਅਤੇ ਫਿਰ ਥੋੜੀ ਦੇਰ ਆਰਾਮ ਕੀਤਾ। ਉਸ ਤੋਂ ਬਾਅਦ ਕਈ ਘੰਟੇ ਪਾਠ ਸਰਵਣ ਕੀਤਾ। ਸਾਰਾ ਹਾਲ ਸ਼ਰਧਾਲੂਆਂ ਨਾਲ ਭਰਿਆ ਹੋਇਆ ਸੀ। ਔਰਤਾਂ ਦੀ ਗਿਣਤੀ ਜ਼ਿਆਦਾ ਸੀ। ਹਾਲ ਛੋਟਾ ਹੈ, ਪਰ ਸ਼ਰਧਾਲੂਆਂ ਦੇ ਲਈ ਕਾਫੀ ਹੈ। ਸਾਰੇ ਸ਼ਰਧਾਲੂ ਕੋਈ ਇਕ ਸਮੇਂ ਤਾਂ ਇਕੱਠੇ ਪਾਠ ਸੁਣਨ ਬੈਠਦੇ ਨਹੀਂ। ਜਿਸ ਦਿਨ ਅਖੰਡ ਪਾਠ ਦਾ ਭੋਗ ਪੈਣਾ ਸੀ, ਉਸ ਦਿਨ ਬਹੁਤ ਭੀੜ ਸੀ। ਉਸ ਦਿਨ ਹਾਲ ਦੇ ਬਾਹਰ ਵਿਹੜੇ ਵਿਚ ਸ਼ਾਮਿਆਨਾ ਲਗਾ ਕੇ ਬਹੁਤ ਜਗ੍ਹਾ ਬਣਾ ਲਈ ਗਈ ਸੀ।

ਪਾਠੀ ਸਿੰਘ ਬਹੁਤ ਮਿੱਠੀ ਆਵਾਜ਼ ਵਿੱਚ ਪਾਠ ਕਰ ਰਹੇ ਸਨ। ਬਹੁਤ ਸ਼ਰਧਾ ਅਤੇ ਪਵਿੱਤਰਤਾ ਦਾ ਵਾਤਾਵਰਣ ਸੀ। ਸ਼ਹੀਦਾਂ ਦੇ ਸਰਤਾਜ, ਸ੍ਰੀ ਗੁਰੂ ਅਰਜਨ ਦੇਵ ਜੀ, ਦੀ ਸ਼ਹਾਦਤ ਵਾਲੀ ਜਗ੍ਹਾ ਸੀਸ ਨਿਵਾ ਕੇ ਪਾਠ ਸੁਣਨ ਨਾਲੋਂ ਹੋਰ ਵੱਡਾ ਸੁਭਾਗ ਕੀ ਹੋ ਸਕਦਾ ਹੈ। ਗੁਰਬਾਣੀ ਨਾਲ ਸਰਸ਼ਾਰ ਹੋਇਆ ਮੈਂ ਉਸ ਚੰਦਰੇ ਦਿਹਾੜੇ ਦੇ ਦ੍ਰਿਸ਼ ਆਪਣੇ ਮਨ ਵਿੱਚ ਆਉਂਦੇ ਵੇਖ ਰਿਹਾ ਸਾਂ ਜਿਸ ਦਿਨ ਜ਼ਾਲਮ ਮੁਗਲਾਂ ਨੇ ਸ਼ਾਂਤੀ ਅਤੇ ਪ੍ਰੇਮ ਦੇ ਪੁੰਜ ਗੁਰੂ ਅਰਜਨ ਦੇਵ ਜੀ ਨੂੰ ਅਣਮਨੁੱਖੀ ਤਸੀਹੇ ਦਿੱਤੇ ਸਨ। ਤੱਤੀ ਤਵੀ ਤੇ ਬਿਠਾ ਕੇ ਅੱਗ ਵਰਗੀ ਤੱਤੀ ਰੇਤ ਦੇ ਕੜਛੇ ਸੀਸ ਉੱਤੇ ਪਾਏ, ਪ੍ਰੰਤੂ ਉਨ੍ਹਾਂ ਨੇ ਮੂੰਹੋ ਸੀ ਨਹੀਂ ਕੀਤੀ। ਉਸ ਲਾਸਾਨੀ ਬਲੀਦਾਨ ਨੇ ਸਿੱਖੀ ਦੇ ਸਰੂਪ ਅਤੇ ਭਾਰਤ ਦੇ ਇਤਿਹਾਸ ਵਿੱਚ ਨਵਾਂ ਮੋੜ ਲਿਆਂਦਾ। ਗੁਰੂ ਸਾਹਿਬ ਦੀ ਅਮਰ ਬਾਣੀ ਉਸ ਦਿਨ ਵੀ ਫ਼ਿਜ਼ਾਵਾਂ ਵਿੱਚ ਗੂੰਜ ਰਹੀ ਸੀ ਅਤੇ ਸਦਾ ਗੂੰਜਦੀ ਰਹੇਗੀ। ਜ਼ੁਲਮ ਕਰਨ ਵਾਲਿਆਂ ਦਾ ਨਾਮੋ-ਨਿਸ਼ਾਨ ਹੀ ਬਾਕੀ ਨਹੀਂ ਰਿਹਾ।

**ਪਿੰਡਾਂ ਦੇ ਦਰਸ਼ਨ** : 17 ਅਪ੍ਰੈਲ ਨੂੰ ਸਾਡੇ ਸਾਥੀਆਂ ਦਾ ਆਪਣੇ ਪੁਰਾਣੇ ਪਿੰਡ ਵੇਖਣ ਦਾ ਪ੍ਰੋਗਰਾਮ ਸੀ। ਸਾਡੇ ਪਾਸਪੋਰਟਾਂ ਉੱਤੇ ਵੀਜ਼ਾ ਲਾਉਣ ਵੇਲੇ ਉਨ੍ਹਾਂ ਥਾਵਾਂ ਦਾ ਵਿਵਰਣ ਸੀ ਜਿੱਥੇ ਯਾਤਰਾ ਜਾਣੀ ਸੀ। ਉਨ੍ਹਾਂ ਵਿੱਚ ਸਿਰਫ ਲਾਹੌਰ, ਪੰਜਾ ਸਾਹਿਬ, ਨਨਕਾਣਾ ਸਾਹਿਬ ਅਤੇ ਸੱਚਾ ਸੌਦਾ ਸਾਹਿਬ ਹੀ ਲਿਖੇ ਸਨ। ਐਂਟਰੀ ਸਿਰਫ ਅਟਾਰੀ ਰੇਲ ਰੂਟ ਰਾਹੀਂ ਹੀ ਹੋ ਸਕਦੀ ਸੀ। ਹੋਰ ਨਾਂ ਕੋਈ ਇਜਾਜ਼ਤ ਲਿਖੀ ਸੀ ਅਤੇ ਨਾ ਹੀ ਕੋਈ ਪਾਬੰਦੀ। ਕਿਉਂਕਿ ਆਪਣੇ ਲੋਕ ਉਧਰ ਘਰ ਵਾਂਗ ਹੀ ਮਹਿਸੂਸ ਕਰਦੇ ਹਨ, ਇਸ ਲਈ ਖੁੱਲ੍ਹ ਲੈਣ ਤੋਂ ਝਿਜਕਦੇ ਨਹੀਂ। ਇਸ ਗੱਲ ਦੀ ਬਿਲਕੁਲ ਪਰਵਾਹ ਨਹੀਂ ਕਰਦੇ ਕਿ ਭਾਰਤ ਪਾਕਿਸਤਾਨ ਦੀ ਕਿਸ ਤਰ੍ਹਾਂ ਖਿੱਚੋਤਾਣ ਚੱਲ ਰਹੀ ਹੈ ਅਤੇ ਕੁਝ ਦੇਰ ਪਹਿਲਾਂ ਹੀ ਤਾਂ ਕਾਰਗਿਲ ਵਿੱਚ ਲੜਾਈ ਹੋ ਕੇ ਹਟੀ ਸੀ। ਅਸੀਂ ਹਸਨ ਅਬਦਾਲ ਵਿਖੇ ਇੰਚਾਰਜ ਪੁਲੀਸ ਅਫਸਰ ਨੂੰ ਰਾਵਲਪਿੰਡੀ-ਇਸਲਾਮਾਬਾਦ ਹੋ ਕੇ ਆਉਣ ਬਾਰੇ ਪੁੱਛਿਆ ਸੀ। ਉਸਨੇ ਸਾਫ਼ ਕਿਹਾ ਸੀ ਕਿ ਬਾਹਰ ਕਿਤੇ ਵੀ ਜਾਣ ਦੀ ਇਜਾਜ਼ਤ ਨਹੀਂ ਹੈ। ਆਪਣੇ ਰਿਸਕ ਤੇ ਜੋ ਮਰਜ਼ੀ ਕਰੋ। ਗੱਡੀਆਂ ਰਾਤ ਨੂੰ ਤੋਰਨ ਤੋਂ ਵੀ ਸਪਸ਼ਟ ਸੀ ਕਿ ਉਹ ਕੁਝ ਲੁਕੋ ਰੱਖਣਾ ਚਾਹੁੰਦੇ ਸਨ। ਪਰ, ਇਸ ਦੇ ਬਾਵਜੂਦ ਰੁਪਾਣੇ ਦੇ ਪੈਟਰੋਲ-ਪੰਪ ਵਾਲੇ ਅਜੀਤ ਸਿੰਘ ਗਿੱਲ ਹੋਰੀਂ ਸਮੇਤ ਪਰਿਵਾਰ ਟੈਕਸੀਆਂ ਲੈ ਕੇ ਰਾਵਲਪਿੰਡੀ ਤਾਂ ਕੀ

ਇਸਲਾਮਾਬਾਦ ਦੇ ਸੰਵੇਦਨਸ਼ੀਲ ਇਲਾਕਿਆਂ ਵਿੱਚ ਵੀ ਘੁੰਮ ਆਏ ਸਨ। ਹਿੰਮਤ ਕਰਕੇ ਉਹ ਯਾਤਰੀ ਹੀ ਨਹੀਂ, ਟੂਰਿਸਟ ਵੀ ਬਣ ਗਏ ਸਨ।

ਸਾਡੇ ਸਾਥੀਆਂ ਨੇ ਨੇੜੇ ਦੇ ਪਿੰਡਾਂ ਵਿੱਚ ਹੀ ਜਾਣਾ ਸੀ। ਪ੍ਰੋ. ਮਹਿਲ ਸਿੰਘ ਗਿੱਲ ਦਾ ਪਿੰਡ ਦੂਜੇ ਪਾਸੇ ਸੀ ਅਤੇ ਪ੍ਰਿਤਪਾਲ ਸਿੰਘ ਭੁੱਲਰ ਦਾ ਕਸੂਰ ਵਾਲੇ ਪਾਸੇ। ਇਸ ਲਈ ਉਨ੍ਹਾਂ ਨੇ ਵੱਖ-ਵੱਖ ਟੈਕਸੀਆਂ ਕਰ ਲਈਆ। ਪ੍ਰੋ. ਗਿੱਲ ਨੇ ਆ ਕੇ ਦੱਸਿਆ ਕਿ ਬਹੁਤੇ ਪਿੰਡ ਕੱਚੇ ਹੀ ਹਨ। ਟੀ.ਵੀ. ਬਹੁਤ ਘੱਟ ਹਨ। ਪਿੰਡਾਂ ਦੀਆਂ ਫਿਰਨੀਆਂ ਉੱਤੇ ਚਿੱਕੜ ਨਹੀਂ ਹੈ ਕਿਉਂਕਿ ਪਿੰਡਾਂ ਵਿਚ ਵਾਟਰ ਵਰਕਸ ਨਹੀਂ ਹਨ। ਅਜੇ ਵੀ ਬਹੁਤੇ ਲੋਕ ਖਰਾਸ ਉੱਤੇ ਆਟਾ ਪੀਂਹਦੇ ਹਨ। ਹਾਂ, ਪੈਪਸੀ ਅਤੇ ਕੋਕਾ ਕੋਲਾ ਉੱਥੇ ਵੀ ਪਿੰਡਾਂ ਤੱਕ ਪਹੁੰਚ ਗਏ। ਗਿੱਲ ਸਾਹਿਬ ਦੇ ਪਿਓ-ਦਾਦੇ ਉਸ ਪਿੰਡ ਦੇ ਨੰਬਰਦਾਰ ਰਹੇ ਸਨ। ਵੱਡੇ ਬਜ਼ੁਰਗ ਬਹੁਤ ਹੀ ਜ਼ਿਆਦਾ ਖੁਸ਼ ਹੋਏ ਕਿ ਨੰਬਰਦਾਰ ਸਾਹਿਬ ਦਾ ਲੜਕਾ ਅਤੇ ਨੂੰਹ ਆਏ ਹਨ। ਇੱਕ ਅੰਨ੍ਹਾ ਬਜ਼ੁਰਗ ਠੇਡੇ ਖਾਂਦਾ ਪੈਪਸੀ ਦੀਆਂ ਬੋਤਲਾਂ ਲੈ ਆਇਆ। ਭੈਣ ਦਵਿੰਦਰ ਕੌਰ ਤਾਂ ਪਹਿਲੀ ਵਾਰ ਆਪਣੇ ਅਸਲੀ ਸਹੁਰੇ ਘਰ ਗਏ ਸਨ। ਪਿੰਡ ਦੀਆਂ ਔਰਤਾਂ ਨੇ ਉਨ੍ਹਾਂ ਨਾਲ ਪਿੰਡ ਦੀ ਨੂੰਹ ਵਾਲਾ ਹੀ ਪਿਆਰ ਭਰਿਆ ਸਲੂਕ ਕੀਤਾ। ਪ੍ਰੋ. ਗਿੱਲ ਭਾਰਤ ਦੀ ਵੰਡ ਵੇਲੇ ਛੋਟੇ ਹੀ ਸਨ। ਪਰ ਬਜ਼ੁਰਗਾਂ ਨੇ ਦੱਸਿਆ ਕਿ ਉਨ੍ਹਾਂ ਦਾ ਮਕਾਨ ਬਿਲਕੁਲ ਉਵੇਂ ਖੜ੍ਹਾ ਹੈ। ਉਨ੍ਹਾਂ ਦੇ ਜਨਮ ਵਾਲੇ ਦਿਨ ਚੁਬਾਰੇ ਦੀ ਛੱਤ ਪਈ ਸੀ। ਇਸੇ ਲਈ ਖੁਸ਼ ਹੋ ਕੇ ਉਨ੍ਹਾਂ ਦਾ ਨਾਂ ਮਹਿਲ ਸਿੰਘ ਰੱਖਿਆ ਗਿਆ ਸੀ। ਜੌਹਲ ਸਾਹਿਬ ਕਹਿੰਦੇ, "ਫ਼ੇਰ ਤਾਂ ਪ੍ਰੋ. ਸਾਹਿਬ ਤੁਹਾਡਾ ਨਾਮ ਚੁਬਾਰਾ ਸਿੰਘ ਹੋਣਾ ਚਾਹੀਦਾ ਸੀ।" ਸਾਰੇ ਬਹੁਤ ਹੱਸੇ, ਪਰ ਪ੍ਰੋ. ਗਿੱਲ ਸਾਰੀ ਸ਼ਾਮ ਪਿੰਡ ਬਾਰੇ ਸੋਚਦੇ ਹੋਏ ਉਦਾਸ ਹੀ ਰਹੇ।

**ਭਾਈ ਤਾਰੂ ਸਿੰਘ ਦਾ ਸ਼ਹੀਦ ਗੰਜ :** ਅਸੀਂ ਸੁਭਾ ਸ਼ਾਮ ਪਾਠ ਅਤੇ ਕੀਰਤਨ ਸੁਣਦੇ ਸਾਂ ਅਤੇ ਬਾਕੀ ਦਿਨ ਬਾਜ਼ਾਰ ਅਤੇ ਸ਼ਹਿਰ ਵੇਖਣ ਚਲੇ ਜਾਂਦੇ ਸਾਂ। 17 ਅਪ੍ਰੈਲ ਦੀ ਦੁਪਹਿਰ ਜੌਹਲ ਸਾਹਿਬ ਅਤੇ ਮੈਂ ਲੰਡਾ ਬਾਜ਼ਾਰ ਅਤੇ ਚੋਰ ਬਾਜ਼ਾਰ ਚਲੇ ਗਏ। ਉਨ੍ਹਾਂ ਬਾਜ਼ਾਰਾਂ ਵਿਚ ਕੁਝ ਇਤਿਹਾਸਿਕ ਗੁਰਦੁਆਰੇ ਸਥਿਤ ਹਨ। ਪਹਿਲਾਂ ਭਾਈ ਤਾਰੂ ਸਿੰਘ ਜੀ ਦੇ ਸ਼ਹੀਦ ਗੰਜ ਤੇ ਮੱਥਾ ਟੇਕਿਆ। ਸਿੱਖ ਧਰਮ ਨੂੰ ਛੱਡ ਕੇ ਇਸਲਾਮ ਕਬੂਲ ਕਰਨ ਤੋਂ ਇਨਕਾਰ ਕਰਨ ਲਈ ਇੱਥੇ ਉਨ੍ਹਾਂ ਦੀ ਖੋਪਰੀ ਲਾਹੀ ਗਈ ਸੀ। ਨਾਮ ਜਪਦੇ ਹੋਏ ਉਹ ਸ਼ਹੀਦੀ ਪਾ ਗਏ ਸਨ। ਗੁਰਦੁਆਰਾ ਬਹੁਤ ਛੋਟਾ ਹੈ ਅਤੇ ਸੇਵਾ ਸੰਭਾਲ ਬਿਲਕੁਲ ਨਹੀਂ। ਗੁਰੂ ਗ੍ਰੰਥ ਸਾਹਿਬ ਦਾ ਸਰੂਪ ਨਹੀਂ ਹੈ। ਕੋਈ ਸਿੱਖ ਸੇਵਕ ਨਹੀਂ। ਸਿਰਫ਼ ਗੁਰੂ ਸਾਹਿਬਾਨ ਦੀ ਫੋਟੋ ਰੱਖ ਕੇ ਗੋਲਕ ਰੱਖੀ ਹੋਈ ਹੈ। ਨਿਸ਼ਾਨ ਸਾਹਿਬ ਦਾ ਪੁਸ਼ਾਕਾ ਬਦਲਿਆਂ ਪਤਾ ਨਹੀਂ ਕਿੰਨਾ ਹੀ ਚਿਰ ਹੋ ਗਿਆ ਹੋਵੇਗਾ। ਬਿਲਕੁਲ ਲੀਰ ਲੀਰ ਅਤੇ ਬਦਰੰਗ ਹੋਇਆ ਪਿਆ ਸੀ। ਬਹੁਤ ਦੁੱਖ ਹੋਇਆ। ਇਸ ਗੁਰਦੁਆਰੇ ਦੇ ਨਾਂ ਸ਼ਹਿਰ ਵਿੱਚ ਛੇ ਕਨਾਲ ਜ਼ਮੀਨ ਅਤੇ ਕਈ ਦੁਕਾਨਾਂ ਹਨ। ਉਨ੍ਹਾਂ ਦੀ ਆਮਦਨ ਪਤਾ ਨਹੀਂ ਕੌਣ ਹੜੱਪ ਕਰ ਜਾਂਦਾ ਹੈ।

ਉਸ ਤੋਂ ਬਾਅਦ ਅਸੀਂ ਸਿੰਘਣੀਆਂ ਦੇ ਸ਼ਹੀਦਗੰਜ ਗਏ। ਇੱਥੇ ਸਿੰਘਣੀਆਂ ਨੇ ਅਨੇਕ ਦੁੱਖ ਸਹਾਰੇ ਸਨ, ਆਪਣੇ ਬੱਚਿਆਂ ਦੇ ਟੋਟੇ ਕਰਵਾ ਕੇ ਝੋਲੀ ਵਿਚ ਪਵਾ ਲਏ ਸਨ, ਪਰ ਧਰਮ ਨਹੀਂ ਹਾਰਿਆ ਸੀ। ਇੱਥੇ ਵੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਨਹੀਂ ਹੈ ਅਤੇ ਕੋਈ ਸਿੰਘ ਸੇਵਾ ਉੱਤੇ ਨਹੀਂ ਹੈ। ਉਸੇ ਤਰ੍ਹਾਂ ਇੱਥੇ ਵੀ ਗੁਰੂ ਸਾਹਿਬਾਨ ਦੀ ਤਸਵੀਰ ਅਤੇ ਗੋਲਕ ਹੈ। ਚਾਬੀ ਮੁਸਲਮਾਨ ਕਰਮਚਾਰੀ ਕੋਲ ਰਹਿੰਦੀ ਹੈ। ਜੇਕਰ ਜਥੇ ਆਉਣ ਸਮੇਂ ਇਹ ਹਾਲਤ ਹੈ ਤਾਂ ਬਾਅਦ ਵਿਚ ਪਤਾ ਨਹੀਂ ਉੱਥੇ ਕੀ ਹੁੰਦਾ ਹੋਣਾ ਹੈ।

ਭਰੇ ਹੋਏ ਮਨ ਲੈ ਕੇ ਅਸੀਂ ਬਾਜ਼ਾਰ ਵਿੱਚ ਨਿਕਲ ਆਏ। ਬਾਜ਼ਾਰ ਤੰਗ ਜਿਹਾ ਹੈ। ਕੋਈ ਖਾਸ ਵੱਡੀਆਂ ਦੁਕਾਨਾਂ ਨਹੀਂ ਹਨ। ਅਸੀਂ ਇੱਕ ਦੁਕਾਨ ਤੋਂ ਕੁਝ ਬੁਨਿਆਨ ਖਰੀਦ ਲਏ। ਗੀਤਾਂ ਦੀਆਂ ਕੈਸਟਾਂ ਦੀਆਂ ਕਈ ਦੁਕਾਨਾਂ ਸਨ। ਅਸੀਂ ਵੀ ਕੁਝ ਕੈਸਟਾਂ ਖਰੀਦ ਲਈਆਂ। ਪੰਜਾਬੀ ਦੇ ਭਾਰਤੀ ਗਾਇਕਾਂ ਵਿੱਚੋਂ ਉੱਥੇ ਸਿਰਫ ਗੁਰਦਾਸ ਮਾਨ ਅਤੇ ਦਲੇਰ ਮਹਿੰਦੀ ਦੀਆਂ ਕੈਸਟਾਂ ਸਨ।

ਮੈਂ ਆਪਣੇ ਨਾਲ ਲਾਹੌਰ ਦੇ ਗੁਰਦੁਆਰਿਆਂ ਅਤੇ ਪਵਿੱਤਰ ਸਥਾਨਾਂ ਦੀ ਲਿਸਟ ਲਿਆਇਆ ਸਾਂ। ਇਹ ਮੈਨੂੰ ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਵਿਚੋਂ ਮਿਲ ਗਈ ਸੀ। ਅਸੀਂ ਕਈ ਆਟੋ ਵਾਲਿਆਂ ਨੂੰ ਪੁੱਛਿਆ, ਪਰ ਬਹੁਤ ਸਾਰੇ ਪਵਿੱਤਰ ਸਥਾਨਾਂ ਬਾਰੇ ਉਨ੍ਹਾਂ ਨੂੰ ਕੁਝ ਵੀ ਪਤਾ ਨਹੀਂ ਸੀ। ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਸਾਨੂੰ ਨਹੀਂ ਮਿਲ ਸਕਿਆ। ਇਹ ਜਵਾਹਰ ਮੱਲ ਦੇ ਚੌਹੱਟੇ, ਸਿਰੀਆਂ ਵਾਲੇ ਮੁਹੱਲੇ ਕੋਲ ਹੈ। ਇਸੇ ਤਰ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਦੇ ਦੋ ਗੁਰਦੁਆਰਿਆਂ ਬਾਰੇ ਵੀ ਆਟੋ ਵਾਲਿਆਂ ਨੂੰ ਕੁਝ ਪਤਾ ਨਹੀਂ ਸੀ। ਇਨ੍ਹਾਂ ਵਿੱਚੋਂ ਇੱਕ ਮੁਜ਼ੰਗ ਵਿੱਚ ਹੈ ਜਿੱਥੇ ਗੁਰੂ ਸਾਹਿਬ ਕਾਫੀ ਦੇਰ ਰਹੇ ਸਨ। ਦੂਸਰਾ ਗੁਰਦੁਆਰਾ ਭਾਟੀ ਦਰਵਾਜ਼ੇ, ਮੁਹੱਲਾ ਚੁਮਾਲਾ, ਅੰਦਰ ਸਥਿਤ ਹੈ। ਗੁਰੂ ਸਾਹਿਬ ਮੁਜ਼ੰਗ ਤੋਂ ਆ ਕੇ ਏਥੇ ਕਈ ਵਾਰ ਦੀਵਾਨ ਲਗਾਇਆ ਕਰਦੇ ਸਨ। ਜਿਸ ਬੇਰੀ ਨਾਲ ਗੁਰੂ ਸਾਹਿਬ ਦਾ ਘੋੜਾ ਬੰਨ੍ਹਿਆ ਜਾਂਦਾ ਸੀ ਉਹ ਭਾਈ ਕਾਨ੍ਹ ਸਿੰਘ ਨਾਭਾ ਦੇ ਸਮੇਂ ਤਾਂ ਮੌਜੂਦ ਸੀ। ਹੁਣ ਕੁਝ ਕਹਿ ਨਹੀਂ ਸਕਦੇ।

**ਭਾਈ ਮਨੀ ਸਿੰਘ ਦਾ ਸ਼ਹੀਦ ਗੰਜ** : ਆਟੋ ਵਾਲਿਆਂ ਨੂੰ ਭਾਈ ਮਨੀ ਸਿੰਘ ਦੇ ਸ਼ਹੀਦ ਗੰਜ ਬਾਰੇ ਪਤਾ ਸੀ ਕਿਉਂਕਿ ਉਹ ਕਿਲ੍ਹੇ ਦੇ ਕੋਲ ਹੀ ਹੈ। ਇਸ ਲਈ ਲੰਡੇ ਬਜ਼ਾਰ ਤੋਂ ਅਸੀਂ ਉਸ ਪਵਿੱਤਰ ਸਥਾਨ ਵੱਲ ਚੱਲ ਪਏ। ਉੱਥੇ ਵੀ ਉਹੀ ਹਾਲਤ ਮਿਲੀ। ਇੱਕ ਛੋਟੇ ਜੇਹੇ ਕਮਰੇ ਵਿੱਚ ਗੁਰੂ ਸਾਹਿਬਾਨ ਦੀ ਫੋਟੋ ਕੋਲ ਗੋਲਕ ਪਈ ਸੀ। ਇੰਚਾਰਜ ਮੁਸਲਮਾਨ ਸੀ। ਹੈਰਾਨੀ ਦੀ ਗੱਲ ਹੈ ਕਿ ਇੱਥੇ ਕੋਈ ਗੁਰਦੁਆਰਾ ਨਹੀਂ ਬਣਾਇਆ ਗਿਆ। ਜਗ੍ਹਾ ਕਾਫੀ ਖੁੱਲ੍ਹੀ ਪਈ ਹੈ। ਇੱਕ ਸਿਰੇ ਤੇ ਹੁਣ ਕੁਝ ਕਮਰੇ ਬਣਨੇ ਸ਼ੁਰੂ ਹੋਏ ਸਨ। ਪਤਾ ਨਹੀਂ ਉਹ ਪੂਰੇ ਹੋਣਗੇ ਵੀ ਕਿ ਨਹੀਂ। ਇਸ ਪਵਿੱਤਰ ਸਥਾਨ ਤੇ ਭਾਈ ਮਨੀ ਸਿੰਘ ਦਾ ਬੰਦ ਬੰਦ ਕੱਟਿਆ ਗਿਆ ਸੀ। ਸਿੱਖਾਂ ਦੇ ਸਿਰ ਵੱਢ-ਵੱਢ ਕੇ ਖੂਹ ਭਰ ਦਿੱਤਾ ਗਿਆ ਸੀ। ਹੁਣ ਉਹ 'ਖੂਨੀ ਖੂਹ' ਮਿੱਟੀ ਨਾਲ ਭਰਿਆ ਪਿਆ ਸੀ। ਉਪਰ ਛੱਤ ਪਾ ਕੇ ਕਮਰਾ ਜਿਹਾ ਬਣਾ ਦਿੱਤਾ ਸੀ ਅਤੇ ਉਸ ਦੇ ਸਾਰੇ ਕੋਨੇ ਅੰਦਰੋਂ ਗੰਦੇ ਕੀਤੇ ਪਏ ਸਨ। ਚਲੋ, ਹੁਣ ਤਾਂ 'ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ' ਦਾ ਕੰਟਰੋਲ ਹੋ ਗਿਆ। ਪਰ ਉਸ ਤੋਂ ਪਹਿਲਾਂ ਵੀ ਸਿੱਖ ਕੌਮ ਨੇ ਇਨ੍ਹਾਂ ਪਵਿੱਤਰ ਥਾਵਾਂ ਦੀ ਕੋਈ ਸਾਰ ਨਹੀਂ ਲਈ। ਪਾਕਿਸਤਾਨ ਦੇ ਝੂਠੇ ਪਰਚਾਰ ਕਾਰਨ ਕਈ ਸਿੱਖ ਉਸਨੂੰ ਆਪਣਾ ਹਮਦਰਦ ਸਮਝ ਬੈਠਦੇ ਹਨ। ਉਹ ਇਨ੍ਹਾਂ ਪਵਿੱਤਰ ਥਾਵਾਂ ਦੀ ਦੁਰਗਤੀ ਵੇਖ ਲੈਣ ਤਾਂ ਅੱਖਾਂ ਖੁੱਲ੍ਹ ਜਾਣ।

**ਗੁਰੂ ਰਾਮਦਾਸ ਜੀ ਦਾ ਜਨਮ ਅਸਥਾਨ : ਇੱਕ ਡਰਾਉਣਾ ਅਨੁਭਵ** : ਸ਼ਾਮ ਨੂੰ ਅਸੀਂ ਗੁਰੂ ਰਾਮ ਦਾਸ ਜੀ ਦੇ ਜਨਮ ਅਸਥਾਨ ਦੇ ਦਰਸ਼ਨ ਕਰਨ ਦਾ ਪ੍ਰੋਗਰਾਮ ਬਣਾਇਆ ਸੀ। ਇਹ ਗੁਰਦੁਆਰਾ ਦੇਹਰਾ ਸਾਹਿਬ ਤੋਂ ਬਹੁਤੀ ਦੂਰ ਨਹੀਂ। ਤੁਰ ਕੇ ਜਾਇਆ ਜਾ ਸਕਦਾ ਹੈ। ਇਹ ਚੂਨੀ ਮੰਡੀ (ਚੂਨਾ ਮੰਡੀ) ਵਿੱਚ ਸਥਿਤ ਹੈ। ਇਸ ਦੀ ਇਮਾਰਤ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਈ ਸੀ। ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ ਕਿ ਇਸ ਦੇ ਪਾਸ ਹੀ ਗੁਰੂ ਰਾਮਦਾਸ ਜੀ ਦੀ ਧਰਮਸ਼ਾਲਾ ਹੈ ਅਤੇ ਇਸ ਹਾਤੇ ਅੰਦਰ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ

ਦੀਵਾਨਖਾਨਾ ਵੀ ਹੈ। ਇਸ ਦੇ ਨਾਮ ਚਾਰ ਦੁਕਾਨਾ ਅਤੇ ਪਿੰਡ ਰਾਣਾ ਭੱਟੀ, ਤਹਿਸੀਲ ਸ਼ਾਹਦਰਾ, ਜ਼ਿਲ੍ਹਾ ਸ਼ੇਖੂਪੁਰਾ ਵਿੱਚ ਅਠਾਰਾਂ ਘੁਮਾ ਜ਼ਮੀਨ ਵੀ ਹੈ।

17 ਤਾਰੀਖ਼ ਦੀ ਸ਼ਾਮ ਸੀ। ਸਾਡੇ ਕੋਲ ਸਿਰਫ ਇੱਕ ਦਿਨ ਹੋਰ ਸੀ। ਇਸ ਲਈ ਪ੍ਰੋ. ਜੌਹਲ, ਭੁੱਲਰ ਸਾਹਿਬ ਅਤੇ ਮੈਂ ਹਨੇਰਾ ਹੋਏ ਗੁਰੂ ਰਾਮ ਦਾਸ ਜੀ ਦੇ ਜਨਮ ਅਸਥਾਨ ਦੇ ਦਰਸ਼ਨ ਕਰਨ ਲਈ ਪੈਦਲ ਚੱਲ ਪਏ। ਕਿਲੇ ਦੇ ਅੱਗੇ ਦੀ ਹੁੰਦੇ ਹੋਏ ਸ਼ਹਿਰ ਵਾਲੇ ਗੇਟ ਤੋਂ ਬਾਹਰ ਚਲੇ ਗਏ। ਸਾਹਮਣੇ ਕੁਝ ਚਾਹ ਦੁੱਧ, ਪਾਨ ਬੀੜੀ ਆਦਿ ਦੀਆਂ ਛੋਟੀਆਂ-ਛੋਟੀਆਂ ਦੁਕਾਨਾਂ ਸਨ। ਅਸੀਂ ਇਕ ਦੁਕਾਨ ਵਾਲੇ ਤੋਂ ਪਵਿੱਤਰ ਸਥਾਨ ਵੱਲ ਜਾਣ ਦਾ ਰਾਹ ਪੁੱਛਿਆ। ਉਸਨੇ ਸਮਝਾ ਦਿੱਤਾ। "ਪਹਿਲਾਂ ਕਿਲ੍ਹੇ ਦੇ ਨਾਲ ਨਾਲ ਖੱਬੇ ਹੱਥ ਮੁੜ ਜਾਓ। ਪਹਿਲੇ ਮੋੜ ਤੋਂ ਸੱਜੇ ਹੱਥ ਹੋ ਜਾਣਾ। ਅੱਗੇ ਨੇੜੇ ਹੀ ਹੈ", ਉਸਨੇ ਇਸ਼ਾਰਾ ਕਰਕੇ ਕਿਹਾ। ਚਾਰ ਪੰਜ ਸਥਾਨਕ ਆਦਮੀ ਸਾਨੂੰ ਗਹੁ ਨਾਲ ਵੇਖ ਰਹੇ ਸਨ। ਅਚਾਨਕ ਇੱਕ ਬੰਦਾ ਗੁੱਸੇ ਨਾਲ ਬੋਲਿਆ, "ਮੈਨੂੰ ਪਤੈ, ਤੁਸੀਂ ਕਿਉਂ ਆਏ ਜੇ। ਤੁਸੀਂ ਸਾਡੇ ਮੁਲਕ ਨੂੰ ਤੋੜਨਾ ਚਾਹੁੰਦੇ ਓ। ਤੂੰ ਜਲੰਧਰ ਦਾ ਐਸ.ਪੀ. ਹੈਂ। ਤੂੰ ਹੁਸ਼ਿਆਰਪੁਰ ਦਾ ਡੀ.ਐਸ.ਪੀ. ਹੈ। ਤੂੰ ਲੁਧਿਆਣੇ ਦਾ ਪੁਲੀਸ ਅਫ਼ਸਰ ਹੈ। ਸਭ ਸੀ. ਆਈ.ਡੀ. ਕਰ ਰਹੇ ਓ। ਅਸੀਂ ਤੁਹਾਨੂੰ ਜਾਣਦੇ ਹਾਂ। ......." ਉਹ ਬੋਲੀ ਗਿਆ। ਅਸੀਂ ਠਠੰਬਰ ਗਏ। ਦੁਕਾਨਾਂ ਵਾਲੇ ਨਾ ਉਸਦੇ ਹੱਕ ਵਿਚ ਬੋਲੇ ਅਤੇ ਨਾ ਹੀ ਉਸਨੂੰ ਟੋਕਿਆ। ਹਮੇਸ਼ਾ ਵਾਂਗ ਅਸੀਂ ਮੂੰਹ ਬੰਦ ਰੱਖੇ। ਉਹ ਆਦਮੀ ਪਾਗਲ ਜਾਂ ਨਸ਼ੇ ਵਿੱਚ ਲਗਦਾ ਸੀ। ਹੁਣ ਤੱਕ ਸਾਨੂੰ ਅਜਿਹਾ ਤਲਖ ਅਨੁਭਵ ਕਿਤੇ ਨਹੀਂ ਹੋਇਆ ਸੀ। ਗੁਰਦੁਆਰਿਆਂ ਦੇ ਨੇੜੇ-ਤੇੜੇ ਤਾਂ ਸਥਾਨਕ ਲੋਕ ਹੱਥ ਮਿਲਾ ਕੇ ਜਾ ਸਲਾਮ ਕਰਕੇ ਲੰਘਦੇ ਸਨ। ਸ਼ਾਇਦ ਪੁਲੀਸ ਵਾਲਿਆਂ ਦੀ ਅਜਿਹੀ ਹਿਦਾਇਤ ਹੋਵੇ। ਕੌੜੀ ਹਕੀਕਤ ਨਾਲ ਸਾਡੀ ਇਹ ਪਹਿਲੀ ਰਗੜ ਸੀ। ਅਸੀਂ ਚੁੱਪ ਚਾਪ ਇੱਕ ਪਾਸੇ ਆਟੋ ਵਾਲਿਆਂ ਕੋਲ ਚਲੇ ਗਏ। ਉਹ ਅਧੇੜ ਉਮਰ ਦਾ ਪਾਗਲ ਜੇਹਾ ਬੰਦਾ ਬੁੜ-ਬੁੜ ਕਰਦਾ ਦੂਜੇ ਪਾਸੇ ਚਲਾ ਗਿਆ। ਆਟੋ ਵਾਲੇ ਬਹੁਤ ਪੈਸੇ ਮੰਗਦੇ ਸਨ ਅਤੇ ਜਾਣ ਲਈ ਉਤਾਵਲੇ ਵੀ ਨਹੀਂ ਸਨ। ਇਸ ਲਈ ਅਸੀਂ ਪੈਦਲ ਹੀ ਚੱਲ ਪਏ। ਪਿੱਛੋਂ ਇੱਕ ਬੰਦਾ ਬੋਲਿਆ, "ਮੈਂ ਤੁਹਾਡੇ ਨਾਲ ਚੱਲਨਾ ਵਾਂ। ਮੈਂ ਵੀ ਉਧਰ ਜਾਣੈ।"

ਉਹ ਆਦਮੀ ਸਾਡੇ ਨਾਲ ਚੱਲ ਪਿਆ। ਮੈਂ ਉਸਤੋਂ ਇਧਰ ਉਧਰ ਦੀਆਂ ਗੱਲਾਂ ਪੁਛਦਾ ਗਿਆ। ਉਹ ਦੁੱਧ ਵੇਚਦਾ ਸੀ। ਮੱਝਾਂ ਰੱਖੀਆਂ ਹੋਈਆਂ ਸਨ। ਦੁੱਧ ਦਾ ਰੇਟ 16 ਰੁਪਏ ਕਿਲੋ ਸੀ। ਖੱਬੇ ਪਾਸੇ ਕਿਲੇ ਦੀ ਕੰਧ ਸੀ। ਸੱਜੇ ਪਾਸੇ ਖੁੱਲ੍ਹੀਆਂ ਥਾਵਾਂ ਵਿਚ ਕਈ ਸਰਕਾਰੀ ਇਮਾਰਤਾਂ ਸਨ। ਸਭ ਬੰਦ ਪਈਆ ਸਨ। ਅੱਧਾ ਪੌਣਾ ਕਿਲੋਮੀਟਰ ਅਸੀਂ ਤੁਰੇ ਗਏ। ਰਾਹ 'ਚ ਕੋਈ ਵੀ ਨਹੀਂ ਮਿਲਿਆ। ਬਿਲਕੁਲ ਸੁੰਨਸਾਨ ਸੀ। ਬਹੁਤੀ ਰਾਤ ਨਹੀਂ ਹੋਈ ਸੀ, ਪਰ ਅੱਧੀ ਰਾਤ ਵਰਗੀ ਚੁੱਪ ਸੀ। ਇੱਕ ਮੋੜ ਤੇ ਜਾ ਕੇ ਉਹ ਬੰਦਾ ਬੋਲਿਆ, "ਮੈਂ ਸਿੱਧਾ ਜਾਣੈ, ਤੁਸੀਂ ਸੱਜੇ ਪਾਸੇ ਇਸ ਗਲੀ ਚਲੇ ਜਾਓ। ਲਾਗੇ ਹੀ ਐ।"

ਥੋੜੀ ਦੂਰ ਜਾ ਕੇ ਜੌਹਲ ਸਾਹਿਬ ਰੁਕ ਗਏ। ਉਹ ਗਲੀ ਵੀ ਸੁੰਨਸਾਨ ਸੀ। ਬਹੁਤੀ ਚੌੜੀ ਵੀ ਨਹੀਂ ਸੀ ਅਤੇ ਸਟ੍ਰੀਟ ਲਾਈਟਾਂ ਵੀ ਘੱਟ ਹੀ ਸਨ। ਉਨ੍ਹਾਂ ਨੇ ਮੈਨੂੰ ਕਿਹਾ, "ਬਹੁਤੀ ਹਿੰਡ ਨਹੀਂ ਕਰਨੀ ਚਾਹੀਦੀ। ਕੋਈ ਛੁਰਾ ਮਾਰ ਦੇਊਗਾ। ਕਿਲ੍ਹੇ ਦੀ ਖਾਈ 'ਚ ਲਾਸ਼ਾਂ ਵੀ ਨਹੀਂ ਮਿਲਣੀਆਂ। ਉਹ ਬੰਦਾ ਜਾਣ ਬੁੱਝ ਕੇ ਅੱਡ ਹੋਇਆ ਹੈ।" ਮੇਰੀ ਜ਼ਿਦ ਕਰਨ ਦੀ ਆਦਤ ਬਾਰੇ ਮੈਂ ਜ਼ਿੰਦਗੀ 'ਚ ਬਹੁਤ ਵਾਰ ਸੁਣਿਆ ਸੀ। ਮਾਂ ਕਹਿੰਦੀ ਹੁੰਦੀ ਸੀ : "ਇਹ ਅੜੀ ਨਹੀਂ ਛਡਦਾ, ਭਾਵੇਂ ਵੱਢਿਆ ਜਾਵੇ।" ਕਾਲਜ ਵੇਲੇ ਮੇਰੇ ਇਸ ਨੁਕਸ ਬਾਰੇ ਮੇਰਾ ਪਿਆਰਾ ਦੋਸਤ ਚਮਨ

ਲਾਲ ਅਕਸਰ ਮੈਨੂੰ ਡਾਂਟਦਾ ਰਹਿੰਦਾ ਸੀ। ਅਚਾਨਕ ਮੈਨੂੰ ਅਹਿਸਾਸ ਹੋਇਆ ਕਿ ਮੈਂ ਗਲਤ ਜ਼ਿਦ ਕਰ ਰਿਹਾ ਸੀ। ਵਾਕਿਆ ਹੀ ਖਤਰਾ ਸੀ। ਭੁੱਲਰ ਸਾਹਿਬ ਵੀ ਵਾਪਸ ਜਾਣ ਦੇ ਹੱਕ ਵਿੱਚ ਸਨ। ਜੌਹਲ ਸਾਹਿਬ ਦੀ ਦੁਨਿਆਵੀ ਸਿਆਣਪ ਦੀ ਮੈਂ ਹਮੇਸ਼ਾ ਕਦਰ ਕਰਦਾ ਰਿਹਾ ਹਾਂ। ਖੁਸ਼ਕਿਸਮਤੀ ਨਾਲ ਮੈਨੂੰ ਅਕਲ ਆ ਗਈ ਕਿ ਅਸੀਂ ਦੁਸ਼ਮਣ ਦੇਸ਼ ਵਿਚ ਘੁੰਮ ਰਹੇ ਸਾਂ। ਅਚਾਨਕ ਡਰ ਜਿਹਾ ਲੱਗਿਆ ਅਤੇ ਅਸੀਂ ਵਾਪਸ ਮੁੜ ਪਏ। ਅਸੀਂ ਚੁੱਪ ਚਾਪ ਤੇਜ਼ ਤੁਰਦੇ ਆਏ। ਪਿੱਛੇ ਮੁੜਕੇ ਵੀ ਵੇਖਦੇ ਰਹੇ। ਸਾਰੇ ਰਾਹ ਕੋਈ ਨਹੀਂ ਮਿਲਿਆ। ਵਾਪਸੀ ਤੇ ਇਹ ਸੁੰਨੀ ਸੜਕ ਮੁੱਕਣ ਵਿਚ ਹੀ ਨਹੀਂ ਆਉਂਦੀ ਸੀ। ਕਿਲ੍ਹੇ ਦੀ ਹੱਦ ਵਿਚ ਆ ਕੇ ਅਸੀਂ ਸੁਖ ਦਾ ਸਾਹ ਲਿਆ। ਦੁਕਾਨਾਂ ਕੋਲ ਹੁਣ ਉਹ ਬੰਦਾ ਨਹੀਂ ਮਿਲਿਆ। ਨਹੀਂ ਤਾਂ ਪਤਾ ਨਹੀਂ ਉਹ ਸਾਨੂੰ ਕੀ ਕੀ ਤਾਹਨੇ ਮਾਰਦਾ। ਅਸੀਂ ਗੁਰਦੁਆਰਾ ਦੇਹਰਾ ਸਾਹਿਬ ਪਹੁੰਚ ਕੇ ਸੁਰੱਖਿਅਤ ਮਹਿਸੂਸ ਕੀਤਾ। ਇਹ ਪਹਿਲੀ ਵਾਰ ਸੀ ਕਿ ਸਾਨੂੰ ਇਕ ਡਰਾਉਣੀ ਹਾਲਤ ਦਾ ਸਾਹਮਣਾ ਕਰਨਾ ਪਿਆ ਸੀ। ਅਗਲੇ ਦਿਨ ਸਵੇਰੇ ਹੀ ਅਸੀਂ ਪਹਿਲਾ ਕੰਮ ਇਹ ਕੀਤਾ ਕਿ ਗੁਰੂ ਰਾਮ ਦਾਸ ਜੀ ਦੇ ਜਨਮ ਅਸਥਾਨ ਤੇ ਮੱਥਾ ਟੇਕਣ ਗਏ। ਇਮਾਰਤ ਸੋਹਣੀ ਹੈ। ਪਰ ਉਥੇ ਵੀ ਸਿਰਫ ਗੋਲਕ ਅਤੇ ਗੁਰੂ ਸਾਹਿਬ ਦੀ ਤਸਵੀਰ ਸੀ। ਬਾਹਰ ਇੱਕ ਮੁਸਲਮਾਨ ਕਰਮਚਾਰੀ ਬੈਠਾ ਸੀ। ਪਿਛਲੀ ਰਾਤ ਸਾਨੂੰ ਇਹ ਬੰਦ ਮਿਲਣਾ ਸੀ। ਬਹੁਤ ਉਦਾਸ ਹੋਏ।

**ਸੌਣ ਦਾ ਨਾਕਸ ਪ੍ਰਬੰਧ :** ਪੰਨੂੰ ਸਾਹਿਬ ਦੀ ਮਿਹਰਬਾਨੀ ਸਦਕਾ ਸਾਨੂੰ ਸਮਾਨ ਰੱਖਣ ਲਈ ਅਤੇ ਦਿਨ ਨੂੰ ਬੈਠਣ ਲਈ ਤਾਂ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਹੇਠਲੇ ਸੁਰੰਗ ਜਿਹੇ ਕਮਰੇ ਵਿੱਚ ਢੋ ਮਿਲ ਗਈ ਸੀ, ਪਰ ਉਸ ਛੋਟੇ ਜੇਹੇ ਕਮਰੇ ਵਿੱਚ ਤਿੰਨ ਬੀਬੀਆਂ ਵੀ ਸਨ। ਉਨ੍ਹਾਂ ਦੇ ਪਰਿਵਾਰ ਅਤੇ ਪੰਨੂ ਸਾਹਿਬ ਹੀ ਉੱਥੇ ਮੁਸ਼ਕਲ ਨਾਲ ਸੌਂ ਸਕਦੇ ਸਨ। ਅਸੀਂ ਸੋਚਿਆ ਸੀ ਕਿ ਰਾਤ ਨੂੰ ਬਾਹਰ ਤੰਬੂਆਂ ਵਿੱਚ ਘਾਹ ਤੇ ਲੇਟ ਜਾਵਾਂਗੇ। ਪਹਿਲੀ ਰਾਤ ਅਸੀਂ ਸਾਰੇ ਤੰਬੂ ਵੇਖ ਲਏ। ਕਿਤੇ ਜਗ੍ਹਾ ਨਾ ਮਿਲੀ। ਫਿਰ ਠੰਢ ਵੀ ਕਾਫੀ ਸੀ ਕਿਉਂਕਿ ਉਨ੍ਹਾਂ ਦਿਨਾਂ ਵਿਚ ਕਿਤੇ ਗੜੇ ਪਏ ਸਨ ਅਤੇ ਬਾਰਸ਼ ਹੋ ਗਈ ਸੀ। ਅਸੀਂ ਦਰਬਾਰ ਸਾਹਿਬ ਵਿੱਚ ਜਾ ਕੇ ਪਾਠ ਸੁਣਨ ਬਹਿ ਗਏ। ਅਖੰਡ ਪਾਠ ਚੱਲ ਰਿਹਾ ਸੀ। ਕੁਝ ਦੇਰ ਮਗਰੋਂ ਅਸੀਂ ਵੇਖਿਆ ਕਿ ਪਾਠੀ ਸਿੰਘ ਦੇ ਪਿਛਲੇ ਪਾਸੇ ਲੋਕ ਲੇਟ ਕੇ ਸੌਣੇ ਸ਼ੁਰੂ ਹੋ ਗਏ ਸਨ। ਫਿਰ ਸਾਹਮਣੇ ਵਾਲੇ ਵੀ ਲੇਟਣੇ ਅਤੇ ਸੌਣੇ ਸ਼ੁਰੂ ਹੋ ਗਏ। ਮੈਨੂੰ ਇਹ ਮਰਯਾਦਾ ਦੇ ਵਿਰੁੱਧ ਲੱਗਿਆ। ਇਸ ਤੋਂ ਪਹਿਲਾਂ ਮੈਂ ਸਿਰਫ਼ ਇੱਕ ਵਾਰ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਵਾਲੇ ਹਾਲ ਵਿੱਚ ਸੁੱਤਾ ਸਾਂ। ਜਨਵਰੀ 2000 ਵਿਚ ਅਸੀਂ ਮੇਰੇ ਛੋਟੇ ਭਰਾ ਡਾ. ਮੇਜਰ ਸਿੰਘ ਬਰਾੜ ਦੇ ਫੁੱਲ ਪਾਉਣ ਕੀਰਤਪੁਰ ਸਾਹਿਬ ਗਏ ਸਾਂ। ਪੂਰਨਮਾਸ਼ੀ ਸੀ। ਬਹੁਤ ਭੀੜ ਸੀ। ਕੋਈ ਕਮਰਾ ਨਾ ਮਿਲਿਆ। ਅਖੀਰ ਹਾਲ ਵਿੱਚ ਪੈਣਾ ਪਿਆ। ਹਾਲ ਖਚਾਖਚ ਭਰਿਆ ਹੋਇਆ ਸੀ। ਪਾਠ ਬੰਦ ਹੋਣ ਤੋਂ ਬਾਅਦ ਹੀ ਲੋਕ ਲੇਟੇ ਸਨ ਤੇ ਪਾਠ ਸ਼ੁਰੂ ਹੋਣ ਤੋਂ ਪਹਿਲਾਂ ਹੀ ਉੱਠ ਗਏ ਸਨ। ਮੈਂ ਸਾਰੀ ਰਾਤ ਜਾਗ ਕੇ ਕੱਟੀ ਸੀ। ਇਸ ਦਾ ਮੁੱਖ ਕਾਰਨ ਤਾਂ 45 ਸਾਲ ਦੇ ਮੈਥੋਂ ਬਹੁਤ ਛੋਟੇ ਡਾਕਟਰ ਭਰਾ ਦੀ ਅਚਾਨਕ ਮੌਤ ਦਾ ਸਦਮਾ ਸੀ। ਪਰ ਬੇਚੈਨੀ ਦਾ ਇੱਕ ਕਾਰਨ ਇਹ ਵੀ ਸੀ ਕਿ ਨੀਂਦ ਵਿੱਚ ਕਿਤੇ ਗੁਰੂ ਗ੍ਰੰਥ ਸਾਹਿਬ ਵੱਲ ਪੈਰ ਨਾ ਹੋ ਜਾਣ। ਪਰ ਗੁਰਦੁਆਰਾ ਦੇਹਰਾ ਸਾਹਿਬ, ਲਾਹੌਰ ਵਿੱਚ ਤਾਂ ਅਖੰਡ ਪਾਠ ਪ੍ਰਕਾਸ਼ ਸਨ। ਜੌਹਲ ਸਾਹਿਬ ਤਾਂ ਉੱਠ ਕੇ ਕਿਤੇ ਹੋਰ ਚਲੇ ਗਏ। ਮੈਂ ਸੋਚਿਆ ਕਿ ਕੰਧ ਨਾਲ ਢੋ ਲਾ ਕੇ ਸਾਰੀ ਰਾਤ ਪਾਠ ਸੁਣਦਾ ਰਹਾਂਗਾ। ਮੇਰੇ ਕੋਲ ਇੱਕ 35-40 ਸਾਲ ਦਾ ਪੇਂਡੂ ਆਦਮੀ ਇਸ ਤਰ੍ਹਾਂ ਡੂੰਘੀ ਨੀਂਦ ਵਿਚ ਘੁਰਾੜੇ ਮਾਰ ਰਿਹਾ ਸੀ ਜਿਵੇਂ ਖੇਤ ਵਿਚ

ਟਿਊਬਵੈਲ ਵਾਲੇ ਕਮਰੇ 'ਚ ਸੁੱਤਾ ਹੋਵੇ। ਹੋਰਾਂ ਦਾ ਵੀ ਇਹ ਹੀ ਹਾਲ ਸੀ। ਮੇਰੀ ਸਿਰਫ ਘੰਟਾ ਦੋ ਘੰਟੇ ਅੱਖ ਲੱਗੀ ਹੋਣੀ ਹੈ। ਚਾਰ ਕੁ ਵਜੇ ਮੈਂ ਮੱਥਾ ਟੇਕ ਕੇ ਬਾਹਰ ਆ ਗਿਆ। ਸਿੱਖੀ ਰਹਿਤ ਮਰਯਾਦਾ ਦੀ ਜਿੰਨੀ ਉਲੰਘਣਾ ਪਾਕਿਸਤਾਨ ਦੇ ਗੁਰਦੁਆਰਿਆਂ ਵਿਚ ਹੁੰਦੀ ਹੈ, ਉਨੀਂ ਸ਼ਾਇਦ ਕਿਤੇ ਵੀ ਨਹੀਂ ਹੁੰਦੀ। ਮਜਬੂਰੀ ਵਿਚ ਸਭ ਚੁੱਪ-ਚਾਪ ਸਹਾਰ ਲੈਂਦੇ ਹਨ।

**ਦੂਜੀ ਰਾਤ** : ਅਗਲੇ ਦਿਨ ਮੈਂ ਜੌਹਲ ਸਾਹਿਬ ਨੂੰ ਕਿਹਾ ਕਿ ਅੱਜ ਕਿਸੇ ਹੋਟਲ ਸ਼ਿਫਟ ਕਰ ਜਾਈਏ। ਸ. ਅਜੀਤ ਸਿੰਘ ਗਿੱਲ, ਸਾਡੇ ਪੁਰਾਣੇ ਵਿਦਿਆਰਥੀ ਬੇਅੰਤ ਸਿੰਘ ਅਤੇ ਹੋਰ ਕਿੰਨੇ ਹੀ ਪਰਿਵਾਰ ਵਾਲੇ ਯਾਤਰੀ ਹੋਟਲਾਂ ਵਿੱਚ ਠਹਿਰੇ ਸਨ। ਕਿਰਾਇਆ ਠੀਕ ਹੀ ਸੀ। ਇੱਕੋ-ਇੱਕ ਮੁਸ਼ਕਲ ਇਹ ਸੀ ਕਿ ਹੋਟਲ ਕਾਫ਼ੀ ਦੂਰ ਸਨ। ਮੁਸਲਮਾਨ ਭਰਾਵਾਂ ਦੇ ਖਾਣ ਪੀਣ ਵਿੱਚ ਗਊ ਮਾਸ ਦੇ ਸ਼ਾਮਲ ਹੋਣ ਦਾ ਡਰ ਰਹਿੰਦਾ ਸੀ। ਕਈ ਲੋਕ ਕਹਿੰਦੇ ਸਨ ਕਿ ਉਹ ਦਾਲ ਨੂੰ ਤੜਕਾ ਵੀ ਚਰਬੀ ਦਾ ਲਾ ਲੈਂਦੇ ਹਨ। ਪਤਾ ਨਹੀਂ ਸੱਚ ਸੀ ਜਾਂ ਝੂਠ। ਪਰ ਸਾਰੇ ਲੋਕ ਖਾਣੇ ਲਈ ਏਥੇ ਲੰਗਰ ਵਿੱਚ ਹੀ ਆਉਂਦੇ ਸਨ। ਲਾਹੌਰ ਵਿੱਚ ਸਿੰਧੀ ਹਿੰਦੂਆਂ ਦੀਆਂ ਦੁਕਾਨਾਂ ਅਤੇ ਢਾਬੇ ਨਾ ਹੋਣ ਦੇ ਬਰਾਬਰ ਹਨ। ਹੋਟਲ ਬਾਰੇ ਜੌਹਲ ਸਾਹਿਬ ਨੇ ਕੋਈ ਸਪਸ਼ਟ ਜਵਾਬ ਨਾ ਦਿੱਤਾ। ਸ਼ਾਮ ਹੋ ਗਈ। ਲੰਗਰ ਛਕ ਲਿਆ। ਸੌਣ ਦਾ ਫਿਕਰ ਪੈ ਗਿਆ। ਇੱਕ ਗੱਲ ਮੈਂ ਪੱਕੀ ਧਾਰੀ ਹੋਈ ਸੀ ਕਿ ਅੱਜ ਗੁਰਦੁਆਰੇ ਦੇ ਅਖੰਡ ਪਾਠ ਵਾਲੇ ਹਾਲ ਵਿਚ ਨਹੀਂ ਸੌਣਾ। ਤੰਬੂਆਂ ਵਿੱਚ ਉਸ ਦਿਨ ਵੀ ਕੋਈ ਖਾਲੀ ਥਾਂ ਨਹੀਂ ਮਿਲੀ। ਅਸੀਂ ਦਰੀਆਂ ਅਤੇ ਚਾਦਰਾਂ ਚੁੱਕ ਕੇ ਏਧਰ ਉਧਰ ਘੁੰਮ ਰਹੇ ਸਾਂ।

ਅਸੀਂ ਵੇਖਿਆ ਕਿ ਕਾਫੀ ਲੋਕ ਪੌੜੀਆਂ ਚੜ੍ਹਕੇ ਉਪਰ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਵੱਲ ਜਾ ਰਹੇ ਸਨ। ਉਪਰ ਗਏ ਤਾਂ ਉੱਥੇ ਬਹੁਤ ਸਾਰੇ ਲੋਕ ਲੇਟੇ ਹੋਏ ਸਨ। ਸਮਾਧ ਕਾਫੀ ਵੱਡੇ ਹਾਲ ਵਿਚ ਹੈ। ਵਿਚਾਲੇ ਕੁਝ ਜਗ੍ਹਾ ਹੋਰ ਉੱਚੀ ਕਰਕੇ ਵੱਡੀਆਂ ਅਤੇ ਚੌੜੀਆਂ ਬੁਰਜੀਆਂ ਨਾਲ ਅਲੱਗ ਕੀਤੀ ਹੋਈ ਹੈ। ਉਸਦੇ ਵਿਚਾਲੇ ਉੱਚਾ ਚਬੂਤਰਾ ਹੈ। ਕਹਿੰਦੇ ਹਨ ਕਿ ਮਹਾਰਾਜਾ ਸਾਹਿਬ ਦੀ ਮੌਤ ਤੋਂ ਬਾਅਦ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਹੁੰਦੇ ਸਨ। ਹੁਣ ਉੱਥੇ ਮਹਾਰਾਜਾ ਰਣਜੀਤ ਸਿੰਘ ਅਤੇ ਉਨ੍ਹਾਂ ਦੇ ਇੱਕ ਪੁੱਤਰ ਦੀ ਤਸਵੀਰ ਰੱਖੀ ਹੋਈ ਹੈ। ਅਸੀਂ ਸਮਾਧ ਦੇ ਹਾਲ ਵਿਚ ਸੌਣ ਦਾ ਫੈਸਲਾ ਕਰ ਲਿਆ।

ਦਰੀਆਂ ਪਹਿਲਾਂ ਹੀ ਵਿਛੀਆਂ ਹੋਈਆਂ ਸਨ। ਸਾਨੂੰ ਜਗ੍ਹਾ ਮਿਲ ਗਈ ਅਤੇ ਅਸੀਂ ਆਪਣੀਆਂ ਦਰੀਆਂ ਵਿਛਾ ਕੇ ਕਬਜ਼ਾ ਕਰ ਲਿਆ। ਉਸ ਰਾਤ ਮਹਾਰਾਜੇ ਦੀ ਤਸਵੀਰ ਦੇ ਆਲੇ ਦੁਆਲੇ ਵਾਲੀ ਅਲੱਗ ਜਗ੍ਹਾ ਵਿੱਚ ਕੋਈ ਨਹੀਂ ਸੁੱਤਾ। ਸਾਡੇ ਕੋਲ ਉੱਤੇ ਲੈਣ ਲਈ ਚਾਦਰਾਂ ਸਨ ਅਤੇ ਸਰ੍ਹਾਣੇ ਤੌਲੀਏ ਮੋੜਕੇ ਰੱਖ ਲੈਂਦੇ ਸਾਂ। ਇੱਥੇ ਪੀਣ ਵਾਲੇ ਪਾਣੀ ਦਾ ਕੋਈ ਪ੍ਰਬੰਧ ਨਹੀਂ ਸੀ। ਬਾਥਰੂਮ ਵੀ ਹੇਠਾਂ ਹੀ ਸਨ। ਇਸ ਲਈ ਕੋਈ ਨਾ ਕੋਈ ਬੂਹਾ ਖੋਲ੍ਹ ਕੇ ਹੇਠਾਂ ਚਲਾ ਜਾਂਦਾ ਜਾਂ ਵਾਪਸ ਆਉਂਦਾ ਰਹਿੰਦਾ। ਬੂਹੇ ਚਾਰੇ ਪਾਸੇ ਸਨ। ਕਾਫੀ ਭਾਰੇ ਸਨ। ਅੰਦਰੋਂ ਸੰਗਲੀ ਨਾਲ ਬੰਦ ਹੁੰਦੇ ਸਨ। ਖੁੱਲ੍ਹਣ ਅਤੇ ਬੰਦ ਹੋਣ ਵੇਲੇ ਕਾਫੀ ਖੜਕਾ ਕਰਦੇ ਸਨ। ਇਸ ਲਈ ਨੀਂਦ ਵਿਚ ਵਿਘਨ ਪੈਂਦਾ ਰਹਿੰਦਾ ਸੀ।

ਮੈਨੂੰ ਕਾਫੀ ਦੇਰ ਨੀਂਦ ਨਹੀਂ ਆਈ। ਪਿਆ ਮਹਾਰਾਜਾ ਰਣਜੀਤ ਸਿੰਘ ਬਾਰੇ ਸੋਚਦਾ ਰਿਹਾ। ਉਪਰ ਵੇਖਿਆ ਕਿ ਛੱਤ ਉਤੇ ਬਹੁਤ ਸ਼ਾਨਦਾਰ ਮੀਨਾਕਾਰੀ ਕੀਤੀ ਹੋਈ ਸੀ। ਸੋਚਿਆ ਕਿ ਇਹ ਸ਼ਾਨਦਾਰ ਇਮਾਰਤ ਕਿਸ ਨੇ ਅਤੇ ਕਦੋਂ ਬਣਵਾਈ ਹੋਣੀ ਹੈ। ਮਹਾਰਾਜੇ ਦੀ ਮੌਤ ਤੋਂ ਜਲਦੀ ਬਾਅਦ ਤਾਂ ਕਤਲਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ ਸੀ। ਦੂਸਰਾ, ਇਹ ਇਮਾਰਤ

ਗੁਰਦੁਆਰਾ ਦੇਹਰਾ ਸਾਹਿਬ ਤੋਂ ਕਾਫ਼ੀ ਉੱਚੀ ਹੈ। ਮੈਨੂੰ ਇਹ ਗੱਲ ਅੱਛੀ ਨਹੀਂ ਲੱਗੀ। ਜਿਸ ਕਿਸੇ ਨੇ ਵੀ ਇਹ ਬਣਾਈ ਹੈ ਉਸਨੂੰ ਗੁਰੂ ਘਰ ਦੀ ਮਰਯਾਦਾ ਦਾ ਸਨਮਾਨ ਕਰਨ ਬਾਰੇ ਬਹੁਤਾ ਖ਼ਿਆਲ ਨਹੀਂ ਆਇਆ ਲਗਦਾ। ਕੁਝ ਦੂਰ ਹੋਵੇ ਤਾ ਚਲੋ ਠੀਕ ਹੈ। ਪਰ ਇਹ ਤਾਂ ਬਿਲਕੁਲ ਹੀ ਨਾਲ ਲੱਗਵੀਂ ਹੈ। ਇਹ ਸੋਚਦਾ ਸੋਚਦਾ ਮੈਂ ਸੌਂ ਗਿਆ।

ਅੱਧੀ ਰਾਤ ਤੋਂ ਬਾਅਦ ਰੌਲਾ ਜਿਹਾ ਪੈ ਗਿਆ। ਕਈ ਯਾਤਰੀ ਸਮਾਨ ਸਹਿਤ ਏਥੇ ਆ ਕੇ ਠਹਿਰੇ ਸਨ। ਰਾਤ ਨੂੰ ਕੋਈ ਹੇਠਾਂ ਉਤਰ ਕੇ ਬਾਥਰੂਮ ਗਿਆ ਅਤੇ ਪਿੱਛੋਂ ਕੋਈ ਬਾਹਰੋਂ ਅੰਦਰ ਘੁਸ ਗਿਆ ਅਤੇ ਕਿਸੇ ਦਾ ਬੈਗ ਚੁੱਕ ਕੇ ਭੱਜ ਗਿਆ। ਏਧਰ ਉਧਰ ਕਾਫੀ ਵੇਖਿਆ, ਪਰ ਉਹ ਨਿਕਲ ਗਿਆ। ਕਾਫੀ ਦੇਰ ਰੌਲਾ ਪੈਂਦਾ ਰਿਹਾ ਅਤੇ ਹੌਲੀ ਹੌਲੀ ਯਾਤਰੀ ਫਿਰ ਸੌਣੇ ਸ਼ੁਰੂ ਹੋ ਗਏ। ਸਾਡਾ ਸਮਾਨ ਤਾਂ ਹੇਠਲੇ ਕਮਰੇ ਵਿਚ ਸੀ। ਸਿਰਫ ਚੱਪਲਾਂ ਹੀ ਚੋਰੀ ਹੋ ਸਕਦੀਆਂ ਸਨ। ਪਰ ਮੈਨੂੰ ਦੁਬਾਰਾ ਨੀਂਦ ਨਹੀਂ ਆਈ। ਚਾਰ ਕੁ ਵਜੇ ਹੇਠਾਂ ਉਤਰ ਕੇ ਮੱਥਾ ਟੇਕ ਕੇ ਮੈਂ 'ਇਕਬਾਲ ਪਾਰਕ' ਵਿਚ ਸੈਰ ਕਰਨ ਤੁਰ ਗਿਆ।

**ਤੀਜੀ ਰਾਤ** : 17 ਅਪ੍ਰੈਲ ਨੂੰ ਅਸੀਂ ਹੋਟਲ ਚਲੇ ਜਾਣ ਬਾਰੇ ਸੋਚਿਆ ਹੋਇਆ ਸੀ। ਉਸ ਦਿਨ ਅਚਾਨਕ ਬਾਰਸ਼ ਹੋ ਗਈ। ਤਕਰੀਬਨ ਸਾਰਾ ਦਿਨ ਹੀ ਪਾਠ ਸਰਵਣ ਕੀਤਾ ਅਤੇ ਕੁਝ ਦੇਰ ਆਪਣੇ ਕਮਰੇ ਵਿਚ ਘੁਸੜ ਕੇ ਬੈਠੇ ਰਹੇ। ਸ਼ਾਮ ਨੂੰ ਫਿਰ ਸਮਾਧ ਦੇ ਹਾਲ ਵਿਚ ਸੌਣ ਲਈ ਚਲੇ ਗਏ। ਉਸ ਰਾਤ ਉਥੇ ਬਹੁਤ ਭੀੜ ਸੀ ਕਿਉਂਕਿ ਬਰਸਾਤ ਦੇ ਕਾਰਨ ਤੰਬੂਆਂ ਵਾਲੇ ਮੈਦਾਨ ਵਿਚ ਪਾਣੀ ਭਰ ਗਿਆ ਸੀ। ਇਸ ਰਾਤ ਸਮਾਧ ਦੇ ਅੰਦਰਲੇ ਹਿੱਸੇ ਵਿਚ ਵੀ ਲੋਕ ਸੁੱਤੇ ਪਏ ਸਨ। ਸਿਰਫ ਮਹਾਰਾਜੇ ਦੀ ਤਸਵੀਰ ਵਾਲਾ ਖੜ੍ਹਾ ਹੀ ਖਾਲੀ ਸੀ। ਅਸੀਂ ਮੁਸ਼ਕਲ ਨਾਲ ਜਗ੍ਹਾ ਲੱਭੀ। ਸਾਰੀ ਰਾਤ ਕੁਰਬਲ ਕੁਰਬਲ ਹੁੰਦੀ ਰਹੀ। ਕੋਈ ਗੱਲਾਂ ਕਰ ਰਹੇ ਸਨ। ਕੋਈ ਘੁਰਾੜੇ ਮਾਰ ਰਹੇ ਸਨ। ਕਈ ਸ਼ਾਮ ਨੂੰ ਤੇ ਸਵੇਰੇ ਜਲਦੀ ਪਾਠ ਕਰਦੇ ਰਹੇ। ਸਾਡੇ ਨੇੜੇ ਇੱਕ ਬਜ਼ੁਰਗ ਸਾਰੀ ਰਾਤ ਇਕੱਲਾ ਹੀ ਬੋਲੀ ਗਿਆ। ਜੌਹਲ ਸਾਹਿਬ ਤਾਂ ਪਤਾ ਨਹੀਂ ਸੁੱਤੇ ਰਹੇ ਕਿ ਵੈਸੇ ਛਾਪਲੇ ਰਹੇ। ਪਰ ਮੈਂ ਬਹੁਤ ਹੀ ਥੋੜ੍ਹੀ ਦੇਰ ਸੁੱਤਾ।

**ਆਖਰੀ ਦਿਨ ਅਤੇ ਰਾਤ** : 18 ਤਾਰੀਖ ਨੂੰ ਅਸੀਂ ਸਹੁੰ ਪਾ ਲਈ ਕਿ ਅੱਜ ਰਾਤ ਜ਼ਰੂਰ ਹੋਟਲ ਵਿਚ ਅਰਾਮ ਨਾਲ ਸੌਂ ਕੇ ਅਗਲੇ ਦਿਨ ਦੇਸ਼ ਵਾਪਸ ਜਾਵਾਂਗੇ। ਉਸ ਦਿਨ ਕੁਝ ਤੋਹਫੇ ਵੀ ਖਰੀਦਣੇ ਸਨ ਅਤੇ ਸਮਾਨ ਕਾਫੀ ਹੋ ਜਾਣਾ ਸੀ। ਇਸ਼ਨਾਨ ਕਰਕੇ, ਦਰਬਾਰ ਸਾਹਿਬ ਮੱਥਾ ਟੇਕ ਕੇ ਅਸੀਂ ਸ਼ਹਿਰ ਜਾਣ ਲਈ ਤਿਆਰ ਹੋ ਗਏ। ਅਸੀਂ ਸਭ ਬਾਜ਼ਾਰਾਂ ਦਾ ਪਹਿਲਾਂ ਹੀ ਪਤਾ ਕਰ ਰੱਖਿਆ ਸੀ ਅਤੇ ਥੋੜਾ ਬਹੁਤ ਰੇਟ ਵੀ ਪਤਾ ਕਰ ਆਏ ਸਾਂ। ਮੈਂ ਦੱਸਿਆ ਹੈ ਕਿ ਕੱਪੜਾ ਰੰਗ ਮਹਿਲ ਇਲਾਕੇ ਦੀ 'ਆਜ਼ਮ ਮਾਰਕੀਟ' ਵਿਚ ਮਿਲਣਾ ਸੀ। ਡ੍ਰਾਈ ਫਰੂਟ ਦਿੱਲੀ ਦਰਵਾਜ਼ੇ ਕੋਲ 'ਅਕਬਰੀ ਮੰਡੀ' ਵਿਚ ਮਿਲਣਾ ਸੀ। ਹੱਥ ਦੀਆਂ ਕੱਢੀਆਂ ਹੋਈਆਂ ਜੁੱਤੀਆਂ ਦੇ 'ਅੱਪਰ' ਸੂਹਾ ਬਾਜ਼ਾਰ ਦੀ 'ਕਿਨਾਰੀ ਮਾਰਕੀਟ' ਵਿਚ ਮਿਲਣੇ ਸਨ। ਕੱਪੜਾ ਖਰੀਦਣ ਲਈ ਲੇਡੀਜ਼ ਦਾ ਨਾਲ ਹੋਣਾ ਜ਼ਰੂਰੀ ਸੀ। ਇਸ ਲਈ ਸਵੇਰੇ ਦੇ ਵਕਤ ਅਸੀਂ ਜੁੱਤੀਆਂ ਅਤੇ ਡ੍ਰਾਈ ਫ਼ਰੂਟ ਖਰੀਦਣ ਦਾ ਫੈਸਲਾ ਕਰ ਲਿਆ। ਦੁਪਹਿਰ ਨੂੰ ਲੰਗਰ ਛਕ ਕੇ ਲੇਡੀਜ਼ ਸਮੇਤ 'ਆਜ਼ਮ ਮਾਰਕੀਟ' ਜਾਣਾ ਸੀ।

**ਕਿਨਾਰੀ ਮਾਰਕੀਟ** : ਅਸੀਂ ਸਭ ਤੋਂ ਪਹਿਲਾਂ ਕਿਨਾਰੀ ਮਾਰਕੀਟ ਗਏ। ਉੱਥੇ ਹੱਥ ਦੀ ਕਢਾਈ ਵਾਲੀਆਂ ਜੁੱਤੀਆਂ ਦੀਆਂ ਕਈ ਦੁਕਾਨਾਂ ਹਨ। ਪਰ ਪਿਛਲੇ ਦਿਨਾਂ ਵਿਚ ਹੀ ਯਾਤਰੀਆਂ ਨੇ ਸਭ ਦੁਕਾਨਾਂ ਖਾਲੀ ਕਰ ਦਿੱਤੀਆਂ ਸਨ। ਸਿਰਫ 'ਪਾਣੀ ਵਾਲਾ ਤਲਾਬ'

ਇਲਾਕੇ ਦੀ 'ਮਾਸ਼ਾ ਅੱਲਾ ਮਾਰਕੀਟ' ਵਿਚ 'ਜ਼ਰੀ ਅੱਪਰ ਹਾਊਸ' ਵਿਚ ਸਮਾਨ ਬਚਿਆ ਸੀ। ਅਸੀਂ ਪਿਛਲੇ ਦਿਨਾਂ ਵਿਚ ਵੀ ਇੱਕ ਵਾਰ ਏਥੇ ਹੋ ਕੇ ਗਏ ਸਾਂ। ਜੌਹਲ ਸਾਹਿਬ ਨੂੰ ਚਿੱਟੀ ਜਰੀ ਵਾਲੀਆਂ ਲੇਡੀਜ਼ ਜੁੱਤੀਆਂ ਦੇ ਅੱਪਰ ਚਾਹੀਦੇ ਸਨ। ਉਸ ਦੁਕਾਨ ਦਾ ਮਾਲਕ ਮੁਹੰਮਦ ਆਸਿਫ ਇਕਬਾਲ ਬਹੁਤ ਤੇਜ਼ ਤੇ ਖਚਰਾ ਜਿਹਾ 35-40 ਸਾਲ ਦਾ ਬੰਦਾ ਸੀ। ਉਸਨੇ 18 ਤਾਰੀਖ ਦਾ ਵਾਅਦਾ ਕੀਤਾ ਸੀ। ਮਾਲ ਬਾਹਰੋਂ ਆਉਣ ਵਾਲਾ ਸੀ। ਹਰ ਜਗ੍ਹਾ ਉਹ ਹੀ ਤਰੀਕਾ ਚਲਦਾ ਹੈ। ਕਿਸੇ ਚੀਜ਼ ਲਈ ਕਿਸੇ ਸ਼ਹਿਰ ਦੀ ਮਸ਼ਹੂਰੀ ਹੋ ਜਾਂਦੀ ਹੈ। ਮੰਗ ਵਧ ਜਾਂਦੀ ਹੈ ਅਤੇ ਫੇਰ ਉਹ ਬਾਹਰੋਂ ਸਸਤੀ ਲੇਬਰ ਵਾਲੇ ਇਲਾਕਿਆਂ ਤੋਂ ਮਾਲ ਮੰਗਵਾ ਕੇ ਬਹੁਤ ਮਹਿੰਗਾ ਵੇਚੀ ਜਾਂਦੇ ਹਨ। ਸਾਡਾ ਆਪਣਾ ਸ਼ਹਿਰ ਮੁਕਤਸਰ ਵੀ ਕੱਢੀਆਂ ਜੁੱਤੀਆਂ ਲਈ ਮਸ਼ਹੂਰ ਹੈ। ਮਾਘੀ ਦੇ ਮੇਲੇ ਤੇ ਸਾਰੇ ਜਾਤਰੀ 'ਮੁਕਤਸਰ ਦੀ ਜੁੱਤੀ' ਜ਼ਰੂਰੀ ਖਰੀਦ ਕੇ ਲਿਜਾਂਦੇ ਹਨ। ਸਾਨੂੰ ਪਤਾ ਹੈ ਕਿ ਦੁਕਾਨਦਾਰ ਬੋਰੀਆਂ ਭਰ ਭਰ ਕੇ ਫਾਜ਼ਿਲਕਾ, ਜਲਾਲਾਬਾਦ, ਭਿਵਾਨੀ, ਰਿਵਾੜੀ ਵਗੈਰਾ ਤੋਂ ਮਾਲ ਲਿਆਉਂਦੇ ਹਨ ਅਤੇ ਉਹ 'ਮੁਕਤਸਰੀ' ਹੋ ਜਾਂਦੀ ਹੈ। ਇਹ ਹੀ ਹਾਲ 'ਲਾਹੌਰੀ ਜੁੱਤੀਆ' ਦਾ ਸੀ।

ਦੁਕਾਨਦਾਰ ਨੇ ਆਪਣਾ ਵਾਅਦਾ ਪੂਰਾ ਨਹੀਂ ਕੀਤਾ। ਸਿਰਫ ਸੁਨਹਿਰੇ ਤਿੱਲੇ ਵਾਲੀ ਜੁੱਤੀਆਂ ਦੇ ਅੱਪਰ ਹੀ ਸਨ। ਸਗੋਂ ਅੱਜ ਗਾਹਕ ਜ਼ਿਆਦਾ ਸਨ ਅਤੇ ਪਹਿਲਾਂ ਨਾਲੋਂ ਮਹਿੰਗਾ ਬੋਲਦਾ ਸੀ। ਛੋਟੀ ਜੇਹੀ ਦੁਕਾਨ ਸੀ। ਹਰ ਗਾਹਕ ਦੂਜੇ ਤੋਂ ਕਾਹਲਾ ਸੀ। ਇਸਦਾ ਉਹ ਭਰਪੂਰ ਫਾਇਦਾ ਉਠਾ ਰਿਹਾ ਸੀ। ਸਾਰੇ ਗਾਹਕ ਪੇਂਡੂ ਆਦਮੀ ਸਨ। ਸਾਨੂੰ ਕਿਸੇ ਨੂੰ ਜ਼ਨਾਨੀ ਅਤੇ ਮਰਦਾਨੀ ਜੁੱਤੀ ਦੇ ਅੱਪਰ ਦਾ ਫਰਕ ਪਤਾ ਨਹੀਂ ਸੀ। ਦੋਵੇਂ ਤਰ੍ਹਾਂ ਦੇ ਕੁਝ ਜੋੜੇ ਅਸੀਂ ਖਰੀਦ ਲਏ। ਮੁਕਤਸਰ ਆ ਕੇ ਸੀਣ ਵਾਲਿਆਂ ਨੂੰ ਵਿਖਾਏ ਤਾਂ ਪਤਾ ਲੱਗਿਆ ਕਿ ਸਾਰੇ ਹੀ ਮਰਦਾਨੀਆਂ ਜੁੱਤੀਆਂ ਦੇ ਅੱਪਰ ਸਨ। ਤਾਂ ਹੀ ਤਾਂ ਉਹ ਖਚਰੀ ਹਾਸੀ ਹੱਸ ਰਿਹਾ ਸੀ। ਸਾਨੂੰ ਬੇਵਕੂਫ ਬਣਾ ਗਿਆ ਸੀ। ਉਸ ਦਾ ਕਾਰਡ ਮੇਰੇ ਸਾਹਮਣੇ ਪਿਆ ਹੈ। ਅੰਗ੍ਰੇਜ਼ੀ ਵਿਚ ਹੈ। 'UPPER' ਨੂੰ 'APPER' ਲਿਖਿਆ ਹੈ। ਹੇਠਾਂ ਲਾਈਨ ਹੈ : 'All varieties of apper avail here'। ਮੈਂ ਇਹ ਹਰ ਜਗ੍ਹਾ ਵੇਖਿਆ ਹੈ ਕਿ ਦੁਕਾਨਦਾਰ ਨੂੰ ਜਿੰਨੀ ਅੰਗ੍ਰੇਜ਼ੀ ਘੱਟ ਆਉਂਦੀ ਹੋਵੇ, ਉੱਨਾ ਹੀ ਉਹ ਵੱਡਾ ਠੱਗ ਹੁੰਦਾ ਹੈ।

**ਲਾਹੌਰ ਦੀਆਂ ਚਿੜੀਆਂ** : ਬਾਹਰ ਆ ਕੇ ਅਸੀਂ ਵੇਖਿਆ ਕਿ ਇੱਕ ਚਮੂਣੇ (ਚਿੜੀਆਂ) ਵੇਚਣ ਵਾਲੇ ਕੋਲ ਕਈ ਯਾਤਰੀ ਖੜੇ ਸਨ। ਛੋਟੀਆਂ-ਛੋਟੀਆਂ ਰੰਗ ਬਰੰਗੀਆਂ ਬਹੁਤ ਸੋਹਣੀਆਂ ਚਿੜੀਆਂ ਸਨ। ਵੱਡੇ ਸਾਰੇ ਪਿੰਜਰੇ ਵਿਚ ਇੱਧਰ ਉਧਰ ਉੱਡ ਰਹੀਆਂ ਸਨ। ਬਹੁਤ ਉੱਚੀ ਚੀਂ-ਚੀਂ ਕਰ ਰਹੀਆ ਸਨ। ਘੱਟੋ-ਘੱਟ 50-60 ਹੋਣਗੀਆਂ। ਫਗਵਾੜੇ ਦੇ ਇੱਕ ਸ਼ੌਕੀਨ ਜਹੇ ਸਰਦਾਰ ਨੇ ਉਸਨੂੰ ਪੁੱਛਿਆ। "ਹਾਂ ਬਈ, ਕੀ ਲੈਨੇ ਇੱਕ ਚਿੜੀ ਦਾ ?" ਸ਼ਾਇਦ ਉਸਨੇ ਪੰਜ ਰੁਪਏ ਕਹੇ। ਗਾਹਕ ਫਿਰ ਬੋਲਿਆ, "ਤੇ ਸਾਰੀਆਂ ਦਾ ਕੀ ਲੈਣਾ ਹੈ ?" ਚਿੜੀਆਂ ਵਾਲਾ ਹੈਰਾਨ ਹੋ ਕੇ ਗਾਹਕ ਵੱਲ ਵੇਖਣ ਲੱਗ ਪਿਆ। ਅਸੀਂ ਵੀ ਹੈਰਾਨ ਸਾਂ ਕਿ ਇਹ ਏਨੀਆਂ ਚਿੜੀਆਂ ਨਾਲ ਕਿਵੇਂ ਲੈ ਕੇ ਜਾਵੇਗਾ ਅਤੇ ਫੇਰ ਕਰਨੀਆਂ ਵੀ ਕੀ ਹਨ। "ਸਾਰੀਆਂ ਇਕੱਠੀਆ ਨਹੀਂ ਵੇਚਣੀਆਂ।" ਉਹ ਗਰੀਬ ਜੇਹਾ ਪੇਂਡੂ ਬੋਲਿਆ।

"ਕਿਉਂ ?" ਗਾਹਕ ਨੇ ਪੁੱਛਿਆ।

ਜਵਾਬ ਦੇਣ ਦੀ ਬਜਾਏ ਉਸ਼ਨੇ ਗਾਹਕ ਨੂੰ ਪੁੱਛਿਆ, "ਤੁਸੀਂ ਏਨੀਆਂ ਕਰਨੀਆਂ ਕੀ ਨੇ ?" "ਮੈਂ ਇਹਨਾਂ ਵਿਚਾਰੀਆਂ ਨੂੰ ਆਜ਼ਾਦ ਕਰਨਾ ਚਾਹੁੰਦਾ ਹਾਂ। ਖਰੀਦ ਕੇ ਉਡਾਉਣਾ

ਚਾਹੁੰਦਾ ਹਾਂ।" ਸਾਰੇ ਲੋਕ ਉਸ ਗਾਹਕ ਵੱਲ ਪ੍ਰਸ਼ੰਸਾ ਭਰੀਆਂ ਨਜ਼ਰਾਂ ਨਾਲ ਵੇਖਣ ਲੱਗੇ। ਪਰ ਚਿੜੀਆਂ ਵੇਚਣ ਵਾਲਾ ਨਹੀਂ ਮੰਨਿਆ। ਮੈਨੂੰ ਉਹ ਪ੍ਰਵੇਜ਼ ਮੁਸ਼ੱਰਫ ਲੱਗਿਆ ਅਤੇ ਉਹ ਚਿੜੀਆਂ ਪਾਕਿਸਤਾਨ ਦੀ ਜਨਤਾ। ਸੋਚਦੇ ਸੋਚਦੇ ਅਸੀਂ ਉੱਥੋਂ ਤੁਰ ਪਏ।

**ਅਕਬਰੀ ਮੰਡੀ :** ਉੱਥੋਂ ਆਟੋ ਰਿਕਸ਼ਾ ਲੈ ਕੇ ਅਸੀਂ ਦਿੱਲੀ ਦਰਵਾਜ਼ੇ ਕੋਲ ਸਥਿਤ ਡ੍ਰਾਈ ਫਰੂਟ ਦੀ ਅਕਬਰੀ ਮੰਡੀ ਚਲੇ ਗਏ। ਸਾਡੇ ਨਾਲ ਸ. ਪ੍ਰਿਤਪਾਲ ਸਿੰਘ ਭੁੱਲਰ ਵੀ ਸਨ। ਪ੍ਰੋ. ਮਹਿਲ ਸਿੰਘ ਗਿੱਲ ਦੇ ਹਿੱਸੇ ਦਾ ਮੇਵਾ ਵੀ ਜੌਹਲ ਸਾਹਿਬ ਨੇ ਖਰੀਦਣਾ ਸੀ। ਉੱਥੇ ਥੋੜੀਆਂ ਹੀ ਦੁਕਾਨਾਂ ਹਨ। ਅਸੀਂ ਸਭ ਤੋਂ ਵੱਡੀ ਦੁਕਾਨ ਤੇ ਚਲੇ ਗਏ। ਦੁਕਾਨ ਖੁਸ਼ਕ ਮੇਵੇ ਦੇ ਬੋਰਿਆਂ ਦੀ ਭਰੀ ਹੋਈ ਸੀ। ਪਲਾਸਟਿਕ ਦੀਆਂ ਬੋਰੀਆਂ ਸੀ ਕੇ ਚੌੜੇ ਬੋਰੇ ਬਣਾਏ ਹੋਏ ਸਨ। ਮੈਂ ਬਦਾਮਾਂ ਦੀਆਂ ਕਿਸਮਾਂ ਵਗੈਰਾ ਤੋਂ ਉੱਕਾ ਹੀ ਕੋਰਾ ਹਾਂ, ਪਰ ਜੌਹਲ ਸਾਹਿਬ ਮਾਹਿਰ ਹਨ ਅਤੇ ਦੇਸੀ ਦਵਾਈਆਂ ਬਣਾ ਕੇ ਮੁਫ਼ਤ ਵੰਡਦੇ ਰਹਿੰਦੇ ਹਨ। ਭੁੱਲਰ ਸਾਹਿਬ ਅਤੇ ਮੈਂ ਸਿਰਫ ਸਾਥ ਹੀ ਦੇ ਰਹੇ ਸਾਂ। ਅਮਰੀਕਨ ਬਦਾਮਾਂ ਦੀ ਗਿਰੀ ਏਨੀ ਸਾਫ਼ ਅਤੇ ਇਕਸਾਰ ਸੀ ਕਿ ਫੈਕਟਰੀ ਵਿਚ ਬਣਾਏ ਲਗਦੇ ਸਨ। ਖੁਰਮਾਨੀ ਦੀਆਂ ਗਿਰੀਆਂ ਦਾ ਅਲੱਗ ਬੋਰਾ ਭਰਿਆ ਪਿਆ ਸੀ। "ਇਹ ਬਦਾਮ ਕਿਵੇਂ ਹਨ ?" ਇੱਕ ਯਾਤਰੀ ਨੇ ਪੁੱਛਿਆ। ਨੌਕਰ ਨੇ ਮੁਸਕਰਾ ਕੇ ਸਾਫ਼ ਦੱਸ ਦਿੱਤਾ ਕਿ ਇਹ ਬਦਾਮ ਦੀਆਂ ਗਿਰੀਆਂ ਨਹੀਂ। ਉਨ੍ਹਾਂ ਨੇ ਇਹ ਵੀ ਸਾਫ ਦੱਸ ਦਿੱਤਾ ਕਿ ਕਾਲੀਆਂ ਮਿਰਚਾਂ ਭਾਰਤ ਵਿਚ ਅੱਛੀਆਂ ਅਤੇ ਸਸਤੀਆਂ ਹਨ।

ਜੌਹਲ ਸਾਹਿਬ ਨੇ ਬਦਾਮ ਰੋਗਨ ਕਢਵਾ ਕੇ ਲਿਆਉਣਾ ਸੀ। ਦੁਕਾਨ ਵਾਲਿਆਂ ਨੇ ਟੋਟਾ ਗਿਰੀ ਸਸਤੀ ਦੇ ਦਿੱਤੀ ਅਤੇ ਸਮਝਾ ਦਿੱਤਾ ਕਿ ਕਿੰਨੀ ਗਿਰੀ 'ਚੋਂ ਕਿੰਨਾ ਨਿਕਲੇਗਾ। ਮੇਰੀ ਬਦਾਮ ਰੋਗਨ ਲਿਆਉਣ ਦੀ ਸਲਾਹ ਨਹੀਂ ਸੀ ਕਿਉਂਕਿ ਡੁੱਲਣ ਦਾ ਡਰ ਸੀ। ਇਸ ਮਾਰਕੀਟ ਵਿਚ ਬਦਾਮ ਰੋਗਨ ਕੱਢਣ ਦੀ ਕੋਈ ਮਸ਼ੀਨ ਨਹੀਂ ਸੀ। ਇਸ ਵਾਸਤੇ ਸਾਨੂੰ ਫਲੈਮਿੰਗ ਰੋਡ ਜਾਣਾ ਪੈਣਾ ਸੀ। ਇਸ ਮਾਰਕੀਟ ਵਿੱਚ ਕੋਈ ਆਟੋ ਰਿਕਸ਼ਾ ਵੀ ਨਹੀਂ ਸੀ ਦਿੱਸ ਰਿਹਾ। ਸਾਡੀ ਸ਼ੱਸ਼ੋਪੰਜ ਨੂੰ ਵੇਖ ਕੇ ਦੁਕਾਨਦਾਰ ਬੋਲਿਆ "ਠਹਿਰੋ, ਮੈਂ ਇੰਤਜ਼ਾਮ ਕਰ ਦਿੰਨਾ ਵਾਂ" ਉਹ ਚੌੜੇ ਜੇਹੇ ਮੂੰਹ ਅਤੇ ਵੱਡੀਆਂ-ਵੱਡੀਆਂ ਮੁੱਛਾਂ ਵਾਲਾ ਰੋਹਬਦਾਰ ਆਦਮੀ ਸੀ। ਪਰ ਸਾਡੇ ਨਾਲ ਠੀਕ ਬੋਲ ਰਿਹਾ ਸੀ। ਲਾਹੌਰ ਦੇ ਦੁਕਾਨਦਾਰ ਬਹੁਤ ਆਕੜ ਵਾਲੇ ਹਨ। ਪੇਂਡੂ ਗਾਹਕਾਂ ਨੂੰ ਤਾਂ ਖਾਣ ਨੂੰ ਪੈਂਦੇ ਹਨ।

**ਡਰਾਈਵਰ ਦੀ ਸਿਆਣਪ :** ਉੱਥੇ ਇੱਕ ਵੈਨ ਖੜੀ ਸੀ। ਉਸ ਵਿਚ P.I.A. (ਪਾਕਿਸਤਾਨ ਇੰਟਰਨੈਸ਼ਨਲ ਏਅਰ ਲਾਈਨਜ਼) ਦਾ ਕਾਫੀ ਸਮਾਨ ਜਾਣਾ ਸੀ। ਸਮਾਨ ਲੱਦ ਕੇ ਸਾਨੂੰ ਵੀ ਉਸ ਵਿੱਚ ਚੜ੍ਹਾ ਦਿੱਤਾ। ਇੱਕ ਛੋਟਾ ਜੇਹਾ ਥੈਲਾ ਡਰਾਈਵਰ ਨੂੰ ਹੱਥੀਂ ਫੜਾ ਕੇ ਤਾਕੀਦ ਕੀਤੀ : "ਇਹ ਮਾਲ ਪੰਜਾਹ ਹਜ਼ਾਰ ਦਾ ਏ। ਧਿਆਨ ਨਾਲ ਦੇਈਂ।" ਉਸ ਵਿੱਚ ਕੇਸਰ (ਜ਼ਾਫ਼ਰਾਨ) ਸੀ। ਮੈਂ ਡਰਾਈਵਰ ਨਾਲ ਬੈਠ ਗਿਆ ਅਤੇ ਪ੍ਰੋ. ਜੌਹਲ ਅਤੇ ਭੁੱਲਰ ਸਾਹਿਬ ਪਿੱਛੇ ਬੈਠ ਗਏ।

ਡਰਾਈਵਰ ਗੱਲੀਂ ਲੱਗ ਪਿਆ। ਉਸਨੇ ਕਸ਼ਮੀਰ ਮਸਲੇ ਦੀ ਗੱਲ ਆਪ ਹੀ ਛੇੜ ਲਈ। ਅਸੀਂ ਤਾਂ ਸਹੁੰ ਪਾਈ ਹੋਈ ਸੀ ਕਿ ਕਿਸੇ ਰਾਜਨੀਤਕ ਮਸਲੇ ਤੇ ਬਹਿਸ ਨਹੀਂ ਕਰਨੀ ਕਿਉਂਕਿ ਇਸ ਨਾਲ ਝਗੜਾ ਹੋਣ ਦਾ ਡਰ ਸੀ। ਪਰ 40-50 ਸਾਲ ਦਾ ਇਹ ਆਦਮੀ ਦੋਹਾਂ ਦੇਸ਼ਾਂ ਦੇ ਖਿਲਾਫ ਬਹੁਤ ਹੀ ਸਿਆਣੀਆਂ ਗੱਲਾਂ ਕਰਦਾ ਗਿਆ। ਆਪਣੇ ਦੇਸ਼ (ਪਾਕਿਸਤਾਨ) ਨੂੰ ਉਹ ਜ਼ਿਆਦਾ ਨਿੰਦ ਰਿਹਾ ਸੀ। ਮੈਂ ਉਸਦੀ ਹਰ ਗੱਲ ਵਿਚ ਸਹਿਮਤੀ ਲਈ "ਹੂੰ, ਹਾਂ"

ਕਰੀ ਗਿਆ। ਉਹ ਬੋਲਿਆ, "ਐਹ ਕਸ਼ਮੀਰ ਦੇ ਤਨਾਜ਼ੇ ਨੇ ਦੋਹਾਂ ਮੁਲਕਾਂ ਦੀ ਤਬਾਹੀ ਕਰ ਦਿੱਤੀ। ਜਿੱਥੇ ਤੱਕ ਕਬਜ਼ਾ ਹੈ, ਕਰੀ ਰੱਖਣ। ਸਾਰਾ ਕਸ਼ਮੀਰ ਕਿਸੇ ਨੂੰ ਵੀ ਨਹੀਂ ਮਿਲਣਾ ਅਤੇ ਉਸ ਤੋਂ ਕਰਵਾਉਣਾ ਵੀ ਕੀ ਐ ? ਐਵੇਂ ਜੰਨਤ ਦੇ ਲਾਰੇ ਲਾ ਕੇ ਸਾਡੇ ਲੀਡਰ ਮੁੰਡੇ ਮਰਵਾਈ ਜਾਂਦੇ ਨੇ। ਨਵੀਂ ਪੀੜ੍ਹੀ ਅੱਛੀ ਜ਼ਿੰਦਗੀ ਜੀਣਾ ਚਾਹੁੰਦੀ ਹੈ। ਖਾਣਾ, ਪੀਣਾ, ਐਸ਼ ਕਰਨਾ ਚਾਹੁੰਦੀ ਹੈ। ਇਹ ਉਨ੍ਹਾਂ ਨੂੰ ਅੱਗ ਵਿਚ ਝੋਕੀ ਜਾਂਦੇ ਨੇ।" ਮੇਰੇ ਵੱਲੋਂ ਕੋਈ ਟਿੱਪਣੀ ਨਾ ਹੋਣ ਕਰਕੇ ਕੁਝ ਦੇਰ ਲਈ ਉਹ ਚੁੱਪ ਕਰ ਗਿਆ। ਫਿਰ ਆਪੇ ਸ਼ੁਰੂ ਹੋ ਗਿਆ, "ਮੀਆਂ ਨਵਾਜ਼ ਸ਼ਰੀਫ ਬਹੁਤ ਅੱਛੇ ਚੱਲ ਰਹੇ ਸਨ। ਉਨ੍ਹਾਂ ਨੇ ਕੁਝ ਹੱਲ ਕੱਢ ਲੈਣਾ ਸੀ। ਵਿਆਹਾਂ ਤੇ ਖਰਚ ਘਟਵਾ ਦਿੱਤਾ ਸੀ। ਪਹਿਲਾਂ ਬਰਾਤ ਦੇ ਰਾਹ ਵਿਚ ਮੀਲਾਂ ਤੱਕ ਬਿਜਲੀ ਦੀ ਟਿਊਬ ਨਾਲ ਟਿਊਬ ਜੋੜ ਦਿੰਦੇ ਸਨ। ਸ਼ਰੀਫ ਸਾਹਿਬ ਨੇ ਬਿਜਲੀ ਦੀ ਵੇਸਟੇਜ ਬੰਦ ਕਰਵਾ ਦਿੱਤੀ ਸੀ। ਵੱਡੀਆਂ ਦਾਅਵਤਾਂ ਬੰਦ ਕਰ ਦਿੱਤੀਆਂ ਸਨ। ਹੁਣ ਫਿਰ ਉਹੀਓਂ ਸਭ ਕੁਝ ਸ਼ੁਰੂ ਹੋ ਗਿਆ।" ਮੈਂ ਚੁੱਪ-ਚਾਪ ਉਸਦੇ ਸਹੀ ਅਤੇ ਸਪਸ਼ਟ ਵਿਚਾਰਾਂ ਦੀ ਪ੍ਰਸ਼ੰਸਾ ਕਰ ਰਿਹਾ ਸਾਂ। ਲਾਈਨ ਆਫ ਕੰਟਰੋਲ (LOC) ਨੂੰ ਅੰਤਰ-ਰਾਸ਼ਟਰੀ ਸਰਹੱਦ ਮੰਨ ਲਓ। ਹਿੰਸਾ ਬੰਦ ਕਰੋ। ਤਰੱਕੀ ਵੱਲ ਧਿਆਨ ਦਿਓ-ਇਹ ਉਹਦੀ ਗੱਲ ਬਾਤ ਦਾ ਸਾਰ ਸੀ। ਡਰਾਈਵਰ ਗੱਡੀਆਂ ਵਿੱਚ ਬੈਠੇ ਅਫ਼ਸਰਾਂ ਦੀ ਉਡੀਕ ਵਿਚ ਉਨ੍ਹਾਂ ਦੇ ਅਖ਼ਬਾਰ ਪੜ੍ਹਦੇ ਰਹਿੰਦੇ ਹਨ। ਇਸ ਡਰਾਈਵਰ ਨੇ ਵੀ ਇਹ ਸਿਆਣੇ ਵਿਚਾਰ ਉਥੋਂ ਹੀ ਸਿੱਖੇ ਹੋਣਗੇ। ਮੈਂ ਸੋਚ ਰਿਹਾ ਸਾਂ ਕਿ ਜੇਕਰ ਪਾਕਿਸਤਾਨ ਦਾ ਆਮ ਆਦਮੀ ਇਸ ਤਰ੍ਹਾਂ ਸੋਚਦਾ ਹੈ, ਤਾਂ ਕਸ਼ਮੀਰ ਸਮੱਸਿਆ ਹੱਲ ਕਰਨੀ ਕੀ ਔਖੀ ਹੈ। ਸਿਰਫ ਸਿਆਸਤ ਖਰਾਬ ਕਰਦੀ ਹੈ।

ਪਿਛਲੇ ਦਿਨਾਂ ਵਿਚ ਬਾਜ਼ਾਰਾਂ ਵਿੱਚ ਘੁੰਮਦਿਆਂ ਅਸੀਂ ਵੇਖਿਆ ਸੀ ਕਿ ਕਾਫ਼ੀ ਲੋਕ ਕਸ਼ਮੀਰ ਲੈਣ ਬਾਰੇ ਵੀ ਸੋਚਦੇ ਹਨ। ਇੱਕ ਥਾਂ ਪਿੱਛੋਂ ਅਵਾਜ਼ ਆਈ ਸੀ, "ਓ ਸਰਦਾਰੋ, ਤੁਸੀਂ ਖਾਲਿਸਤਾਨ ਲੈ ਲਵੋ ਅਤੇ ਅਸੀਂ ਕਸ਼ਮੀਰ ਖੋਹ ਲਈਏ।" ਅਸੀਂ ਵਿਅੰਗ ਨਾਲ ਮੁਸਕਰਾ ਕੇ ਅੱਗੋ ਲੰਘ ਗਏ ਸਾਂ। ਸਿੱਖਾਂ ਤੋਂ ਅਜੇ ਵੀ ਉਹ ਝੂਠੀਆਂ ਉਮੀਦਾਂ ਲਾਈ ਬੈਠੇ ਲਗਦੇ ਸਨ। ਸ਼ਾਇਦ ਇਸੇ ਕਰਕੇ ਸਾਡੇ ਨਾਲ ਉਹ ਬਣਾਵਟੀ ਜਿਹਾ ਅੱਛਾ ਵਿਵਹਾਰ ਕਰਦੇ ਸਨ। ਪਰ ਇਸ ਡਰਾਈਵਰ ਦੀ ਹਰ ਗੱਲ ਦਿਲ ਦੀ ਗਹਿਰਾਈ ਵਿਚੋਂ ਨਿਕਲੀ ਸੀ। ਮੇਰਾ ਦਿਲ ਇਹ ਪੁੱਛਣ ਨੂੰ ਕੀਤਾ ਕਿ ਉਹ ਸਿੰਧੀ ਹਿੰਦੂ ਸੀ ਕਿ ਮੁਸਲਮਾਨ। ਏਨੇ ਵਿਚ ਸਾਡੀ ਦੁਕਾਨ ਆ ਗਈ ਅਤੇ ਸਾਨੂੰ ਉਤਾਰ ਕੇ ਉਹ ਅੱਗੇ ਚਲਾ ਗਿਆ।

**ਬਦਾਮ ਰੋਗਨ ਦੀਆਂ ਮਸ਼ੀਨਾਂ :** ਬਦਾਮ ਰੋਗਨ ਕੱਢਣ ਵਾਲੀ ਦੁਕਾਨ ਬਹੁਤੀ ਵੱਡੀ ਨਹੀਂ ਸੀ। ਪਰ ਉਸ ਵਿਚ ਬਦਾਮਾਂ ਦੀ ਖਲ ਦੀਆਂ ਬੋਰੀਆਂ ਭਰੀਆਂ ਪਈਆਂ ਸਨ। ਉਨ੍ਹਾਂ ਕੋਲ ਵੀ ਬਦਾਮਾਂ ਦੀਆਂ ਬੋਰੀਆਂ ਸਨ ਅਤੇ ਆਪਣੇ ਕੋਲੋਂ ਵੀ ਬਦਾਮ ਰੋਗਨ ਕੱਢਕੇ ਵੇਚਦੇ ਸਨ। ਸਾਡੀ ਵਾਰੀ ਦੂਜੀ ਸੀ। ਦੁਪਹਿਰ ਹੋ ਗਈ ਸੀ। ਪ੍ਰੋ. ਜੌਹਲ ਅਤੇ ਭੁੱਲਰ ਸਾਹਿਬ ਕੋਈ ਢਾਬਾ ਭਾਲ ਕੇ ਪੇਟ ਪੂਜਾ ਕਰਨ ਚਲੇ ਗਏ। ਮੈਂ ਡਿਊਟੀ ਤੇ ਬੈਠ ਗਿਆ। ਦੁਕਾਨ ਦਾ ਮਾਲਕ, ਹਕੀਮ ਮੁਹੰਮਦ ਯੂਸਫ ਸਦੀਕੀ ਦਰਮਿਆਨੀ ਉਮਰ ਦਾ ਮਿੱਠ ਬੋਲੜਾ ਆਦਮੀ ਸੀ। ਉਸਨੇ ਦੱਸਿਆ ਕਿ ਪਹਿਲਾਂ ਉਹ ਸਿੱਖ ਯਾਤਰੀਆਂ ਦੇ ਆਉਣ ਸਮੇਂ ਗੁਰਦੁਆਰਾ ਦੇਹਰਾ ਸਾਹਿਬ ਕੋਲ ਬਦਾਮ ਰੋਗਨ ਦਾ ਸਟਾਲ ਲਾਉਂਦੇ ਸਨ। ਪਰ ਇਸ ਸਾਲ ਇਜਾਜ਼ਤ ਨਹੀਂ ਮਿਲੀ ਸੀ। ਉਸਨੇ ਮੈਨੂੰ ਇਕ ਇਸ਼ਤਿਹਾਰ ਦਿੱਤਾ ਜੋ ਗੁਰਮੁਖੀ ਲਿਪੀ ਵਿਚ ਸੀ। ਲਿਖਿਆ ਸੀ :

"ਖਾਲਸਾ ਪੰਥ ਨੂੰ ਵਿਸਾਖੀ ਦੀ ਲੱਖ ਲੱਖ ਵਧਾਈ ਹੋਵੇ। ਸਾਡੀ ਦੁਕਾਨ ਤੇ ਸੌ ਫੀਸਦ

ਖਾਲਸ ਰੋਗਨੇ ਬਦਾਮ ਥੋਕ ਅਤੇ ਪਰਚੂਨ ਖਰੀਦਣ ਲਈ ਦਰਸ਼ਨ ਦਿਓ।

ਨੋਟ : ਤਾਜਾ ਰੋਗਨੇ ਬਦਾਮ ਆਪਣੇ ਸਾਹਮਣੇ ਮਸ਼ੀਨ ਵਿਚੋਂ ਕੱਢਵਾਉ

ਪਤਾ : ਹਕੀਮ ਮੁਹੰਮਦ ਯੂਸਫ ਸਦੀਕੀ, ਸਦੀਕੀ ਦਵਾਖਾਨਾ, 35, ਫੈਲਮਿੰਗ ਰੋਡ ਨੇੜੇ ਨਿਰਾਲਾ ਸਵੀਟ ਦੀ ਪੁਰਾਣੀ ਦੁਕਾਨ ਲਾਹੌਰ ਫੂਨ 7224985"

ਇਸ ਤੋਂ ਹੇਠਾਂ ਅੰਗ੍ਰੇਜ਼ੀ ਅਤੇ ਉਰਦੂ ਵਿਚ ਮਸ਼ਹੂਰੀ ਕੀਤੀ ਹੋਈ ਸੀ। ਪੰਜਾਬੀ ਦੀ ਹੱਥ ਲਿਖਤ ਦੀ ਫੋਟੋ-ਕਾਪੀ ਵੀ ਛਾਪੀ ਹੋਈ ਸੀ। ਪੰਜਾਬੀ ਦਾ ਗੁਰਮੁਖੀ ਲਿਪੀ 'ਚ ਕੋਈ ਛਾਪਾ ਖਾਨਾ ਹੋਣਾ ਹੀ ਨਹੀਂ। ਪੰਜਾਬੀ ਦੀ ਲਿਖਤ ਮੈਂ ਉਵੇਂ ਦੀ ਉਵੇਂ ਉਤਾਰ ਦਿੱਤੀ ਹੈ ਤਾਂ ਕਿ ਲਿਖਾਈ ਦੀਆਂ ਗਲਤੀਆਂ ਪਾਠਕ ਆਪ ਕੱਢ ਸਕਣ।

ਹਕੀਮ ਸਾਹਿਬ ਬਦਾਮ ਰੋਗਨ ਦੇ ਫਾਇਦੇ ਦੱਸੀ ਗਏ : "ਇਹ ਦਿਮਾਗ ਤੇਜ਼ ਕਰਦਾ ਹੈ, ਬਿਨਾਈ ਨੂੰ ਤੇਜ਼ ਕਰਦਾ ਹੈ ....." ਮੈਨੂੰ ਇਹ ਨਹੀਂ ਸੀ ਪਤਾ ਕਿ ਬਿਨਾਈ ਕੀ ਹੁੰਦੀ ਹੈ, ਭੁੱਖ ਕਿ ਨਜ਼ਰ। ਪਰ ਮੈਂ ਸੁਣੀ ਗਿਆ। ਦੋਹਾਂ ਦੇਸ਼ਾਂ ਦੀ ਪੰਜਾਬੀ ਵਿਚ ਬਹੁਤ ਫਰਕ ਆ ਗਿਆ।

ਏਨੇ ਵਿਚ ਮੇਰੇ ਸਾਥੀ ਖਾਣਾ ਖਾ ਕੇ ਆ ਗਏ। ਦੁਕਾਨ ਤੋਂ ਬਾਹਰ ਖੜ੍ਹੇ ਉਹ ਮੈਨੂੰ ਸਿੱਧੀ ਢਾਬਾ ਸਮਝਾ ਰਹੇ ਸਨ। ਸਕੂਲਾਂ ਵਿੱਚ ਛੁੱਟੀ ਹੋ ਗਈ ਸੀ। ਅੱਠ ਦਸ ਬੱਚੇ ਸਾਡੇ ਕੋਲ ਖਲੋ ਕੇ ਹੈਰਾਨੀ ਨਾਲ ਵੇਖਣ ਲੱਗ ਪਏ। ਸ਼ਾਇਦ ਉਨ੍ਹਾਂ ਨੇ ਪਗੜੀਆਂ ਵਾਲੇ ਸਿੱਖ ਪਹਿਲੀ ਵਾਰ ਵੇਖੇ ਸਨ। ਇੱਕ ਬੱਚਾ ਬੋਲਿਆ, "ਤੁਸੀਂ ਕੌਣ ਓ ?" ਅਸੀਂ ਉਨ੍ਹਾਂ ਨੂੰ ਸਮਝਾਇਆ ਕਿ ਅਸੀਂ ਪੂਰਬੀ ਪੰਜਾਬ ਤੋਂ ਯਾਤਰਾ ਤੇ ਆਏ ਹਾਂ। "ਪੂਰਬੀ ਕੀ ਹੁੰਦਾ ਏ ? ਯਾਤਰਾ ਕੀ ਹੁੰਦੀ ਏ ?" ਇਹ ਕਹਿ ਕੇ, ਬਿਨਾਂ ਜਵਾਬ ਉਡੀਕੇ, ਉਹ ਹਸਦੇ ਹੋਏ ਚਲੇ ਗਏ। ਘੱਟੋ-ਘੱਟ ਉਨ੍ਹਾਂ ਨੂੰ ਯਕੀਨ ਹੋ ਗਿਆ ਲਗਦਾ ਸੀ ਕਿ ਅਸੀਂ ਕਿਸੇ ਹੋਰ ਗ੍ਰਹਿ ਤੋਂ ਆਏ ਹੋਏ ਜੀਵ ਨਹੀਂ, ਬਲਕਿ ਇਸੇ ਧਰਤੀ ਦੇ ਵਸਨੀਕ ਸਾਂ। ਦੇਸ਼ ਦੀ ਵੰਡ ਨੇ ਪੰਜਾਬ ਦੇ ਦੋਹਾਂ ਹਿੱਸਿਆਂ ਨੂੰ ਬਿਲਕੁਲ ਅਲੱਗ ਕਰ ਦਿੱਤਾ ਹੈ।

ਮੈਂ ਢਾਬੇ ਤੇ ਚਲਾ ਗਿਆ। ਛੋਟਾ ਜੇਹਾ, ਅਣਘੜ ਜੇਹੇ ਮੇਜ਼ ਕੁਰਸੀਆਂ ਵਾਲਾ ਖੋਖਾ ਜੇਹਾ ਸੀ। ਮੈਂ ਦਾਲ ਨਾਲ ਫੁਲਕਾ ਲੈ ਲਿਆ। ਰੋਟੀਆਂ ਉਹ ਬਹੁਤ ਵੱਡੀਆਂ ਪਕਾਉਂਦੇ ਹਨ। ਪਲੇਟ ਦੀ ਥਾਂ ਤੇ ਕਣਕ ਦੇ ਨਾੜ ਦੇ ਬਣੇ ਵੱਡੇ-ਵੱਡੇ ਛਾਬਿਆਂ ਵਿਚ ਗਾਹਕ ਅੱਗੇ ਰੋਟ ਰੱਖ ਦਿੰਦੇ ਹਨ। ਇੱਧਰੋਂ ਚੱਕੀ, ਉਧਰ ਰੱਖੀ। ਕੋਈ ਧੋਣ ਦੀ ਲੋੜ ਨਹੀਂ। ਛੋਟੇ ਜੇਹੇ ਟੈਲੀਵਿਜ਼ਨ ਤੇ ਕੋਈ ਹਿੰਦੁਸਤਾਨੀ ਫ਼ਿਲਮ ਚੱਲ ਰਹੀ ਸੀ। ਮਾਲਕ ਅਤੇ ਨੌਕਰ ਉਸ ਵਿਚ ਖੁੱਭੇ ਹੋਏ ਸਨ। ਪਹਿਲਾਂ ਤਾਂ ਪਾਣੀ ਲੈਣ ਲਈ ਕਈ ਵਾਰ ਕਹਿਣਾ ਪਿਆ। ਫਿਰ ਦੂਜੇ ਫੁਲਕੇ ਲਈ ਉਡੀਕਣਾ ਪਿਆ। ਉਨ੍ਹਾਂ ਦੀਆਂ ਦੋ ਰੋਟੀਆਂ ਹੀ ਧੰਨ-ਧੰਨ ਕਰਵਾ ਦਿੰਦੀਆਂ ਸਨ।

ਮੇਰੇ ਵਾਪਸ ਪਹੁੰਚਣ ਤੱਕ ਮੇਰੇ ਸਾਥੀ ਵਿਹਲੇ ਹੋ ਚੁੱਕੇ ਸਨ। ਮੈਂ ਵੀ ਇੱਕ ਲਿਟਰ ਬਦਾਮ ਰੋਗਨ ਹਕੀਮ ਦਾ ਬਣਾਇਆ ਹੋਇਆ ਹੀ ਲੈ ਲਿਆ। ਅਸੀਂ ਪੁੱਛਿਆ ਕਿ ਬਦਾਮਾਂ ਦੀ ਖਲ ਕਾਸ ਨੂੰ ਪਾਉਂਦੇ ਓ। "ਮੁਰਗੀਆਂ ਨੂੰ", ਹਕੀਮ ਨੇ ਦੱਸਿਆ। "ਤੁਹਾਡੀਆਂ ਮੁਰਗੀਆਂ ਵੀ ਬਦਾਮਾਂ ਦੀ ਖਲ ਖਾਂਦੀਆਂ ਹਨ। ਤਾਂ ਹੀ ਤਾਂ ਮੈਂ ਕਿਸੇ ਦੇ ਐਨਕ ਨਹੀਂ ਵੇਖੀ।" ਜੌਹਲ ਸਾਹਿਬ ਨੇ ਟਿੱਚਰ ਕੀਤੀ। ਸਾਰੇ ਹੱਸ ਪਏ ਅਤੇ ਅਸੀਂ ਬਾਹਰ ਆ ਗਏ।

"ਹਕੀਮ ਨੂੰ ਇਹ ਵੀ ਪੁੱਛ ਲੈਣਾ ਸੀ ਕਿ ਇੱਥੇ ਪੜ੍ਹੇ ਲਿਖੇ ਕਿੰਨੇ ਕੁ ਹਨ। ਐਨਕ ਕਾਹਦੇ ਨਾਲ ਲੱਗਣੀ ਹੈ ?" ਮੈਂ ਕਿਹਾ। ਮੁਸਕਰਾਉਂਦੇ ਹੋਏ ਅਸੀਂ ਉੱਥੋਂ ਤੁਰ ਪਏ। ਹਕੀਮ ਨੇ ਸਾਨੂੰ ਸਮਝਾ ਦਿੱਤਾ ਸੀ ਕਿ ਅਕਬਰੀ ਮੰਡੀ ਇੱਥੋਂ ਨੇੜੇ ਹੀ ਹੈ। ਵੈਨ ਵਾਲਾ ਤਾਂ ਵਨ-ਵੇ ਕਰਕੇ

ਵਿੰਗ ਟੇਢ ਪਾ ਕੇ ਆਇਆ ਸੀ। ਅਸੀਂ ਦਸ ਪੰਦਰਾਂ ਮਿੰਟਾਂ ਵਿੱਚ ਪੈਦਲ ਉਸੇ ਦੁਕਾਨ ਤੇ ਫਿਰ ਚਲੇ ਗਏ। ਅਸੀਂ ਆਪਣਾ-ਆਪਣਾ ਡ੍ਰਾਈ ਫਰੂਟ ਤੁਲਵਾ ਲਿਆ। ਬਦਾਮ, ਬਦਾਮ ਗਿਰੀ, ਚਿਲਗੋਜ਼ੇ (ਨਿਉਜ਼ੇ) ਪਿਸਤਾ, ਕਿਸ਼ਮਿਸ਼ — ਹਰ ਚੀਜ਼ 2-3 ਕਿਲੋ ਹਰ ਜਗ੍ਹਾ ਪਵਾ ਲਈ। ਉਨ੍ਹਾਂ ਨੇ ਸਾਡੇ ਲਿਫਾਫੇ ਕਪੜੇ ਦੇ ਥੈਲਿਆਂ ਵਿੱਚ ਪਾ ਕੇ ਉਪਰ ਅੰਗ੍ਰੇਜ਼ੀ ਵਿੱਚ ਮੋਟੇ ਮੋਟੇ ਨਾਮ ਲਿਖ ਦਿੱਤੇ। ਆਟੋ ਰਿਕਸ਼ਾ ਲੈ ਕੇ ਭੁੱਲਰ ਸਾਹਿਬ ਤਾਂ ਵਾਪਸ ਗੁਰਦੁਆਰਾ ਦੇਹਰਾ ਸਾਹਿਬ ਚਲੇ ਗਏ ਅਤੇ ਅਸੀਂ ਅਲੱਗ ਹੋਟਲ ਵੱਲ ਚਲੇ ਗਏ।

**ਹੋਟਲ ਸ਼ਹਿਰ ਲਾਹੌਰ ਦੇ :** ਸਾਡੇ ਪੁਰਾਣੇ ਵਿਦਿਆਰਥੀ ਬੇਅੰਤ ਸਿੰਘ, ਆਪਣੀ ਧਰਮ ਪਤਨੀ ਅਤੇ ਇੱਕ ਰਿਸਤੇਦਾਰ ਸਮੇਤ ਪਹਿਲੇ ਦਿਨ ਤੋਂ ਹੀ ਇੱਕ ਹੋਟਲ ਵਿਚ ਠਹਿਰੇ ਹੋਏ ਸਨ। ਉਹ ਹਰ ਰੋਜ਼ ਮੱਥਾ ਟੇਕਣ ਆਉਣ ਵੇਲੇ ਮਿਲ ਜਾਂਦੇ ਸਨ। ਅਸੀਂ ਵੀ ਸਮਾਨ ਸਹਿਤ ਸਿੱਧੇ ਉਸੇ ਹੋਟਲ ਚਲੇ ਗਏ। ਕਿਰਾਇਆ ਵਾਜਬ ਸੀ ਅਤੇ ਕਮਰੇ ਵੀ ਵਾਹਵਾ ਸਨ। ਤਿੰਨ ਮੰਜ਼ਲਾ ਹੋਟਲ ਸੀ। ਸਾਨੂੰ ਤੀਜੀ ਮੰਜ਼ਲ ਤੇ ਕਮਰਾ ਮਿਲਿਆ। ਸਮਾਨ ਰੱਖ ਕੇ ਅਸੀਂ ਬੇਅੰਤ ਸਿੰਘ ਹੋਰਾਂ ਨੂੰ ਮਿਲਣ ਚਲੇ ਗਏ। ਉਹ ਬਾਹਰ ਹੀ ਮਿਲ ਗਏ। ਕਾਫ਼ੀ ਘਬਰਾਏ ਹੋਏ ਸਨ। ਪਤਾ ਲੱਗਿਆ ਕਿ ਜਦੋਂ ਉਹ ਸਵੇਰੇ ਗੁਰਦੁਆਰਾ ਦੇਹਰਾ ਸਾਹਿਬ ਮੱਥਾ ਟੇਕਣ ਗਏ ਸਨ ਤਾਂ ਪਿੱਛੋਂ ਕਿਸੇ ਨੇ ਉਨ੍ਹਾਂ ਦਾ ਕਮਰਾ ਖੋਲ੍ਹ ਕੇ ਚੋਰੀ ਕਰ ਲਈ ਸੀ। ਅਟੈਚੀ ਤੋੜ ਕੇ ਖੋਲ੍ਹਿਆ ਸੀ, ਪਰ ਬਾਹਰਲਾ ਬੂਹਾ ਚਾਬੀ ਨਾਲ ਖੋਲ੍ਹਿਆ ਸੀ। ਉਨ੍ਹਾਂ ਦਾ ਤੀਜਾ ਸਾਥੀ ਨਾਲ ਨਹੀਂ ਸੀ। ਇਸ ਲਈ ਪਤਾ ਨਹੀਂ ਲੱਗ ਰਿਹਾ ਸੀ ਕਿ ਕਿੰਨਾ 'ਕੁ ਨੁਕਸਾਨ ਹੋਇਆ ਹੈ। ਮੈਨੇਜਰ ਕਹਿ ਰਿਹਾ ਸੀ ਕਿ ਅਜਿਹੀ ਵਾਰਦਾਤ ਪਹਿਲੀ ਵਾਰ ਹੋਈ ਹੈ। ਉਹ ਨੁਕਸਾਨ ਪੂਰਾ ਕਰਨ ਲਈ ਤਿਆਰ ਸੀ। ਅਸੀਂ ਉਨ੍ਹਾਂ ਨੂੰ ਦਿਲਾਸਾ ਦਿੱਤਾ ਕਿ ਨੁਕਸਾਨ ਦਾ ਪਤਾ ਕਰ ਲਓ। ਸ਼ਾਮ ਨੂੰ ਵੇਖਾਂਗੇ ਕਿ ਕੀ ਕਰਨਾ ਹੈ। ਅਸੀਂ ਜਲਦੀ ਗੁਰਦੁਆਰਾ ਸਾਹਿਬ ਚਲੇ ਗਏ ਤਾਂ ਕਿ ਉਨ੍ਹਾਂ ਦੇ ਤੀਜੇ ਸਾਥੀ ਨੂੰ ਭੇਜ ਸਕੀਏ। ਸਾਡੀ ਹਾਲਤ ਉਹ ਸੀ ਕਿ ਅਸਮਾਨ ਤੋਂ ਡਿੱਗਿਆ ਖਜੂਰ ਵਿੱਚ ਅਟਕਿਆ।

ਅਸੀਂ ਜਾਂ ਕੇ ਉਸ ਲੜਕੇ ਨੂੰ ਚੋਰੀ ਹੋ ਜਾਣ ਬਾਰੇ ਦੱਸਿਆ ਅਤੇ ਉਹ ਤੁਰੰਤ ਹੋਟਲ ਚਲਾ ਗਿਆ। ਹੋਟਲ ਚਾਰ, ਪੰਜ ਕਿਲੋਮੀਟਰ ਦੂਰ ਸੀ। ਘੰਟੇ 'ਕੁ ਬਾਅਦ ਬੇਅੰਤ ਸਿੰਘ ਹੋਰੀਂ ਆ ਗਏ। ਬਚਤ ਰਹਿ ਗਈ ਸੀ। ਬਹੁਤ ਘੱਟ ਸਮਾਨ ਚੋਰੀ ਹੋਇਆ ਸੀ। ਗੱਲ ਉੱਥੇ ਹੀ ਠੱਪ ਦਿੱਤੀ। ਅਸੀਂ ਚੌਕਸ ਹੋ ਗਏ। ਬਿਗਾਨੇ ਦੇਸ਼ 'ਚ ਸਾਡੀ ਕਿਸ ਨੇ ਸੁਣਨੀ ਸੀ।

**ਆਜ਼ਮ ਮਾਰਕੀਟ :** ਪਿਛਲੇ ਪਹਿਰ ਅਸੀਂ ਭੈਣ ਦਵਿੰਦਰ ਕੌਰ ਅਤੇ ਭੁੱਲਰ ਭੈਣ ਜੀ ਨੂੰ ਨਾਲ ਲੈ ਕੇ ਕਪੜਾ ਖਰੀਦਣ ਲਈ ਆਜ਼ਮ ਮਾਰਕੀਟ ਚਲੇ ਗਏ। ਬੇਅੰਤ ਸਿੰਘ ਹੋਰੀਂ ਵੀ ਨਾਲ ਸਨ। ਅਸੀਂ ਕੁਝ ਅੱਛੀਆਂ ਦੁਕਾਨਾਂ ਪਹਿਲਾਂ ਹੀ ਨਿਗ੍ਹਾ ਵਿਚ ਕਰ ਚੁੱਕੇ ਸਾਂ। ਪਹਿਲਾਂ ਉਹਨਾਂ ਨੂੰ 'ਸਫੀਨਾ ਬਲਾਕ' ਵਿੱਚ 'ਬਦਰ ਸ਼ਫੂਨ' ਦੀ ਦੁਕਾਨ ਤੇ ਲੈ ਗਏ। ਉਨ੍ਹਾਂ ਦਾ ਥੋਕ ਦਾ ਕੰਮ ਸੀ। ਛੋਟੀ ਜੇਹੀ, ਦੋ ਮੰਜ਼ਲੀ ਕੋਨੇ ਵਾਲੀ ਦੁਕਾਨ ਸੀ। ਨੌਕਰ ਪੈਕਟ ਬਣਾ ਕੇ ਸੀਅ ਰਹੇ ਸਨ। ਉਨ੍ਹਾਂ ਦਾ ਮਾਲ ਕੋਰੀਅਰ ਵਗੈਰਾ ਰਾਹੀਂ ਬਾਹਰ ਜ਼ਿਆਦਾ ਜਾਂਦਾ ਲਗਦਾ ਸੀ। ਉਹ ਜ਼ਿਦ ਕਰ ਰਹੇ ਸਨ ਕਿ ਪੂਰੇ ਥਾਨ ਲੈ ਲਵੋ। ਅਸੀਂ ਕੱਟ ਕੇ ਨਹੀਂ ਵੇਚਦੇ। ਸਾਡੀ ਮੁਸ਼ਕਲ ਇਹ ਸੀ ਪੂਰੇ ਥਾਨਾਂ ਤੇ ਕਸਟਮਜ਼ ਡਿਊਟੀ ਲੱਗ ਜਾਣੀ ਸੀ। ਮਾਲਕ ਬਹੁਤ ਖੁਸ਼ਕ ਅਤੇ ਰੋਹਬ ਵਾਲਾ ਸੀ। ਨੌਕਰਾਂ ਨੂੰ ਭਜ ਭਜ ਪੈਂਦਾ ਸੀ। ਸਾਨੂੰ ਬੋਲਿਆ, "ਤੁਸੀਂ ਸਾਡੇ ਮਹਿਮਾਨ ਜੇ। ਲੋਕਲ ਗਾਹਕ ਕੱਟ ਕੇ ਵੇਚਣ ਨੂੰ ਕਹਿਣ ਤਾਂ ਅਸੀਂ ਅਗਲੀ ਦੁਕਾਨ ਵਿਖਾ ਦਿੰਦੇ ਹਾਂ।" ਤਰੀਕੇ ਨਾਲ ਉਹ ਸਾਨੂੰ ਚਲੇ ਜਾਣ ਲਈ ਕਹਿ ਵੀ ਗਿਆ। ਉਸ ਦਾ ਮਾਲ ਅਤੇ ਰੇਟ ਠੀਕ ਸੀ। ਅਸੀਂ

ਢੀਠ ਹੋ ਕੇ ਉਸ ਨੂੰ ਪੂਰੇ ਥਾਨਾਂ ਦੇ ਟੁਕੜੇ ਕਰਕੇ ਦੇਣ ਲਈ ਮਨਾ ਹੀ ਲਿਆ।

ਦਵਿੰਦਰ ਭੈਣ ਜੀ ਲਈ ਦੂਜੀ ਮੁਸੀਬਤ ਮੈਂ ਖੜ੍ਹੀ ਕਰ ਦਿੱਤੀ। ਸਾਡੇ ਪਰਿਵਾਰ ਵਿਚ ਕੋਈ ਵੀ ਲੇਡੀ ਸਾਡੇ ਪੰਜ ਫੁੱਟ ਤੋਂ ਘੱਟ ਨਹੀਂ। ਭੁੱਲਰ ਭੈਣ ਜੀ ਵੀ ਲੰਬੇ ਹਨ। ਇਸ ਲਈ ਦੁਪੱਟੇ ਵੱਡੇ ਛੋਟੇ ਚਾਹੀਦੇ ਸਨ। ਪਰ ਭੈਣ ਜੀ ਹੋਰੀਂ ਬਹੁਤ ਹੀ ਸਮਝਦਾਰ, ਸੁਘੜ ਅਤੇ ਹਿਸਾਬੀ ਹਨ। ਸਾਡੀਆਂ ਪਰਚੀਆਂ ਅਸੀਂ ਦਵਿੰਦਰ ਭੈਣ ਜੀ ਨੂੰ ਫੜਾ ਦਿੱਤੀਆਂ। ਮੈਨੂੰ ਪਿਛਲੇ ਦਿਨ ਬਹੁਤ ਬੁਰੀ ਤਰ੍ਹਾਂ ਜ਼ੁਕਾਮ ਲੱਗ ਗਿਆ ਸੀ। ਮੈਂ ਛਿੱਕਾਂ ਮਾਰਨ ਲਈ ਗਲੀ ਵਿਚ ਚਲਾ ਗਿਆ। ਫਿਰ ਸਾਹਮਣੀ ਖੁੱਲ੍ਹੀ ਦੁਕਾਨ ਵਿੱਚ ਬੈਠ ਗਿਆ। ਪੈਸੇ ਦੇਣ ਵੇਲੇ ਹੀ ਵਾਪਸ ਗਿਆ। 18 ਮੀਟਰ ਸ਼ਫੂਨ ਦੇ 950 ਪਾਕਿਸਤਾਨੀ ਰੁਪਏ ਬਣੇ ਸਨ। ਉਨ੍ਹਾਂ ਨੇ ਬਿਲ ਵੀ ਕੱਟੇ। ਬਿਲ ਹੇਠ ਲਿਖਿਆ ਸੀ, "ਖਰੀਦਾ ਹੂਆ ਮਾਲ ਵਾਪਸ ਯਾ ਤਬਦੀਲ ਹੋ ਸਕਤਾ ਹੈ।" ਘੱਟ ਦੁਕਾਨਦਾਰ ਹੀ ਇਸ ਤਰ੍ਹਾਂ ਲਿਖਦੇ ਹਨ। ਤਾਂ ਹੀ ਤਾਂ ਰੋਹਬ ਨਾਲ ਵੇਚਦਾ ਸੀ। ਵੈਸੇ ਜਾਣ ਤੋਂ ਪਹਿਲਾਂ ਉਸਨੇ ਸਾਨੂੰ ਚਾਹ ਵੀ ਧੱਕੇ ਨਾਲ ਪਿਆਈ। ਐਵੇਂ ਤਾਂ ਨਹੀਂ ਨਾ ਕਹਿੰਦੇ ਕਿ ਕਰੜੇ ਅਖਰੋਟ ਦੀ ਗਿਰੀ ਮਿੱਠੀ ਹੁੰਦੀ ਹੈ।

ਉਸ ਤੋਂ ਬਾਅਦ ਲੇਡੀਜ਼ ਸੂਟਾਂ ਲਈ ਚਿਰਗਨ ਖਰੀਦਣੀ ਸੀ। ਇਸ ਵਾਸਤੇ ਇਕ ਕਾਫ਼ੀ ਲੰਬੇ ਬਜ਼ਾਰ ਵਿੱਚ ਦੁਕਾਨ ਠੀਕ ਆਈ। ਦੁਕਾਨ ਵੀ ਕਾਫ਼ੀ ਲੰਬੀ ਸੀ। ਪਰ, ਅਸੀਂ ਸਭ ਕੁਝ ਭੈਣ ਜੀ ਹੋਰਾਂ ਦੇ ਜ਼ਿੰਮੇ ਲਾ ਕੇ ਬਾਹਰ ਹੀ ਖੜ੍ਹੇ ਰਹੇ। ਸੂਟਾਂ ਦੀ ਲੰਬਾਈ ਦੇ ਹਿਸਾਬ ਕੱਪੜਾ ਪਾੜ ਕੇ ਦੇਣ ਨੂੰ ਇਹ ਵੀ ਤਿਆਰ ਨਹੀਂ ਸਨ। ਪਰ ਇਹ ਦੁਕਾਨਦਾਰ ਹਸਮੁਖ ਜਿਹਾ ਸੀ ਅਤੇ ਛੇਤੀ ਹੀ ਮੰਨ ਗਿਆ। ਦਵਿੰਦਰ ਭੈਣ ਜੀ ਨੇ ਮੈਨੂੰ ਬੁਲਾ ਕੇ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਜੇ ਇਸ ਤਰਾਂ ਕਰਦੇ ਹਾਂ, ਤਾਂ ਤੁਹਾਡਾ ਇੱਕ ਸੂਟ ਛੋਟਾ ਰਹੇਗਾ, ਜੇ ਇਸ ਤਰਾਂ ਕਰਦੇ ਹਾਂ ਤਾਂ ਚਾਰ ਦੀ ਥਾਂ ਪੰਜ ਲੈਣੇ ਪੈਣਗੇ। ਮੈਂ ਕਿਹਾ, "ਭੈਣ ਜੀ, ਮੈਨੂੰ ਇਸ ਬਾਰੇ ਕੱਖ ਸਮਝ ਨਹੀਂ। ਮੈਂ ਤਾਂ ਕਦੇ ਆਪਣੇ ਕੁੜਤੇ ਪਜਾਮੇ ਦਾ ਕੱਪੜਾ ਵੀ ਆਪ ਨਹੀਂ ਖਰੀਦਿਆ। ਚਲੋ ਇੱਕ ਵੱਧ ਲੈ ਲਓ। ਘੱਟ ਨਾਲ ਤਾਂ ਘਰ ਜਾ ਕੇ ਜੁੱਤੀਆਂ ਪੈਣਗੀਆਂ।" ਸਾਰੇ ਹੱਸ ਪਏ ਅਤੇ ਮੈਂ ਬਾਹਰ ਆ ਕੇ ਖਲੋ ਗਿਆ।

**ਪਾਕਿਸਤਾਨ ਵਿੱਚ ਅੰਗਰੇਜ਼ੀ ਦਾ ਪੱਧਰ** : ਆਪਣਾ ਆਪਣਾ ਕੱਪੜਾ ਸੰਭਾਲ ਕੇ ਅਸੀਂ ਹੋਰ ਛੋਟੀ ਮੋਟੀ ਖਰੀਦਾਰੀ ਲਈ ਅਲੱਗ ਹੋ ਗਏ। ਭੁੱਲਰ ਭੈਣ ਜੀ ਹੋਰੀਂ 'ਸੇਠੀ ਸ਼ੂਜ਼' ਦੀ ਦੁਕਾਨ ਵਿੱਚ ਚਲੇ ਗਏ। ਇਹ ਲੋਕ ਸਾਡੇ ਵਿੱਚੋਂ ਹੀ ਹਨ। ਕੋਈ ਸੇਠੀ ਹੈ, ਕੋਈ ਚਾਵਲਾ। ਕੋਈ ਚੀਮਾ ਹੈ, ਕੋਈ ਘੁੰਮਣ। ਬੀ.ਬੀ.ਸੀ. ਦੇ ਉਰਦੂ ਪ੍ਰੋਗਰਾਮ ਵਿੱਚ ਇੱਕ ਸਿੱਧੂ ਭਾਈ ਹੁੰਦਾ ਸੀ। ਧਰਮ ਦੀ ਦੀਵਾਰ ਨੇ ਇਨ੍ਹਾਂ ਨੂੰ ਸਾਥੋਂ ਅਲੱਗ ਕਰ ਦਿੱਤਾ। ਵਰਨਾ ਬੋਲੀ ਉਹੀ, ਖ਼ੂਨ ਤੇ ਜਾਤ-ਗੋਤ ਵੀ ਉਹੀ।

ਅਸੀਂ ਹੋਰ ਕੋਈ ਖਾਸ ਚੀਜ਼ ਨਹੀਂ ਲੈਣੀ ਸੀ। ਇੱਕ ਰੇਹੜੀ ਵਾਲੇ ਕੋਲ ਚੀਨ ਦੇ ਤਾਲੇ ਸਨ। ਜੌਹਲ ਸਾਹਿਬ ਨੇ ਸੌਦੇਬਾਜ਼ੀ ਕਰਕੇ ਆਪਣਾ ਸ਼ੁਗਲ ਪੂਰਾ ਕਰ ਲਿਆ। ਅਸੀਂ ਕੁਝ ਤਾਲੇ ਲੈ ਲਏ। ਵਾਪਸ ਜਾ ਕੇ ਵੰਡਣ ਨੂੰ ਕੋਈ ਤਾਂ ਨਿਸ਼ਾਨੀ ਚਾਹੀਦੀ ਸੀ।

ਅਸੀਂ ਰੇਹੜੀ ਤੋਂ ਤੁਰੇ ਹੀ ਸਾਂ ਕਿ ਸਾਹਮਣੇ ਤੋਂ ਆ ਰਹੇ ਇਕ ਪੜ੍ਹੇ ਲਿਖੇ ਮੱਧ ਵਰਗ ਦੇ ਜੋੜੇ ਨੇ ਸਾਨੂੰ ਰੋਕ ਲਿਆ। ਔਰਤ ਨੇ ਬੁਰਕਾ ਨਹੀਂ ਪਾਇਆ ਹੋਇਆ ਸੀ। ਲਾਹੌਰ ਦੇ ਬਾਜ਼ਾਰਾਂ ਵਿੱਚ ਔਰਤਾਂ ਬਹੁਤ ਹੀ ਘੱਟ ਨਜ਼ਰ ਆਉਂਦੀਆਂ ਹਨ। ਜੋ ਵੀ ਅਸੀਂ ਵੇਖੀਆਂ, ਉਨ੍ਹਾਂ 'ਚੋਂ ਕਿਸੇ ਦੇ ਬੁਰਕਾ ਨਹੀਂ ਵੇਖਿਆ। ਹਾਂ, ਆਪਣੇ ਵਾਲੀ ਤੜਕ ਭੜਕ ਅਤੇ ਸ਼ੌਕੀਨੀ ਨਹੀਂ

ਹੈ। ਘੱਟੋ-ਘੱਟ ਬਜ਼ਾਰਾਂ ਵਿੱਚ ਨਹੀਂ।

ਉਸ ਮੁਟਿਆਰ ਨੇ ਸਾਡੇ ਸਾਹਮਣੇ ਹੀ ਆਪਣੇ ਸ਼ੌਹਰ ਤੋਂ ਸਾਡੇ ਨਾਲ ਗੱਲ ਕਰਨ ਦੀ ਇਜਾਜ਼ਤ ਲਈ। ਦੋ ਰਿਟਾਇਰਡ ਕਾਲਜ ਅਧਿਆਪਕਾਂ ਨਾਲ ਗੱਲ ਕਰਨ ਲਈ ਵੀ ਇਜਾਜ਼ਤ ਜ਼ਰੂਰੀ ਸੀ। ਉਧਰ ਜੇ ਕੋਈ ਅਸਲੀ ਦਲਿਤ ਵਰਗ ਹੈ ਤਾਂ ਉਹ ਔਰਤਾਂ ਹਨ। ਉਸ ਔਰਤ ਨੇ ਦੱਸਿਆ ਕਿ ਉਹ ਬੀ.ਏ. ਪਾਸ ਸੀ। ਸਕੂਲ ਵਿੱਚ ਪੜ੍ਹਾਉਂਦੀ ਸੀ। ਅੰਗ੍ਰੇਜ਼ੀ ਪੜ੍ਹ ਲਿਖ ਲੈਂਦੀ ਸੀ, ਪਰ ਬੋਲੀ ਨਹੀਂ ਜਾਂਦੀ ਸੀ। ਉਹ ਬੋਲੀ, "ਤੁਹਾਡੇ ਮੁਲਕ ਦੀਆਂ ਔਰਤਾਂ ਟੀ.ਵੀ. ਇੰਟਰਵਿਊ ਵੇਲੇ ਫਰਰ-ਫਰਰ ਅੰਗ੍ਰੇਜ਼ੀ ਬੋਲਦੀਆਂ ਹਨ। ਸਾਥੋਂ ਨਹੀਂ ਬੋਲੀ ਜਾਂਦੀ। ਇਸ ਦੀ ਕੀ ਵਜ੍ਹਾ ਹੈ ?"

ਅਜੀਬ ਕਿਸਮ ਦਾ ਅਹਿਸਾਸੇ-ਕਮਤਰੀ ਸੀ। ਅਸੀਂ ਉਨ੍ਹਾਂ ਨੂੰ ਸਚਾਈ ਨਹੀਂ ਦੱਸਣਾ ਚਾਹੁੰਦੇ ਸਾਂ ਕਿ ਸਾਡੇ ਵੀ ਬੀ.ਏ. ਪਾਸ ਲੋਕ ਅੰਗ੍ਰੇਜ਼ੀ ਵਿੱਚ ਅਰਜ਼ੀ ਨਹੀਂ ਲਿਖ ਸਕਦੇ। ਅੰਗ੍ਰੇਜ਼ੀ ਬੋਲਣੀ ਤਾਂ ਕਿਤੇ ਦੂਰ ਦੀ ਗੱਲ ਰਹੀ। ਜਿਹੜੀਆਂ ਲੜਕੀਆਂ ਉਸ ਵਿਚਾਰੀ ਨੇ ਟੀ.ਵੀ. ਤੇ ਵੇਖੀਆਂ ਸਨ, ਉਹ ਧਨਾਢ ਘਰਾਂ ਦੀਆਂ ਕਾਨਵੈਂਟ ਅਤੇ ਪਬਲਿਕ ਸਕੂਲਾਂ ਵਿੱਚ ਪੜ੍ਹੀਆਂ ਹੋਈਆਂ ਸਨ। ਅਚਾਨਕ ਮੇਰੇ ਦਿਮਾਗ ਵਿੱਚ ਭਾਰਤ ਦੇ ਭੂਤਪੂਰਵ ਰੱਖਿਆ ਮੰਤਰੀ, ਸ੍ਰੀ ਕ੍ਰਿਸ਼ਨਾ ਮੈਨਨ, ਦੀ ਗੱਲ ਯਾਦ ਆਈ। ਜਦੋਂ ਅਸੀਂ ਚੰਡੀਗੜ੍ਹ ਐਮ.ਏ. (ਅੰਗ੍ਰੇਜ਼ੀ) ਕਰ ਰਹੇ ਸਾਂ ਤਾਂ ਉਹ ਯੂਨੀਵਰਸਿਟੀ ਵਿੱਚ ਭਾਸ਼ਣ ਦੇਣ ਆਏ ਸਨ। ਉਨ੍ਹਾਂ ਨੇ ਕਿਹਾ ਸੀ ਕਿ ਵਿਦੇਸ਼ਾਂ ਵਿੱਚ ਜਾ ਕੇ ਆਪਣੇ ਦੇਸ਼ ਦਾ ਮਾਣ ਰੱਖਣ ਲਈ ਕਈ ਵਾਰ ਮਾਮੂਲੀ ਝੂਠ ਵੀ ਬੋਲਣਾ ਪੈਂਦਾ ਹੈ। (ਮੈਨੂੰ ਯਾਦ ਹੈ, ਇਸ ਨੂੰ ਉਨ੍ਹਾਂ ਨੇ Functional lies ਕਿਹਾ ਸੀ। ਸੰਯੁਕਤ ਰਾਸ਼ਟਰ ਵਿੱਚ ਕਿਸੇ ਨੇ ਉਨ੍ਹਾਂ ਤੋਂ ਪੁੱਛਿਆ ਸੀ ਕਿ ਭਾਰਤ ਵਿਚ ਐਨੇ ਬੱਚੇ ਪ੍ਰਾਇਮਰੀ ਪੱਧਰ ਤੇ ਹੀ ਕਿਉਂ ਸਕੂਲ ਛੱਡ ਜਾਂਦੇ ਹਨ। ਮੈਨਨ ਸਾਹਿਬ ਨੇ ਝੂਠ ਬੋਲ ਦਿੱਤਾ ਸੀ ਕਿ ਇਹ ਗੱਲ ਗਲਤ ਹੈ।)

ਅਸੀਂ ਵੀ ਉਹ ਹੀ ਕੰਮ ਕੀਤਾ। ਅਸੀਂ ਕਿਹਾ, "ਅਸੀਂ ਦੋਵੇਂ ਸਾਰੀ ਉਮਰ ਕਾਲਜਾਂ ਵਿੱਚ ਅੰਗ੍ਰੇਜ਼ੀ ਪੜ੍ਹਾਉਂਦੇ ਰਹੇ ਹਾਂ। ਸਾਡੇ ਦੇਸ਼ ਵਿੱਚ ਅੰਗ੍ਰੇਜ਼ੀ ਦਾ ਪੱਧਰ ਕਾਫ਼ੀ ਉੱਚਾ ਹੈ। ਅੰਗ੍ਰੇਜ਼ੀ ਬੋਲਣ ਲਈ ਸਪੈਸ਼ਲ ਕੋਰਸ ਹਨ। ਜ਼ਿਆਦਾਤਰ ਵਿਦਿਆਰਥੀ ਅੱਛੀ ਅੰਗ੍ਰੇਜ਼ੀ ਬੋਲ ਲੈਂਦੇ ਹਨ।" ਉਹ ਆਦਮੀ ਗੰਭੀਰ ਜਿਹਾ ਖੜ੍ਹਾ ਸੀ। ਇਸ ਲਈ ਗੱਲਬਾਤ ਦੋ ਚਾਰ ਮਿੰਟ ਹੀ ਹੋਈ। ਉਹ ਅੰਗ੍ਰੇਜ਼ੀ ਬੋਲਣ ਦੀ ਸ਼ੌਕੀਨ ਵਿਚਾਰੀ ਸ਼ਰੀਫ ਜਿਹੀ ਔਰਤ ਨਿੰਮੋਝੂਣੀ ਜੇਹੀ ਹੋ ਕੇ ਚਲੀ ਗਈ। ਸਾਨੂੰ ਝੂਠ ਬੋਲ ਕੇ ਉਸ ਉੱਤੇ ਤਰਸ ਆਇਆ।

**ਲਾਹੌਰ ਦੀ ਸ਼ਾਮ** : ਪਿਛਲੇ ਦਿਨਾਂ ਵਿੱਚ ਅਸੀਂ ਹਨੇਰਾ ਹੋਣ ਤੋਂ ਪਹਿਲਾਂ ਹੀ ਵਾਪਸ ਚਲੇ ਜਾਂਦੇ ਸਾਂ। ਅੱਜ ਹਨੇਰਾ ਹੋ ਗਿਆ। ਜਿਵੇਂ ਮੈਂ ਪਹਿਲਾਂ ਵੀ ਦੱਸਿਆ ਹੈ, ਲਾਹੌਰ ਦੇ ਆਟੋ ਰਿਕਸ਼ਾ ਅਤੇ ਵੈਨ ਬਹੁਤ ਹੀ ਜ਼ਿਆਦਾ ਧੂੰਆਂ ਛਡਦੇ ਹਨ। ਕੋਈ ਪ੍ਰਦੂਸ਼ਨ ਕੰਟਰੋਲ ਨਹੀਂ ਜਾਪਦਾ। ਆਪਣੇ ਵੀ ਇਹ ਹੈ ਤਾਂ ਨਿਰਾ ਪਖੰਡ, ਪਰ ਘੱਟੋ ਘੱਟ ਕੁਝ ਤਾਂ ਰੋਕ ਹੈ। ਸ਼ਾਮ ਨੂੰ ਲਾਹੌਰ ਦੇ ਬਾਜ਼ਾਰ ਧੂੰਏ ਦੇ ਬੱਦਲਾਂ ਵਿੱਚ ਘਿਰ ਜਾਂਦੇ ਹਨ। ਉਸ ਵਿੱਚ ਧੂੜ ਮਿਲ ਜਾਂਦੀ ਹੈ। ਸਾਹ ਲੈਣਾ ਔਖਾ ਹੋ ਜਾਂਦਾ ਹੈ।

ਬਾਜ਼ਾਰਾਂ ਵਿੱਚੋਂ ਇਕ ਅਜੀਬ ਜਿਹੀ ਕੱਚੀ ਕੱਚੀ ਬੋ ਆਉਂਦੀ ਹੈ। ਇਹ ਤੰਬਾਕੂ ਦੇ ਧੂੰਏ, ਨਸਵਾਰ ਦੀ ਬੋ, ਚਰਬੀ ਦੇ ਤੜਕੇ, ਘੋੜਿਆਂ ਦੀ ਲਿੱਦ, ਪਾਨ ਦੀਆਂ ਪਿਚਕਾਰੀਆਂ ਅਤੇ ਹੋਰ ਪਤਾ ਨਹੀਂ ਕੀ ਕੀ ਮਿਲ ਕੇ ਹਰ ਪਾਸੇ ਫੈਲ ਜਾਂਦੀ ਹੈ। ਦਿਨ ਨੂੰ ਘੱਟ ਹੁੰਦੀ ਹੈ, ਪਰ ਸ਼ਾਮ ਨੂੰ ਇਕ ਦਮ ਵੱਧ ਜਾਂਦੀ ਹੈ। ਅਸੀਂ ਨਿੱਕ ਸੁੱਕ ਪਾਉਣ ਲਈ ਇੱਕ ਇੱਕ ਬੈਗ

ਖਰੀਦਣਾ ਸੀ। ਜਲਦੀ ਜਲਦੀ ਬੈਗ ਖਰੀਦ ਕੇ ਆਟੋ ਫੜੀ ਅਤੇ ਵਾਪਸ ਗੁਰਦੁਆਰਾ ਸਾਹਿਬ ਚਲੇ ਗਏ। ਉੱਥੇ ਜਾ ਕੇ ਸੁਖ ਦਾ ਸਾਹ ਲਿਆ।

**ਤੋਹਫੇ ਲਿਆਉਣ ਬਾਰੇ ਵਿਵਾਦ :** ਲਾਹੌਰ ਵਿਚ ਇਹ ਸਾਡੀ ਆਖਰੀ ਸ਼ਾਮ ਸੀ। ਅਸੀਂ ਮੱਥਾ ਟੇਕਣ, ਆਪਣੇ ਸਾਥੀਆਂ ਨੂੰ ਅਲਵਿਦਾ ਕਹਿਣ ਅਤੇ ਲੰਗਰ ਛਕਣ ਲਈ ਗੁਰਦੁਆਰਾ ਸਾਹਿਬ ਗਏ ਸਾਂ। ਮੱਥਾ ਟੇਕ ਕੇ ਚਾਹ ਪੀਤੀ ਅਤੇ ਫਿਰ ਉਹ ਘੁਰਨੇ ਵਰਗੇ ਕਮਰੇ ਵਿੱਚ ਜਾ ਕੇ ਬੈਠ ਗਏ। ਉਹ ਕਮਰਾ ਆਪਣੇ ਆਪ ਵਿੱਚ ਇਕ ਦੁਨੀਆਂ ਸੀ। ਪਿੱਛੇ ਇਕ ਵੱਡੀ ਸਾਰੀ ਸਟੀਲ ਦੀ ਅਲਮਾਰੀ ਸੀ ਜਿਸ ਵਿਚ ਲਾਕਰਾਂ ਵਾਂਗ ਖਾਨੇ ਬਣੇ ਹੋਏ ਸਨ। ਉਨ੍ਹਾਂ ਵਿੱਚ ਬਾਹਰੋਂ ਆਏ ਹੋਏ ਵਪਾਰੀ ਤਾਲੇ-ਕੁੰਜੀ ਹੇਠ ਆਪਣਾ ਸਮਾਨ ਰਖਦੇ ਸਨ। ਦੋ ਸਿੱਖ ਨੌਜਵਾਨ ਸਵੇਰੇ ਸ਼ਾਮ ਇੱਥੇ ਕੁਝ ਰੱਖਣ ਜਾਂ ਕੱਢਣ ਆਉਂਦੇ ਰਹੇ ਸਨ। ਉਨ੍ਹਾਂ ਕੋਲ ਛੇ-ਛੇ ਮਹੀਨੇ ਦਾ ਬਿਜ਼ਨਸ ਵੀਜ਼ਾ ਸੀ ਅਤੇ ਇਹ ਕਮਰਾ ਉਨ੍ਹਾਂ ਦਾ ਸੀ। ਹੁਣ ਕਿਤੇ ਹੋਰ ਸੌਂ ਜਾਂਦੇ ਸਨ। ਸਾਨੂੰ ਪਹਿਲੀ ਵਾਰ ਪਤਾ ਲੱਗਿਆ ਕਿ ਇਸ ਤਰ੍ਹਾਂ ਦਾ ਵੀਜ਼ਾ ਵੀ ਹੁੰਦਾ ਹੈ। ਇੱਕ ਕਾਬਲ (ਅਫਗਾਨਿਸਤਾਨ) ਤੋਂ ਆਇਆ ਹੋਇਆ ਲੰਬਾ ਚੌੜਾ ਸਿੱਖ ਨੌਜਵਾਨ ਸੀ। ਉਹ ਡ੍ਰਾਈ ਫਰੂਟ ਸਪਲਾਈ ਕਰਦਾ ਸੀ। ਦੂਸਰਾ ਨੌਜਵਾਨ ਦਿੱਲੀ ਦਾ ਸੀ ਅਤੇ ਕਪੜਾ ਸਪਲਾਈ ਕਰਦਾ ਸੀ।

ਬੈਠੇ-ਬੈਠੇ ਇਹ ਬਹਿਸ ਛਿੜ ਪਈ ਕਿ ਤੀਰਥ ਯਾਤਰਾ ਤੇ ਆ ਕੇ ਏਧਰੋਂ ਸਮਾਨ ਲਿਜਾਣਾ ਚਾਹੀਦਾ ਹੈ ਕਿ ਨਹੀਂ। ਸਾਡੀ ਰਾਇ ਸੀ ਕਿ ਤੋਹਫੇ ਦੇਣ ਲਈ ਜਾਂ ਨਿੱਜੀ ਵਰਤੋਂ ਲਈ ਕੁਝ ਅਜਿਹੀਆਂ ਚੀਜ਼ਾਂ ਲਿਜਾਣ ਦਾ ਕੋਈ ਹਰਜ ਨਹੀਂ ਜਿਹੜੀਆਂ ਏਧਰ ਅੱਛੀਆਂ ਅਤੇ ਸਸਤੀਆਂ ਹਨ। ਪੈਸਾ ਕਮਾਉਣ ਲਈ ਸਮਾਨ ਲਿਆਉਣਾ ਜਾ ਲੈ ਕੇ ਜਾਣਾ ਗਲਤ ਹੈ। ਇੱਕ ਖਰਾਦ ਦਾ ਕੰਮ ਕਰਨ ਵਾਲਾ ਚੀਨ ਦੀ ਬਣੀ ਹੋਈ 25-30 ਕਿਲੋ ਦੀ ਡ੍ਰਿੱਲ ਲਿਆਇਆ ਸੀ। ਉਹ ਕਹਿੰਦਾ ਸੀ ਕਿ ਭਾਰਤ ਵਿੱਚ ਇਸ ਤੋਂ ਘਟੀਆ ਮਾਲ ਚਾਰ ਗੁਣਾ ਕੀਮਤ ਤੇ ਮਿਲਦਾ ਹੈ। ਅਸੀਂ ਉਸ ਦੀ ਖਰੀਦ ਨੂੰ ਵੀ ਗਲਤ ਨਹੀਂ ਕਹਿੰਦੇ ਸਾਂ।

ਸਾਡੇ ਨਾਲ ਦਾ ਇਕ ਜੋੜਾ ਬਿਲਕੁਲ ਖਾਲੀ ਹੱਥ ਜਾਣ ਦੇ ਹੱਕ ਵਿੱਚ ਸੀ। ਉਹ ਕੁਝ ਨਹੀਂ ਬੋਲੇ ਪਰ ਉਨ੍ਹਾਂ ਦੀ ਵਿਅੰਗਮਈ ਮੁਸਕਾਣ ਬਹੁਤ ਕੁਝ ਕਹਿ ਰਹੀ ਸੀ। ਸਮਾਨ ਖਰੀਦਣ ਨੂੰ ਉਹ ਸ਼ਰਧਾ ਦੀ ਕਮੀ ਸਮਝਦੇ ਸਨ। ਇਸ ਬਾਰੇ ਪਿਛਲੇ ਦਿਨਾਂ ਵਿੱਚ ਕਾਫ਼ੀ ਬਹਿਸ ਹੋ ਚੁੱਕੀ ਸੀ। ਏਨੇ ਵਿੱਚ ਲੇਡੀਜ਼ ਨੇ ਕਪੜਾ ਕੱਢ ਕੇ ਫਿਰ ਵੇਖਣਾ ਸ਼ੁਰੂ ਕਰ ਦਿੱਤਾ। ਉਹ ਕਹਿਣ ਕਿ ਏਹੋ ਜੇਹੀ ਕਢਾਈ ਤਾਂ ਆਪਣੇ ਹੁੰਦੀ ਹੀ ਨਹੀਂ। ਉਸ ਸ਼ਰਧਾਲੂ ਔਰਤ ਦਾ ਮਨ ਡੋਲ ਗਿਆ। ਉਹ ਬੋਲੀ, "ਇੱਕ ਸੂਟ ਤਾਂ ਮੈਂ ਵੀ ਲੈਣਾ ਸੀ।" ਉਸ ਦੇ ਪਤੀ ਦੀ ਘੂਰੀ ਦਾ ਕੋਈ ਅਸਰ ਨਾ ਹੋਇਆ। ਮੇਰੇ ਕੋਲ ਇਕ ਸੂਟ ਵਾਧੂ ਸੀ। ਉਹ ਉਸਨੇ ਲੈ ਲਿਆ। ਉਸਦਾ ਪਤੀ ਗੁੱਸੇ ਵਿਚ ਉੱਪਰ ਚਾਦਰ ਲੈ ਕੇ ਪੈ ਗਿਆ। ਹੁਣ ਅਸੀਂ ਮੁਸਕਰਾ ਰਹੇ ਸਾਂ : "ਨਾ ਖ਼ੁਦਾ ਹੀ ਮਿਲਾ, ਨਾ ਵਿਸਾਲੇ ਸਨਮ; ਨਾ ਇਧਰ ਕੇ ਰਹੇ ਨਾ ਉਧਰ ਕੇ ਰਹੇ।"

**ਹੋਟਲ ਵਿੱਚ ਆਖਰੀ ਰਾਤ :** ਲੰਗਰ ਛਕ ਕੇ ਅਸੀਂ ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਅੱਗੇ ਸੀਸ ਝੁਕਾਇਆ ਅਤੇ ਵਾਪਸ ਹੋਟਲ ਚਲੇ ਗਏ। ਬੇਅੰਤ ਸਿੰਘ ਹੋਰਾਂ ਨੇ ਚੋਰੀ ਦੀ ਗੱਲ ਆਈ ਗਈ ਕਰ ਦਿੱਤੀ ਸੀ। ਮੈਨੇਜਰ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਤਿੰਨ ਚਾਰ ਕਮਰਿਆਂ ਦੀਆਂ ਚਾਬੀਆਂ ਇੱਕ ਦੂਜੇ ਨੂੰ ਲੱਗ ਜਾਂਦੀਆਂ ਸਨ। ਕੀ ਪਤਾ ਕਿਸੇ ਕਰਮਚਾਰੀ ਨੇ ਜਾਂ ਗਾਹਕ ਨੇ ਗਲਤੀ ਨਾਲ ਖੋਲ੍ਹ ਲਿਆ ਹੋਵੇ। ਪਰ ਅਟੈਚੀ ਵੀ ਤਾਂ ਟੁੱਟਿਆ ਹੋਇਆ ਸੀ। ਪ੍ਰੋ. ਮਹਿਲ ਸਿੰਘ ਗਿੱਲ ਵੀ ਪਤਾ ਲੈਣ ਆਏ ਹੋਏ ਸਨ। ਉਹ ਬਹੁਤ ਸੁਲਝੇ ਹੋਏ

ਇਨਸਾਨ ਹਨ। ਸਭ ਨੇ ਚੁੱਪ ਕਰਨਾ ਹੀ ਠੀਕ ਸਮਝਿਆ। ਜਿੰਨਾ ਨੁਕਸਾਨ ਹੋਇਆ ਸੀ, ਉਸ ਦੇ ਪੈਸੇ ਵੀ ਨਾ ਲੈਣ ਦੀ ਸਲਾਹ ਬਣਾਈ ਅਤੇ ਮੈਨੇਜਰ ਨੂੰ ਦੱਸ ਦਿੱਤਾ। ਬਿਗਾਨੇ ਦੇਸ਼ ਵਿੱਚ ਵੱਸ ਲਗਦੇ ਝਗੜਾ ਵਧਾਉਣਾ ਨਹੀਂ ਚਾਹੀਦਾ। ਮਸਲਾ ਪੇਚੀਦਾ ਹੋ ਸਕਦਾ ਹੈ। ਬਾਕੀ ਰਾਤ ਚੌਕਸ ਰਹੋ। ਸਵੇਰੇ ਤਾਂ ਚਲੇ ਹੀ ਜਾਣਾ ਜੀ।

ਸਾਡੇ ਕਮਰੇ ਵਿੱਚ ਆ ਕੇ ਜੌਹਲ ਸਾਹਿਬ ਨੇ ਹੇਠਾਂ ਕਿਸੇ ਦੁਕਾਨ ਤੇ ਦੁੱਧ ਪੀ ਕੇ ਆਉਣ ਦੀ ਇੱਛਾ ਪ੍ਰਗਟ ਕੀਤੀ। ਅਸੀਂ ਸੋਚਿਆ ਕਿ ਬਾਹਰ ਨਵਾਂ ਖਰੀਦਿਆ ਚੀਨੀ ਤਾਲਾ ਲਾ ਜਾਵਾਂਗੇ। ਵੇਖਿਆ ਤਾਂ ਬਾਹਰ ਅਰਲ ਹੀ ਨਹੀਂ ਸੀ। ਅਸੀਂ ਰਾਮ ਆਸਰੇ ਚਲੇ ਗਏ। ਇਕ ਚੋਰੀ ਤੋਂ ਬਾਅਦ ਦੂਜੀ ਘਟਨਾ ਏਨੀ ਛੇਤੀ ਹੋਣੀ ਸੰਭਵ ਨਹੀਂ ਲਗਦੀ ਸੀ।

ਨੇੜੇ ਹੀ ਇੱਕ ਢਾਬੇ ਤੇ ਦੁੱਧ ਮਿਲ ਗਿਆ। ਅੰਮ੍ਰਿਤਸਰ ਦੇ ਕੜਾਹੀ ਵਾਲੇ ਮਲਾਈਦਾਰ ਦੁੱਧ ਵਾਲੀ ਰੀਸ ਤਾਂ ਨਹੀਂ ਕਰ ਸਕਦਾ ਸੀ, ਪਰ, ਡੰਗ ਮਾਰਨ ਲਈ ਕਾਫ਼ੀ ਸੀ। ਜੌਹਲ ਸਾਹਿਬ ਬਰਤਨ ਦੀ ਬਹੁਤ ਸਫਾਈ ਮੰਗਦੇ ਹਨ। ਦੋ ਵਾਰ ਪਤੀਲਾ ਅਤੇ ਗਲਾਸ ਸਾਫ਼ ਕਰਵਾਏ। ਫਿਰ ਇਕ ਵਾਰ ਆਪ ਕੀਤੇ। ਸਫਾਈ ਦੇ ਇਸ ਸ਼ੌਕ ਨੇ ਨਨਕਾਣਾ ਸਾਹਿਬ ਤਾਂ ਝਗੜਾ ਹੀ ਕਰਵਾ ਦੇਣਾ ਸੀ। ਪ੍ਰੋ. ਸਾਹਿਬ ਖਾਣਾ ਖਾ ਕੇ ਲੱਸੀ ਜ਼ਰੂਰ ਪੀਂਦੇ ਹਨ। ਉੱਥੇ ਗੁਰਦੁਆਰੇ ਦੇ ਅਹਾਤੇ ਵਿਚ ਹੀ ਹਲਵਾਈ ਦੀ ਦੁਕਾਨ ਸੀ। ਮੱਖੀਆਂ ਦੀ ਭਰੀ ਪਈ ਸੀ। ਹਰ ਚੀਜ਼ ਉੱਤੇ ਮੱਖੀਆਂ ਹੀ ਮੱਖੀਆਂ ਭਿਣ ਭਿਣਾ ਰਹੀਆਂ ਸਨ। ਜੌਹਲ ਸਾਹਿਬ ਨੇ ਪਹਿਲਾਂ ਤਾਂ ਲੱਸੀ ਵਾਲਾ ਭਾਂਡਾ ਦੋ ਵਾਰ ਧੁਆਇਆ ਸੀ ਅਤੇ ਫਿਰ ਦੋ ਤਿੰਨ ਵਾਰ ਗਲਾਸ ਧੁਆਇਆ। ਦੁਕਾਨਦਾਰ ਚਿੜ੍ਹ ਕੇ ਬੋਲਿਆ ਸੀ, "ਸਰਦਾਰ ਜੀ, ਸਾਡੇ ਤਾਂ ਤੁਹਾਨੂੰ ਹੱਥ ਹੀ ਗੰਦੇ ਲਗਦੇ ਹਨ। ਆਪੇ ਧੋ ਲਵੋ।" ਦੁੱਧ ਵਾਲੇ ਨੇ ਉਤਨਾ ਬੁਰਾ ਤਾਂ ਨਹੀਂ ਮਨਾਇਆ, ਪਰ ਉਹ ਹੈਰਾਨ ਜ਼ਰੂਰ ਸੀ। ਦੁੱਧ ਪੀਂਦੇ ਅਸੀਂ ਬਾਹਰ ਖੜ੍ਹੇ ਗੱਲਾਂ ਕਰ ਰਹੇ ਸਾਂ। ਇੱਕ ਬਜ਼ੁਰਗ ਵਾਰ-ਵਾਰ ਸਾਡੇ ਨੇੜੇ ਆਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਦੁਕਾਨਦਾਰ ਉਸਨੂੰ ਸ਼ਿਸ਼ ਕਰ ਦਿੰਦਾ ਸੀ। ਪਤਾ ਨਹੀਂ ਉਹ ਮੰਗਤਾ ਸੀ ਜਾਂ ਕੋਈ ਹੋਰ ਗੱਲ ਸੀ।

ਕਮਰੇ ਵਿੱਚ ਜਾਣ ਸਾਰ ਅਸੀਂ ਲੇਟ ਗਏ। ਬਾਹਰ ਦੁਕਾਨਾਂ ਤੇ ਰੇਡੀਓ ਚੱਲ ਰਹੇ ਸਨ। ਕਿਧਰੇ ਨੂਰਜਹਾਂ ਦੀ ਆਵਾਜ਼ ਗੂੰਜ ਰਹੀ ਸੀ ਅਤੇ ਕਿਧਰੇ ਆਲ ਇੰਡੀਆ ਰੇਡੀਓ ਦੀ ਉਰਦੂ ਸਰਵਿਸ ਵਿਚ ਮੁਹੰਮਦ ਰਫੀ ਅਤੇ ਲਤਾ ਮੰਗੇਸ਼ਕਰ ਦੇ ਪੁਰਾਣੇ ਗੀਤ ਗੂੰਜ ਰਹੇ ਸਨ। ਥੱਕੇ ਹੋਣ ਕਰਕੇ ਅਸੀਂ ਬਹੁਤ ਜਲਦੀ ਸੌਂ ਗਏ।

**ਦੇਸ਼ ਵਾਪਸੀ** : 19 ਅਪ੍ਰੈਲ ਨੂੰ ਵਤਨ ਵਾਪਸ ਜਾਣਾ ਸੀ। ਨੌਂ ਤਾਰੀਖ ਨੂੰ ਅਸੀਂ ਪਾਕਿਸਤਾਨ ਦੀ ਹੱਦ ਵਿਚ ਦਾਖਲ ਹੋਏ ਸਾਂ। ਇਹ 10-11 ਦਿਨ ਮਹੀਨਿਆਂ ਜਿੱਡੇ ਲੱਗਦੇ ਸਨ। ਗੱਡੀਆਂ ਬਦਾਮੀ ਬਾਗ਼ ਰੇਲਵੇ ਸਟੇਸ਼ਨ ਤੋਂ ਹੀ ਚੱਲਣੀਆਂ ਸਨ। ਪਿਛਲੀ ਸ਼ਾਮ ਅਸੀਂ ਗੁਰਦੁਆਰਾ ਸਾਹਿਬ ਲੱਗੇ ਹੋਏ ਨੋਟਿਸ ਤੋਂ ਗੱਡੀਆਂ ਦੇ ਤੁਰਨ ਦਾ ਸਮਾਂ ਪੜ੍ਹ ਆਏ ਸਾਂ। ਗੱਡੀਆਂ ਸਵੇਰੇ ਚੱਲਣੀਆਂ ਸਨ।

ਅਸੀਂ 8-9 ਵਜੇ ਸਟੇਸ਼ਨ ਤੇ ਪਹੁੰਚ ਗਏ। ਪਲੇਟਫਾਰਮ ਤੇ ਲੱਗੀ ਗੱਡੀ ਬਿਲਕੁਲ ਭਰੀ ਹੋਈ ਸੀ। ਉਸਦੇ ਬਰਾਬਰ ਲੱਗੀ ਗੱਡੀ ਵਿੱਚ ਵੀ ਕਾਫੀ ਭੀੜ ਸੀ। ਅਸੀਂ ਕੁਲੀ ਨੂੰ ਸਮਾਨ ਚੁਕਵਾ ਕੇ, ਪੁਲ ਉਪਰ ਦੀ ਹੋ ਕੇ ਦੂਜੀ ਗੱਡੀ ਵਿੱਚ ਸਮਾਨ ਰੱਖ ਲਿਆ। ਬੇਅੰਤ ਸਿੰਘ ਅਤੇ ਅਜੀਤ ਸਿੰਘ ਗਿੱਲ ਦੇ ਪਰਿਵਾਰ ਵੀ ਉਸੇ ਡੱਬੇ ਵਿੱਚ ਸਨ।

ਸਾਡੀ ਗੱਡੀ ਅਜੇ ਕਾਫ਼ੀ ਦੇਰ ਨੂੰ ਤੁਰਨੀ ਸੀ। ਮੈਂ ਸਟੇਸ਼ਨ ਤੋਂ ਬਾਹਰ ਵਾਲੀਆਂ

ਦੁਕਾਨਾਂ ਤੇ ਕੁਝ ਖਾਣ ਪੀਣ ਚਲਾ ਗਿਆ। ਸਵੇਰੇ ਸਿਰਫ ਚਾਹ ਹੀ ਪੀ ਕੇ ਆਏ ਸਾਂ। ਇਕ ਦੁਕਾਨ ਕਾਫ਼ੀ ਸਾਫ ਸੁਥਰੀ ਸੀ ਅਤੇ ਉਹ ਪੂੜੀਆਂ ਛੋਲੇ ਵੇਚ ਰਹੇ ਸਨ। ਘਰ ਵਾਪਸ ਜਾਣ ਦੀ ਖੁਸ਼ੀ ਵਿਚ ਬਹੁਤ ਭੁੱਖ ਜਾਗੀ ਸੀ। ਮੈਂ ਦੋ ਦੀ ਥਾਂ ਤਿੰਨ ਪੂੜੀਆਂ ਖਾ ਗਿਆ। ਬਾਅਦ ਵਿਚ ਹਲਵੇ ਦੀ ਪਲੇਟ ਵੀ ਲੈ ਲਈ। ਸੂਜੀ ਦਾ ਵਧੀਆ ਹਲਵਾ ਸੀ। ਚਾਹ ਪੀ ਕੇ ਜਦੋਂ ਮੈਂ ਬਾਹਰ ਆਇਆ ਤਾਂ ਲੰਬਾ ਡਕਾਰ ਲੈਂਦੇ ਹੋਏ ਨੇ ਸੋਚਿਆ ਕਿ ਹੁਣ ਸ਼ਾਮ ਤੱਕ ਤਾਂ ਦਬਾਲ ਨਹੀਂ।

ਇੱਕ ਆਦਮੀ ਉਰਦੂ ਦਾ ਅਖ਼ਬਾਰ ਪੜ੍ਹ ਰਿਹਾ ਸੀ। ਮੈਂ ਉਸਨੂੰ ਉਸ ਜੇਲ੍ਹ ਬਾਰੇ ਪੁੱਛਿਆ ਜਿੱਥੇ ਭਗਤ ਸਿੰਘ ਹੋਰਾਂ ਨੂੰ ਫਾਂਸੀ ਹੋਈ ਸੀ। ਉਹ ਪਹਿਲਾ ਆਦਮੀ ਮਿਲਿਆ ਜਿਸ ਨੂੰ ਇਸ ਬਾਰੇ ਕੁਝ ਪਤਾ ਸੀ। ਪਿਛਲੇ ਕਈ ਦਿਨਾਂ ਵਿਚ ਜਾਣ ਬੁੱਝ ਕੇ ਮੈਂ ਕਈ ਨੌਜਵਾਨਾਂ ਨੂੰ ਉਸ ਜੇਲ੍ਹ ਬਾਰੇ ਪੁੱਛਿਆ ਸੀ। ਉਨ੍ਹਾਂ ਨੇ ਭਗਤ ਸਿੰਘ ਦਾ ਨਾਂ ਹੀ ਨਹੀਂ ਸੁਣਿਆ ਸੀ। ਲੋਕ ਸ਼ਹੀਦਾਂ ਨੂੰ ਕਿੰਨਾ ਛੇਤੀ ਭੁਲਾ ਦਿੰਦੇ ਹਨ। ਭਗਤ ਸਿੰਘ ਹੋਰੀ ਤਾਂ ਸਾਂਝੇ ਭਾਰਤ ਦੀ ਆਮ ਜਨਤਾ ਦੇ ਭਲੇ ਲਈ ਸ਼ਹੀਦ ਹੋਏ ਸਨ। ਪਾਕਿਸਤਾਨ ਦੀਆਂ ਇਤਿਹਾਸ ਦੀਆਂ ਕਿਤਾਬਾਂ ਵਿੱਚ ਉਨ੍ਹਾਂ ਦਾ ਨਾਂ ਹੀ ਨਹੀਂ ਆਉਂਦਾ।

ਯਾਤਰੀ ਇੱਥੇ ਵੀ ਫੁੱਟਪਾਥ ਤੇ ਬੈਠੇ ਲੋਕਾਂ ਤੋਂ ਛੋਟੀਆਂ ਮੋਟੀਆਂ ਚੀਜ਼ਾਂ ਖਰੀਦ ਰਹੇ ਸਨ। ਇੱਕ ਆਦਮੀ ਬੋਤਲ ਵਿਚ ਪਾਣੀ ਪਾ ਕੇ ਉਸ ਵਿੱਚ ਪਲਾਸਟਿਕ ਦੇ ਫੁੱਲ ਪਾ ਦਿੰਦਾ ਸੀ। ਸ਼ੀਸ਼ੇ ਵਿਚੋਂ ਦੀ ਵੇਖਣ ਤੇ ਫੁੱਲ ਵੱਡੇ ਅਤੇ ਖਿੜੇ ਹੋਏ ਜਾਪਦੇ ਸਨ। ਯਾਤਰੀ ਧੜਾ-ਧੜਾ ਖਰੀਦੀ ਜਾਂਦੇ ਸਨ। ਇੱਕ ਕਮਜ਼ੋਰ ਜੇਹਾ ਬੁੱਢਾ ਸਿਪਾਹੀ ਬੋਲਿਆ, "ਸਰਦਾਰੋ, ਕਿਉਂ ਭਾਰ ਚੁੱਕੀ ਜਾਂਦੇ ਜੇ। ਤੁਹਾਡੇ ਕੀ ਨਹੀਂ ਮਿਲਦਾ ?" ਉਸ ਦੀ ਗੱਲ ਸੱਚੀ ਸੀ, ਪਰ ਲੋਕ ਤਾਂ ਨਿਸ਼ਾਨੀਆਂ ਲਿਜਾ ਰਹੇ ਸਨ। ਸਮਝੌਤਾ ਐਕਸਪ੍ਰੈੱਸ ਤੇ ਭਾਰਤ ਤੋਂ ਜਾਣ ਵਾਲੇ ਪਾਕਿਸਤਾਨੀ ਯਾਤਰੀ ਢੇਰਾਂ ਦੇ ਢੇਰ ਸਮਾਨ ਲੈ ਕੇ ਜਾਂਦੇ ਸਨ। ਇਸੇ ਲਈ ਉਸ ਸਿਪਾਹੀ ਨੂੰ ਭਾਰਤ ਦੀ ਤਰੱਕੀ ਬਾਰੇ ਪਤਾ ਸੀ।

ਵਾਪਸ ਜਾ ਕੇ ਮੈਂ ਜੌਹਲ ਸਾਹਿਬ ਨੂੰ ਭੇਜ ਦਿੱਤਾ। ਦੁਕਾਨ ਦੀ ਨਿਸ਼ਾਨੀ ਮੈਂ ਕਰ ਗਿਆ ਸਾਂ। ਪੂੜੀਆ, ਛੋਲੇ ਅਤੇ ਸੂਜੀ ਦੇ ਹਲਵੇ ਦੀ ਪ੍ਰਸ਼ੰਸਾ ਸੁਣਕੇ ਹੋਰ ਵੀ ਕਈ ਪਰਿਵਾਰ ਉਸ ਦੁਕਾਨ ਵੱਲ ਤੁਰ ਗਏ। ਮੈਂ ਬਿਨਾ ਕਮਿਸ਼ਨ ਲਏ ਹੀ ਉਸ ਦੁਕਾਨ ਦੀ ਮਸ਼ਹੂਰੀ ਕਰ ਦਿੱਤੀ ਸੀ। ਉਸ ਦੁਕਾਨਦਾਰ ਨੇ ਮੈਨੂੰ ਪੁੱਛਿਆ ਸੀ, "ਕੀ ਸਰਦਾਰ ਹਲਵਾ ਨਹੀਂ ਖਾਂਦੇ ? ਅੱਜ ਵਿਕਿਆ ਹੀ ਨਹੀਂ।" ਸਾਡੇ ਡੱਬੇ ਵਾਲਿਆਂ ਨੇ ਹੀ ਉਸਦੀ ਪਰਾਤ ਖਾਲੀ ਕਰ ਦਿੱਤੀ ਹੋਣੀ ਹੈ।

ਕੁਝ ਦੇਰ ਬਾਅਦ ਪਲੇਟਫਾਰਮ ਵਾਲੀ ਗੱਡੀ ਤੁਰ ਗਈ। ਸਾਡੀ ਗੱਡੀ ਨੂੰ ਅੱਗੇ ਲਿਜਾ ਕੇ ਵਾਪਸ ਪਲੇਟਫਾਰਮ ਤੇ ਲਾ ਦਿੱਤਾ। ਪਹਿਲਾਂ ਡੱਬਿਆਂ ਵਿੱਚ ਕੈਦ ਹੋਏ ਬੈਠੇ ਸਾਂ। ਹੁਣ ਪਲੇਟਫਾਰਮ ਤੇ ਘੁੰਮ ਫਿਰ ਕੇ ਟਾਈਮ ਲੰਘਾਉਣਾ ਸੌਖਾ ਹੋ ਗਿਆ। ਗੱਡੀਆਂ ਕਾਫੀ ਵਕਫੇ ਨਾਲ ਤੋਰਦੇ ਸਨ ਤਾਂ ਕਿ ਵਾਹਗੇ ਜਾ ਕੇ ਪਾਸਪੋਰਟ ਵਾਪਸ ਲੈਣ ਵੇਲੇ ਅਤੇ ਸਮਾਨ ਤੇ ਨਿਗ੍ਹਾ ਮਾਰਨ ਵਿੱਚ ਕੋਈ ਮੁਸ਼ਕਲ ਨਾ ਆਵੇ। ਕਈ ਵਾਰ ਭਾਰਤ ਤੋਂ ਆਈ ਹੋਈ ਸਮਝੌਤਾ ਐਕਸਪ੍ਰੈਸ ਵਾਹਗੇ ਪਹੁੰਚ ਜਾਂਦੀ ਸੀ ਜਿਸਦੀ ਉਹ ਬਹੁਤ ਧਿਆਨ ਨਾਲ ਚੈਕਿੰਗ ਕਰਦੇ ਸਨ।

ਪਿਸ਼ਾਵਰ ਤੋਂ ਆਏ ਹੋਏ ਚਾਹ ਦੇ ਸਟਾਲ ਵਾਲੇ ਸਿੰਘ ਨੇ ਏਥੇ ਵੀ ਪਲੇਟਫਾਰਮ ਤੇ ਆਪਣਾ ਸਟਾਲ ਜ਼ਮੀਨ ਤੇ ਲਾਇਆ ਹੋਇਆ ਸੀ। ਕੁਝ ਸਥਾਨਕ ਦੁਕਾਨਦਾਰਾਂ ਨੇ ਘੜੀਆਂ ਦਾ ਸਟਾਲ ਲਾਉਣ ਦੀ ਵੀ ਕੋਸ਼ਿਸ਼ ਕੀਤੀ। ਪਰ ਪੁਲੀਸ ਵਾਲਿਆਂ ਨੇ ਇਜਾਜ਼ਤ ਨਹੀਂ ਦਿੱਤੀ।

ਚਾਹ ਪੀ ਕੇ ਮੈਂ ਵਾਪਸ ਗੱਡੀ ਵਿੱਚ ਜਾ ਬੈਠਾ ਅਤੇ ਜੌਹਲ ਸਾਹਿਬ, ਚਾਹ ਵਾਲੇ ਨਾਲ ਗੱਲਾਂ ਮਾਰਦੇ ਰਹੇ ਅਤੇ ਘੁੰਮਦੇ ਰਹੇ। ਗੱਡੀ ਤੁਰਨ ਵਿੱਚ ਹੀ ਨਹੀਂ ਆਉਂਦੀ ਸੀ। ਸਭ ਕਾਹਲੇ ਪਏ ਖੜੇ ਸਨ।

ਅਖੀਰ ਸੀਟੀ ਵੱਜੀ ਅਤੇ ਗੱਡੀ ਤੁਰ ਹੀ ਪਈ। "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ" ਦੇ ਜੈਕਾਰੇ ਨਾਲ ਆਲਾ ਦੁਆਲਾ ਗੂੰਜ ਉੱਠਿਆ। ਸਾਰੇ ਖੁਸ਼ ਸਨ ਕਿ ਵੇਲੇ ਸਿਰ ਹੀ ਅੰਮ੍ਰਿਤਸਰ ਪਹੁੰਚ ਜਾਵਾਂਗੇ। ਸਿਰਫ 50-55 ਕਿਲੋਮੀਟਰ ਦਾ ਹੀ ਤਾਂ ਫਾਸਲਾ ਹੈ। ਪਰ, ਇਹ ਖੁਸ਼ੀ ਥੋੜੀ ਦੇਰ ਹੀ ਰਹੀ ਕਿਉਂਕਿ ਗੱਡੀ ਲਾਹੌਰ ਦੇ ਮੇਨ ਸਟੇਸ਼ਨ ਤੇ ਜਾ ਕੇ ਫਿਰ ਰੁਕ ਗਈ। ਇਸਦਾ ਕਾਰਨ ਕਿਸੇ ਨੂੰ ਪਤਾ ਨਹੀਂ ਸੀ, ਪਰ ਇਹ ਅਜੀਬ ਗੱਲ ਸੀ।

ਅਸੀਂ ਉਤਰ ਕੇ ਪਲੇਟਫਾਰਮ ਤੇ ਘੁੰਮਣ ਲੱਗ ਪਏ। ਦੋਵੇਂ ਪਾਸੇ ਸਟੇਸ਼ਨ ਦੀ ਸ਼ਾਨਦਾਰ ਕਿਲ੍ਹੇ ਵਰਗੀ ਇਮਾਰਤ ਸੀ। ਸਿਰਿਆਂ ਤੇ ਬੁਰਜ ਜਿਹੇ ਬਣੇ ਹੋਏ ਸਨ। ਅੰਗ੍ਰੇਜ਼ਾਂ ਲਈ ਲਾਹੌਰ ਦਾ ਮਹੱਤਵ ਸਟੇਸ਼ਨ ਨੂੰ ਵੇਖ ਕੇ ਹੀ ਸਪਸ਼ਟ ਹੋ ਜਾਂਦਾ ਹੈ। ਆਖਰ ਇਹ ਉਸ ਪੰਜਾਬ ਦੀ ਰਾਜਧਾਨੀ ਰਿਹਾ ਸੀ ਜੋ ਦਿੱਲੀ ਤੋਂ ਪਿਸ਼ਾਵਰ ਅਤੇ ਕੁੱਲੂ ਤੋਂ ਨਾਰਨੌਲ ਤੱਕ ਫੈਲਿਆ ਹੋਇਆ ਸੀ। ਇੱਥੋਂ ਹੀ ਅੰਗ੍ਰੇਜ਼ ਪੰਜਾਬ ਦੇ 32 ਜ਼ਿਲਿਆਂ ਅਤੇ 43 ਦੇਸੀ ਰਿਆਸਤਾਂ ਦਾ ਪ੍ਰਸ਼ਾਸ਼ਨ ਚਲਾਉਂਦੇ ਸਨ। ਇਸੇ ਪਲੇਟਫਾਰਮ ਤੋਂ ਕਿੰਨੇ ਹੀ ਅੰਗ੍ਰੇਜ਼ ਹੁਕਮਰਾਨ ਅਤੇ ਭਾਰਤੀ ਨੇਤਾ ਗੱਡੀ ਚੜ੍ਹੇ ਸਨ। ਪਾਕਿਸਤਾਨ ਬਣਾਉਣ ਦਾ ਮਤਾ ਵੀ ਲਾਹੌਰ ਵਿਚ ਪਾਸ ਹੋਇਆ ਸੀ ਅਤੇ ਭਾਰਤ ਦੀ ਆਜ਼ਾਦੀ ਦੇ ਮਹੱਤਵਪੂਰਣ ਫੈਸਲੇ ਵੀ ਏਥੇ ਹੀ ਹੋਏ ਸਨ। ਸਾਂਡਰਸ ਦੇ ਕਤਲ ਤੋਂ ਬਾਅਦ ਸ਼ਹੀਦ ਭਗਤ ਸਿੰਘ ਵੀ ਅੰਗਰੇਜ਼ਾਂ ਵਾਲਾ ਹੈਟ ਪਾ ਕੇ ਦੁਰਗਾ ਭਾਬੀ ਨਾਲ ਇਸੇ ਪਲੇਟਫਾਰਮ ਤੋਂ ਗੱਡੀ ਚੜ੍ਹਿਆ ਸੀ। ਕੀ ਕੀ ਨਹੀਂ ਵੇਖਿਆ ਸੀ ਇਸ ਪਲੇਟਫਾਰਮ ਨੇ। ਇੱਥੇ ਹੀ 1947 ਵਿੱਚ ਲਾਸ਼ਾਂ ਦੀਆਂ ਭਰੀਆਂ ਗੱਡੀਆਂ ਆ ਕੇ ਲੱਗੀਆਂ ਸਨ। ਇੱਥੋਂ ਹੀ ਹਿੰਦੂ ਅਤੇ ਸਿੱਖਾਂ ਦੀਆਂ ਲਾਸ਼ਾਂ ਦੀਆਂ ਭਰੀਆਂ ਗੱਡੀਆਂ ਭਾਰਤ ਲਈ ਰਵਾਨਾ ਹੋਈਆਂ ਸਨ। ਕਾਸ਼ ਕਿ ਇਹ ਸਭ ਕੁਝ ਬੋਲ ਕੇ ਦੱਸ ਸਕਦਾ। ਮੈਂ ਇਨ੍ਹਾਂ ਖਿਆਲਾਂ ਵਿੱਚ ਖੋਇਆ ਹੋਇਆ ਬਾਹਰ ਘੁੰਮ ਰਿਹਾ ਸਾਂ ਕਿ ਗੱਡੀ ਦੀ ਸੀਟੀ ਵੱਜ ਗਈ। ਪਲੇਟਫਾਰਮ ਤੇ ਸਫਾਈ ਬਹੁਤ ਸੀ। ਕਿਧਰੇ ਮਿੱਟੀ ਜਾਂ ਕਾਗਜ਼ ਨਹੀਂ ਬਿਖਰੇ ਸਨ। ਰੇਹੜੀਆਂ ਅਤੇ ਸਟਾਲ ਵੀ ਬਹੁਤ ਘੱਟ ਸਨ। ਸਿਰਫ਼ ਚਾਹ ਅਤੇ ਰਸਾਲਿਆਂ ਅਤੇ ਅਖ਼ਬਾਰਾਂ ਦੇ ਸਟਾਲ ਸਨ। ਹਾਂ, ਕੁਝ ਗਰੀਬ ਆਦਮੀ ਦੂਜੇ ਪਾਸਿਓਂ ਚੜ੍ਹ ਕੇ ਡੱਬਿਆਂ ਵਿਚ ਚੀਨ ਦੇ ਬਣੇ ਖਿਡੌਣੇ ਵੇਚ ਰਹੇ ਸਨ। ਪੁਲੀਸ ਵਾਲਿਆਂ ਨੂੰ ਵੇਖ ਕੇ ਉਹ ਭੱਜ ਜਾਂਦੇ ਸਨ। ਇੰਨੀ ਸਫ਼ਾਈ ਅਤੇ ਚੰਗਾ ਪ੍ਰਬੰਧ ਸ਼ਾਇਦ ਜਥਿਆਂ ਦੀਆਂ ਗੱਡੀਆਂ ਲੰਘਣ ਕਰਕੇ ਕੀਤਾ ਹੋਵੇਗਾ। ਜਦੋਂ ਗੱਡੀ ਤੁਰੀ ਤਾਂ ਇਕ ਵਾਰ ਫਿਰ ਜੈਕਾਰੇ ਗੂੰਜ ਉੱਠੇ। ਸਟੇਸ਼ਨ ਉਪਰ ਟੀਨ ਦੀ ਛੱਤ ਹੋਣ ਕਰਕੇ ਸਾਰਾ ਸਟੇਸ਼ਨ ਜੈਕਾਰਿਆ ਨਾਲ ਗੂੰਜ ਉੱਠਿਆ।

**ਵਾਹਗੇ ਵਿਚ ਤਣਾਅ :** ਜਦੋਂ ਵਾਹਗੇ ਪਹੁੰਚੇ ਤਾਂ ਉੱਥੇ ਵਾਤਾਵਰਣ ਵਿਚ ਬਹੁਤ ਤਣਾਅ ਸੀ। ਹੁਣ ਪਤਾ ਲੱਗਿਆ ਕਿ ਸਾਡੀ ਗੱਡੀ ਲਾਹੌਰ ਮੇਨ ਸਟੇਸ਼ਨ ਤੇ ਕਿਉਂ ਰੋਕ ਦਿੱਤੀ ਸੀ। ਜਦੋਂ ਸਾਥੋਂ ਪਹਿਲਾਂ ਵਾਲੀ ਗੱਡੀ ਵਾਹਗੇ ਪਹੁੰਚੀ ਸੀ ਤਾਂ ਉੱਥੇ ਭਾਰਤ ਤੋਂ ਆਈ ਹੋਈ ਸਮਝੌਤਾ ਐਕਸਪ੍ਰੈਸ ਵੀ ਲੱਗੀ ਹੋਈ ਸੀ। ਪਾਕਿਸਤਾਨੀ ਯਾਤਰੀਆਂ ਦਾ ਸਮਾਨ ਅਤੇ ਕਾਗਜ਼ ਚੈੱਕ ਕਰਨ ਲਈ ਇਮੀਗ੍ਰੇਸ਼ਨ ਅਤੇ ਕਸਟਮਜ਼ ਅਧਿਕਾਰੀਆਂ ਨੇ ਹਾਲ ਦਾ ਸ਼ੀਸ਼ੇ ਦਾ ਗੇਟ ਅੰਦਰੋਂ ਬੰਦ ਕੀਤਾ ਹੋਇਆ ਸੀ। ਭਾਰਤ ਜਾਣ ਵਾਲੀ ਉਸ ਗੱਡੀ ਵਿੱਚ ਜ਼ਿਆਦਾਤਰ ਦਿੱਲੀ ਦੇ ਜਥੇ ਵਾਲੇ ਯਾਤਰੀ ਸਨ। ਉਹ ਕਾਹਲੇ ਪੈ ਗਏ ਅਤੇ ਗੇਟ ਨੂੰ ਧੱਕੇ ਮਾਰਨ ਲੱਗ ਪਏ। ਪੁਲੀਸ

ਵਾਲੇ ਗਿਣਤੀ ਵਿਚ ਵੀ ਥੋੜੇ ਸਨ ਅਤੇ ਉਨ੍ਹਾਂ ਨੂੰ ਸਖ਼ਤੀ ਨਾ ਕਰਨ ਦੀ ਹਿਦਾਇਤ ਵੀ ਲਗਦੀ ਸੀ। ਧੱਕਾ ਮੁੱਕੀ ਵਿਚ ਗੇਟ ਟੁੱਟ ਗਿਆ ਅਤੇ ਸ਼ੀਸ਼ੇ ਦਾ ਉਹ 15-20 ਫੁੱਟ ਉੱਚਾ ਸੁੰਦਰ ਚੌਖਟਾ ਅੰਦਰ ਡਿੱਗ ਕੇ ਚਕਨਾਚੂਰ ਹੋ ਗਿਆ।

ਪੁਲੀਸ ਵਾਲਿਆਂ ਨੇ ਲਾਠੀ ਚਾਰਜ ਤਾਂ ਨਹੀਂ ਕੀਤਾ ਪਰ ਭਾਰਤੀ ਯਾਤਰੀਆਂ ਨੂੰ ਸਖ਼ਤੀ ਨਾਲ ਕਿਹਾ ਕਿ ਗੱਡੀ ਵਿੱਚੋਂ ਸਮਾਨ ਹੇਠਾਂ ਉਤਾਰੋ। ਸਾਰਿਆਂ ਦਾ ਜੋਸ਼ ਅਤੇ ਕਾਹਲ ਝੱਗ ਵਾਂਗ ਉਤਰ ਗਏ। ਸਾਰੇ ਸਮਾਨ ਉਤਾਰ ਕੇ ਖੋਲ੍ਹ ਖੋਲ੍ਹ ਕੇ ਵਿਖਾਉਣ ਲੱਗ ਪਏ। ਪੁਲੀਸ ਵਾਲੇ ਜਾਣ ਬੁੱਝ ਕੇ ਦੇਰ ਕਰੀ ਗਏ। ਸਾਰੀ ਗੱਡੀ ਚੈੱਕ ਹੋ ਗਈ ਅਤੇ ਸਮਾਨ ਵਾਪਸ ਗੱਡੀ ਅੰਦਰ ਚਲਾ ਗਿਆ। ਅਜੇ ਤੱਕ ਹਾਲ ਵਿਹਲਾ ਨਹੀਂ ਹੋਇਆ ਸੀ। ਇਸ ਲਈ ਦੁਬਾਰਾ ਫਿਰ ਸਮਾਨ ਹੇਠਾਂ ਉਤਾਰਨ ਲਈ ਕਹਿ ਦਿੱਤਾ। ਜਦੋਂ ਤੱਕ ਸਾਰੇ ਪਾਕਿਸਤਾਨੀ ਯਾਤਰੀ ਆਪਣੀ ਗੱਡੀ ਵਿੱਚ ਨਹੀਂ ਜਾਂ ਬੈਠੇ, ਤਦ ਤੱਕ ਭਾਰਤੀ ਯਾਤਰੀਆਂ ਨੂੰ ਕੰਮ ਲਾਈ ਰੱਖਿਆ। ਪਾਕਿਸਤਾਨੀ ਯਾਤਰੀਆਂ ਦੀ ਗੱਡੀ ਲਾਹੌਰ ਪਹੁੰਚਣ ਤੋਂ ਬਾਅਦ ਹੀ ਸਾਡੀ ਗੱਡੀ ਲਾਹੌਰ ਦੇ ਮੇਨ ਸਟੇਸ਼ਨ ਤੋਂ ਰਵਾਨਾ ਕੀਤੀ ਗਈ ਸੀ। ਪਾਕਿਸਤਾਨੀ ਅਧਿਕਾਰੀਆਂ ਦੀ ਸਮਝਦਾਰੀ ਅਤੇ ਸੰਜਮ ਕਾਬਿਲੇ-ਤਾਰੀਫ ਸੀ। ਯਾਤਰੀਆਂ ਦੀ ਅਨੁਸ਼ਾਸਨਹੀਣਤਾ ਇੱਕ ਵਾਰ ਫਿਰ ਉਜਾਗਰ ਹੋ ਗਈ ਸੀ। ਆਪਣੇ ਲੋਕ ਡੰਡੇ ਦੇ ਯਾਰ ਹਨ।

ਸਾਡੀ ਗੱਡੀ ਉੱਤਰ ਵਾਲੇ ਪਾਸੇ ਦੇ ਪਲੇਟਫਾਰਮ ਤੇ ਲੱਗੀ ਹੋਈ ਸੀ। ਪਹਿਲਾਂ ਵਾਲੀ ਗੱਡੀ ਦੱਖਣ ਵਾਲੇ ਪਾਸੇ ਖੜ੍ਹੀ ਸੀ। ਵਿਚਕਾਰ ਗ੍ਰਿੱਲ ਲੱਗੀ ਹੋਈ ਸੀ ਅਤੇ ਉਸਦਾ ਗੇਟ ਬੰਦ ਸੀ। ਅਸੀਂ ਸਾਡੀ ਬਚੀ ਹੋਈ ਪਾਕਿਸਤਾਨੀ ਕਰੰਸੀ ਅਜੀਤ ਸਿੰਘ ਗਿੱਲ ਹੋਰਾਂ ਨੂੰ ਫੜਾ ਦਿੱਤੀ ਸੀ, ਤਾਂ ਕਿ ਉਹ ਅਟਾਰੀ ਦੇ ਸਟੇਸ਼ਨ ਉਪਰ ਸਥਿਤ ਬੈਂਕ ਵਿੱਚੋਂ ਭਾਰਤੀ ਕਰੰਸੀ ਨਾਲ ਬਦਲ ਲੈਣ। ਅੰਮ੍ਰਿਤਸਰ ਦੇ ਰਾਹ ਵਿਚ ਖਰਚਣ ਜੋਗੀ ਭਾਰਤੀ ਕਰੰਸੀ ਸ਼ੁਰੂ ਤੋਂ ਹੀ ਸਾਡੇ ਕੋਲ ਸੀ। ਅਸੀਂ ਸਾਰੀਆਂ ਰਾਸ਼ੀਆਂ ਦਾ ਇਕ-ਇਕ ਪਾਕਿਸਤਾਨੀ ਨੋਟ ਅਤੇ ਸਿੱਕਾ ਨਿਸ਼ਾਨੀ ਵਜੋਂ ਰੱਖ ਲਿਆ। ਕਰੰਸੀ ਬਾਰੇ ਕੋਈ ਰੋਕ ਨਹੀਂ। ਕੋਈ ਭਾਵੇਂ ਜਿੰਨੀ ਮਰਜ਼ੀ ਭਾਰਤੀ ਕਰੰਸੀ ਉਧਰ ਲੈ ਜਾਵੇ ਅਤੇ ਇਸੇ ਤਰ੍ਹਾਂ ਜਿੰਨੀ ਮਰਜ਼ੀ ਪਾਕਿਸਤਾਨੀ ਕਰੰਸੀ ਏਧਰ ਲੈ ਆਵੇ। ਸਾਨੂੰ ਇਸ ਉਤੇ ਵੀ ਹੈਰਾਨੀ ਹੋਈ। ਇਸ ਢਿੱਲ ਦਾ ਸਮੱਗਲਰ ਅਤੇ ਦੇਸ਼-ਵਿਰੋਧੀ ਤੱਤ ਨਜਾਇਜ਼ ਫਾਇਦਾ ਉਠਾ ਸਕਦੇ ਹਨ।

ਜਦੋਂ ਸਾਡੀ ਗੱਡੀ ਵਾਲਿਆਂ ਲਈ ਗ੍ਰਿੱਲ ਦਾ ਗੇਟ ਖੁੱਲ੍ਹਿਆ ਤਾਂ ਮੁਸਾਫ਼ਰ ਭੱਜ ਕੇ ਹਾਲ ਵਿਚ ਚਲੇ ਗਏ। ਏਥੋਂ ਸਿਰਫ ਰਸੀਦ ਵਿਖਾ ਕੇ ਪਾਸਪੋਰਟ ਵਾਪਸ ਲੈਣੇ ਸਨ। ਸਾਨੂੰ ਸਮਾਨ ਉਤਾਰਨ ਲਈ ਨਹੀਂ ਕਿਹਾ ਗਿਆ। ਸਾਡੇ ਡੱਬੇ ਵਿੱਚ ਸਿਪਾਹੀ ਆਇਆ ਅਤੇ ਐਵੇਂ ਸਰਸਰੀ ਜਿਹੀ ਨਜ਼ਰ ਮਾਰ ਗਿਆ। ਸਿਰਫ ਦੋ ਜਣਿਆਂ ਦੇ ਬੈਗ ਖੁਲ੍ਹਵਾਏ। ਕੋਈ ਇਤਰਾਜ਼ ਵਾਲੀ ਚੀਜ਼ ਨਹੀਂ ਮਿਲੀ। ਵੈਸੇ ਇਹ ਚੈਕਿੰਗ ਹੈ ਵੀ ਫਜ਼ੂਲ। ਉਨ੍ਹਾਂ ਨੂੰ ਕਿਸੇ ਚੀਜ਼ ਦਾ ਕੀ ਇਤਰਾਜ਼ ਹੋ ਸਕਦਾ ਹੈ।

ਸਾਡੀ ਗੱਡੀ ਦੇ ਅੰਦਰ ਵੀ ਕੁਝ ਯਾਤਰੀ ਲਾਹੌਰ ਤੋਂ ਲੰਗਰ ਦੀ ਸੇਵਾ ਕਰਦੇ ਆਏ ਸਨ। ਅਸੀਂ ਉਨ੍ਹਾਂ ਨੌਜਵਾਨਾਂ ਦੇ ਸੇਵਾ ਭਾਵ ਦੀ ਪ੍ਰਸ਼ੰਸਾ ਕਰ ਰਹੇ ਸਾਂ। ਸ਼ਾਮ ਹੋਣ ਵਾਲੀ ਸੀ। ਅਸੀਂ ਵੀ ਕੁਝ ਲੰਗਰ ਛਕਿਆ ਅਤੇ ਬਾਕੀ ਸਫ਼ਰ ਲਈ ਤਰੋ ਤਾਜ਼ਾ ਹੋ ਗਏ। ਭਾਰਤ ਵਾਪਸ ਆ ਕੇ ਅਖ਼ਬਾਰਾਂ ਵਿੱਚ ਮੈਂ ਪੜ੍ਹਿਆ ਕਿ ਉਹ ਲੰਗਰ ਛਕਾਉਣ ਵਾਲੇ ਨੌਜਵਾਨ ਪੱਛਮੀ ਦੇਸ਼ਾਂ

ਵਿੱਚ ਨਜਾਇਜ਼ ਦਾਖਲ ਹੋਣ ਲਈ ਕਿਸੇ ਤਰ੍ਹਾਂ ਪਾਕਿਸਤਾਨ ਵਿੱਚ ਤਾਂ ਘੁਸ ਗਏ ਸਨ, ਪਰ ਅੱਗੇ ਨਹੀਂ ਲੰਘ ਸਕੇ ਸਨ। ਪਾਕਿਸਤਾਨ ਵਾਲੇ ਅਧਿਕਾਰੀ ਵਾਹਗੇ ਇਹ ਨਹੀਂ ਗਿਣਦੇ ਕਿ ਕਿੰਨੇ ਯਾਤਰੀ ਆਏ ਸਨ ਅਤੇ ਕਿੰਨੇ ਵਾਪਸ ਗਏ ਹਨ। ਸਿਰਫ ਇਹ ਵੇਖਦੇ ਹਨ ਕਿ ਪਾਸਪੋਰਟ ਵਾਲੇ ਸਾਰੇ ਵਾਪਸ ਚਲੇ ਗਏ ਕਿ ਨਹੀਂ। ਇਸ ਕਮਜ਼ੋਰੀ ਦਾ ਲਾਭ ਉਠਾ ਕੇ ਉਹ ਲਾਂਗਰੀ ਬਣ ਕੇ ਅਟਾਰੀ ਤਾਂ ਪਹੁੰਚ ਗਏ। ਉੱਥੇ ਫੜੇ ਗਏ ਸਨ। ਫਿਰ ਕੀ ਹੋਇਆ, ਇਹ ਪਤਾ ਨਹੀਂ। ਬੜੀ ਹੁਸ਼ਿਆਰੀ ਨਾਲ ਆਪਣੇ ਦੇਸ਼ ਤਾਂ ਵਾਪਸ ਆ ਗਏ ਸਨ। ਅਸੀਂ ਸੋਚਾਂ ਵਿੱਚ ਪੈ ਗਏ ਕਿ ਅੰਮ੍ਰਿਤਸਰ ਵਿੱਚ ਸਾਡੇ ਕੁਝ ਪਾਸਪੋਰਟ ਏਧਰ ਉਧਰ ਹੋਣ ਦਾ ਕਾਰਨ ਇਨ੍ਹਾਂ ਨੌਜਵਾਨਾਂ ਨੂੰ ਅੰਦਰ ਲਿਆਉਣ ਲਈ ਪ੍ਰਯੋਗ ਕਰਨਾ ਤਾਂ ਨਹੀਂ ਸੀ ? ਇਹ ਰਹੱਸ ਪਤਾ ਹੀ ਨਹੀਂ ਲੱਗਿਆ।

ਹਾਲ ਵਿਚ ਭੀੜ ਹੋ ਚੱਲੀ ਸੀ। ਅਸੀਂ ਕਾਹਲ ਨਹੀਂ ਕੀਤੀ। ਸਾਡੀ ਗੱਡੀ ਹਮੇਸ਼ਾ ਵਾਂਗ ਆਖਰੀ ਸੀ। ਇੱਕ ਇੱਕ ਪਾਸਪੋਰਟ ਵਾਪਸ ਕੀਤੇ ਬਿਨਾਂ ਤਾਂ ਇਹ ਤੁਰਨੀ ਨਹੀਂ ਸੀ। ਸਾਡੇ ਦੋਹਾਂ ਪਾਸਪੋਰਟਾਂ ਉੱਤੇ ਇਕੱਠੀ ਰਬੜ ਚੜ੍ਹਾਈ ਸੀ। ਮੇਰਾ ਪਾਸਪੋਰਟ ਤਾਂ ਮਿਲ ਗਿਆ, ਪ੍ਰੰਤੂ ਜੌਹਲ ਸਾਹਿਬ ਦਾ ਫਿਰ ਨਹੀਂ ਸੀ ਮਿਲ ਰਿਹਾ। "ਇਕੱਠੇ ਹੀ ਰਬੜ ਚੜ੍ਹਾਈ ਸੀ।" ਮੈਂ ਕਿਹਾ, "ਲੱਭਣਾ ਮੇਰਾ ਕੰਮ ਹੈ, ਤੁਹਾਡਾ ਨਹੀਂ।" ਉਹ ਅਧਿਕਾਰੀ ਖਿਝ ਕੇ ਬੋਲਿਆ। "ਸਾਰੀ, ਸਰ"। ਕਹਿ ਕੇ ਮੈਂ ਮੂੰਹ ਨੂੰ ਤਾਲਾ ਲਾ ਲਿਆ। ਕੁਝ ਦੇਰ ਬਾਅਦ ਉਹ ਮਿਲ ਗਿਆ ਅਤੇ ਮੈਂ ਦੋਵੇਂ ਪਾਸਪੋਰਟ ਲੈ ਕੇ ਵਾਪਸ ਗੱਡੀ ਵਿਚ ਆ ਬੈਠਾ।

ਮੁਕਤਸਰ ਵਾਲੇ ਸਾਡੇ ਦੂਸਰੇ ਸਾਥੀ ਬਹੁਤ ਫੁਰਤੀਲੇ ਨਿਕਲੇ। ਉਨ੍ਹਾਂ ਨੇ ਪਾਸਪੋਰਟ ਜਲਦੀ ਲੈ ਲਏ, ਸਮਾਨ ਚੁੱਕ ਕੇ ਦੂਜੀ ਗੱਡੀ ਵਿਚ ਸੁੱਟ ਲਿਆ ਅਤੇ ਅਟਾਰੀ ਤੋਂ ਟੈਕਸੀ ਲੈ ਕੇ 10 ਵਜੇ ਰਾਤ ਮੁਕਤਸਰ ਪਹੁੰਚ ਗਏ। ਉਸ ਸਮੇਂ ਅਸੀਂ ਅਜੇ ਅਟਾਰੀ ਹੀ ਫਿਰਦੇ ਸਾਂ। ਇਸੇ ਲਈ ਤਾਂ ਕੰਮ ਵਾਲੇ ਲੋਕ ਕਾਹਲ ਕਰਦੇ ਹਨ।

ਸਾਡੀ ਗੱਡੀ ਜਦੋਂ ਵਾਹਗੇ ਤੋਂ ਤੁਰੀ ਤਾਂ ਸੂਰਜ ਡੁੱਬਣ ਹੀ ਵਾਲਾ ਸੀ। ਹੌਲੀ ਹੌਲੀ ਤੁਰਦੀ ਗੱਡੀ ਜਦੋਂ ਭਾਰਤ ਦੀ ਹੱਦ ਵਿੱਚ ਦਾਖਲ ਹੋਈ ਤਾਂ ਬਾਹਰ ਖੜ੍ਹੇ ਪੁਲੀਸ ਅਤੇ ਬੀ.ਐਸ.ਐਫ. ਅਧਿਕਾਰੀ ਵਾਰ-ਵਾਰ ਕਹਿ ਰਹੇ ਸਨ। "ਜੇ ਕੈਸਟਾਂ ਹਨ, ਤਾਂ ਸੁੱਟ ਦਿਓ।" ਇਕ ਨੌਜਵਾਨ ਘਬਰਾਅ ਕੇ ਸਾਨੂੰ ਪੁੱਛਣ ਲੱਗਾ, "ਕੈਸਟਾਂ ਤਾਂ ਸਾਰੇ ਲੋਕਾਂ ਕੋਲ ਹਨ। ਇਹ ਸੁੱਟਣ ਲਈ ਕਿਉਂ ਕਹਿ ਰਹੇ ਹਨ ?" ਅਸੀਂ ਉਸ ਨੂੰ ਦੱਸਿਆ ਕਿ ਇਨ੍ਹਾਂ ਦਾ ਮਤਲਬ ਭਾਰਤ ਦੀ ਏਕਤਾ ਵਿਰੁੱਧ ਪ੍ਰਚਾਰ ਦੀਆਂ ਕੈਸਟਾਂ ਤੋਂ ਹੈ। ਉਸ ਨੇ ਸੁਖ ਦਾ ਸਾਹ ਲਿਆ। ਵੈਸੇ ਪਾਕਿਸਤਾਨ ਵਿਚ ਅਸੀਂ ਕਿਤੇ ਵੀ ਭਾਰਤ-ਵਿਰੋਧੀ ਕੈਸਟਾਂ ਵਿਕਦੀਆਂ ਨਹੀਂ ਵੇਖੀਆਂ ਸਨ। ਪਾਕਿਸਤਾਨ ਸਰਕਾਰ ਸਮਝ ਚੁੱਕੀ ਹੈ ਕਿ ਸਿੱਖ ਹੁਣ ਧੋਖੇ ਵਿੱਚ ਨਹੀਂ ਆਉਣੇ। ਪ੍ਰਚਾਰ ਹੀ ਕਰਨਾ ਹੋਵੇ ਤਾਂ ਉਨ੍ਹਾਂ ਕੋਲ ਰੇਡੀਓ ਅਤੇ ਟੈਲੀਵਿਜ਼ਨ ਦੇ ਸਾਧਨ ਹਨ।

ਵਾਹਗੇ ਤੋਂ ਅਟਾਰੀ ਤੱਕ ਭਾਵੇਂ ਦੂਰੀ ਬਹੁਤ ਘੱਟ ਹੈ, ਪਰ ਗੱਡੀ ਹੌਲੀ ਚੱਲਣ ਕਰਕੇ ਸਮਾਂ ਖਾਸਾ ਲੱਗ ਜਾਂਦਾ ਹੈ। ਮੁਸ਼ਾਫਰ ਆਪਣੇ ਅਨੁਭਵ ਸਾਂਝੇ ਕਰਕੇ ਸਮਾਂ ਲੰਘਾ ਰਹੇ ਸਨ। ਇੱਕ ਆਦਮੀ ਇੰਗਲੈਂਡ, ਅਮਰੀਕਾ ਆਦਿ ਘੁੰਮ ਕੇ ਆ ਚੁੱਕਾ ਸੀ। ਉਹ ਦੱਸ ਰਿਹਾ ਸੀ ਕਿ ਜੇ ਪਾਸਪੋਰਟ 'ਤੇ ਪਾਕਿਸਤਾਨ ਦੇ ਵੀਜ਼ੇ ਦੀ ਮੋਹਰ ਲੱਗੀ ਹੋਵੇ ਤਾਂ ਪੱਛਮੀ ਦੇਸ਼ਾਂ ਦਾ ਵੀਜ਼ਾ ਔਖਾ ਮਿਲਦਾ ਹੈ। ਇਕ ਯਾਤਰੀ ਕਹਿ ਰਿਹਾ ਸੀ ਕਿ ਇਹ ਗੱਲ ਠੀਕ ਨਹੀਂ ਹੈ। ਉਹ ਤਿੰਨ ਚਾਰ ਵਾਰ ਪਾਕਿਸਤਾਨ ਜਾਣ ਤੋਂ ਬਾਅਦ ਅਮਰੀਕਾ ਹੋ ਕੇ ਆਇਆ ਸੀ। ਸ਼ਾਇਦ ਆਪਣੇ

ਆਪਣੇ ਹਾਲਾਤ ਅਤੇ ਰਾਜਨੀਤਕ ਸਥਿਤੀ ਉੱਤੇ ਨਿਰਭਰ ਹੋਣਾ ਹੈ।

ਥੱਕੇ ਹਾਰੇ ਹੋਣ ਕਰਕੇ ਮੈਂ ਵਾਰ-ਵਾਰ ਪਾਕਿਸਤਾਨ ਜਾਣ ਵਾਲਿਆਂ ਨੂੰ ਦਾਦ ਦੇ ਰਿਹਾ ਸਾਂ। ਗੁਰਧਾਮਾਂ ਦੇ ਦਰਸ਼ਨ ਕਰਨ ਅਤੇ ਸੀਸ ਝੁਕਾਉਣ ਨੂੰ ਤਾਂ ਵਾਰ-ਵਾਰ ਜੀਅ ਕਰਦਾ ਹੈ, ਪਰ ਨਾਲ ਬੁਨਿਆਦੀ ਸਹੂਲਤਾਂ ਵੀ ਲੋੜੀਂਦੀਆਂ ਹਨ। ਮੈਂ ਤਾਂ ਸੋਚ ਲਿਆ ਸੀ ਕਿ ਠਹਿਰਨ ਲਈ ਹੋਰ ਇਮਾਰਤਾਂ ਬਣਨ ਤੱਕ ਦੁਬਾਰਾ ਨਹੀਂ ਜਾਣਾ। ਮੇਰੇ ਦਿਮਾਗ ਵਿਚ ਬਾਬਰ ਦੇ ਇਕ ਜਰਨੈਲ ਦੀ ਗੱਲ ਘੁੰਮ ਰਹੀ ਸੀ। ਉਹ ਭਾਰਤ ਦੇ ਮੈਦਾਨਾਂ ਦੀ ਜੇਠ ਹਾੜ੍ਹ ਦੀ ਗਰਮੀ ਵਿਚ ਬੌਂਦਲ ਗਿਆ। ਜਲਦੀ ਵਾਪਸ ਆਉਣ ਦਾ ਵਾਅਦਾ ਕਰਕੇ ਉਸਨੇ ਬਾਬਰ ਤੋਂ ਵਾਪਸ ਅਫ਼ਗਾਨਿਸਤਾਨ ਜਾਣ ਦੀ ਇਜਾਜ਼ਤ ਲੈ ਲਈ। ਰਾਵੀ ਪਾਰ ਕਰਕੇ ਉਸਨੇ ਬਾਬਰ ਨੂੰ ਇਕ ਸਤਰ ਲਿਖ ਕੇ ਇਕ ਸਿਪਾਹੀ ਦੇ ਹੱਥ ਸੁਨੇਹਾ ਭੇਜ ਦਿੱਤਾ। ਉਸ ਦਾ ਪੰਜਾਬੀ ਵਿੱਚ ਖੁੱਲ੍ਹਾ ਉਲਥਾ ਇਹ ਹੈ :

*"ਇਕ ਵਾਰੀ ਜੇ ਲੰਘ ਜਾਂ ਸਿੰਧ,*
*ਫੇਰ ਨਹੀਂ ਵੜਦਾ ਮੁੜ ਕੇ ਹਿੰਦ।"*

ਫਿਲਹਾਲ, ਮੇਰੇ ਲਈ ਅਟਾਰੀ ਦਾ ਸਟੇਸ਼ਨ ਸਿੰਧ ਦਰਿਆ ਦੇ ਬਰਾਬਰ ਸੀ।

**ਅਟਾਰੀ ਚੈੱਕ ਪੋਸਟ :** ਅਟਾਰੀ ਆ ਕੇ ਫਿਰ ਉਹੀ ਮੁਸੀਬਤ ਪੇਸ਼ ਆਈ। ਮੈਂ ਸਮਾਨ ਕੋਲ ਖਲੋ ਗਿਆ ਅਤੇ ਜੌਹਲ ਸਾਹਿਬ ਇਮੀਗ੍ਰੇਸ਼ਨ ਅਤੇ ਕਸਟਮਜ਼ ਅਧਿਕਾਰੀਆਂ ਤੋਂ ਕਲੀਅਰੈਂਸ ਲੈਣ ਚਲੇ ਗਏ। ਉਹ ਬਹੁਤ ਦੇਰ ਵਾਪਸ ਨਹੀਂ ਆਏ। ਖੜ੍ਹੇ-ਖੜ੍ਹੇ ਮੇਰੇ ਪੈਰਾਂ ਵਿੱਚ ਲਹੂ ਉਤਰ ਆਇਆ। ਕਿਣ ਮਿਣ ਹੋ ਰਹੀ ਸੀ। ਠੰਢ ਹੋ ਚੱਲੀ ਸੀ। ਬੈਠਣ ਨੂੰ ਕੋਈ ਥਾਂ ਨਹੀਂ ਸੀ। ਮੈਂ ਮੁਸਾਫਰਾਂ ਦਾ ਸਮਾਨ ਵੇਖ ਵੇਖ ਕੇ ਮਨ ਬਹਿਲਾਈ ਗਿਆ। ਬਹੁਤ ਸਾਰਿਆਂ ਨੇ ਵਿਦੇਸ਼ੀ ਮੋਹਰ ਵਾਲੇ ਚੀਨੀ ਦੇ ਕੱਪ ਪਲੇਟਾਂ ਦੇ ਕਿਚਨ ਸੈੱਟ ਚੁੱਕੇ ਹੋਏ ਸਨ। ਅਧਿਕਤਰ ਨਕਲੀ ਸਨ ਕਿਉਂਕਿ ਉਨ੍ਹਾਂ ਉਤੇ ਅੰਗ੍ਰੇਜ਼ੀ ਦੇ ਅੱਖਰ-ਜੋੜ ਹੀ ਗਲਤ ਸਨ। Kitchen Ware ਦੀ ਥਾਂ ਤੇ Kitchen Wear ਛਪਿਆ ਹੋਇਆ ਸੀ। ਮੈਂ ਖੜ੍ਹਾ ਮੁਸਕਰਾਈ ਗਿਆ। ਭੋਲੇ ਯਾਤਰੀ ਠੱਗੇ ਗਏ ਸਨ।

ਸਾਡੀ ਗੱਡੀ ਨਾਲ ਇਕ ਫੁੱਲਾਂ ਨਾਲ ਸਜਿਆ ਹੋਇਆ ਡੱਬਾ ਸੀ। ਉਸ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਈ ਬਿਰਧ ਸਰੀਰ ਰੱਖੇ ਹੋਏ ਸਨ। ਸਿੰਧੀ ਸਿੱਖ ਸਹਿਜਧਾਰੀ ਹਨ, ਪਰ ਉਹ ਅਧਿਕਤਰ ਘਰਾਂ ਵਿੱਚ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕਰਦੇ ਹਨ। ਉਸ ਡੱਬੇ ਵਿਚ ਗੁਰੂ ਨਾਨਕ ਨਾਮ ਲੇਵਾ ਸਿੰਧੀ ਸਹਿਜਧਾਰੀ ਸਿੱਖ ਆਏ ਸਨ। ਉਹ ਅਟਾਰੀ ਹੀ ਉਤਰ ਗਏ ਕਿਉਂਕਿ ਉਨ੍ਹਾਂ ਨੇ ਇੱਥੋਂ ਗੋਇੰਦਵਾਲ ਸਾਹਿਬ ਜਾਣਾ ਸੀ। ਜਦੋਂ ਪੂਰੇ ਸਤਿਕਾਰ ਅਤੇ ਮਰਿਯਾਦਾ ਅਨੁਸਾਰ ਸਿਰਾਂ ਉਪਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਬਿਰਧ ਸਰੀਰਾਂ ਨੂੰ ਚੁੱਕ ਕੇ ਵਾਹਿਗੁਰੂ ਦਾ ਜਾਪ ਕਰਦੇ ਹੋਏ ਉਹ 35-40 ਸਿੰਧੀ ਸਿੱਖ ਨੰਗੇ ਪੈਰੀਂ ਪਲੇਟਫਾਰਮ ਉਤੋਂ ਲੰਘੇ ਤਾਂ ਸਾਰੇ ਲੋਕ ਥਾਉਂ ਥਾਂਈ ਹੱਥ ਜੋੜ ਕੇ ਸੀਸ ਝੁਕਾ ਕੇ ਚੁੱਪ ਚਾਪ ਖੜ੍ਹੇ ਹੋ ਗਏ। ਕੁਝ ਦੇਰ ਲਈ ਬਿਲਕੁਲ ਚੁੱਪ ਅਤੇ ਸ਼ਾਂਤੀ ਹੋ ਗਈ। ਸਮਾਂ ਰੁਕ ਜਿਹਾ ਗਿਆ।

ਅਖੀਰ ਪਾਸਪੋਰਟ ਚੈੱਕ ਹੋ ਹੀ ਗਏ। ਦੇਰ ਹੋਣ ਦਾ ਕਾਰਨ ਉਹੀ ਪੁਰਾਣਾ ਸੀ। ਇਮੀਗ੍ਰੇਸ਼ਨ ਅਤੇ ਕਸਟਮਜ਼ ਕੇਂਦਰੀ ਸਰਕਾਰ ਦੇ ਮਹਿਕਮੇ ਹਨ। ਉਨ੍ਹਾਂ ਨੂੰ ਸ਼ਾਇਦ ਪੰਜਾਬ ਦੇ ਨਵੇਂ ਜ਼ਿਲ੍ਹੇ-ਨਵਾਂ ਸ਼ਹਿਰ, ਮੋਗਾ ਮੁਕਤਸਰ ਬਣਨ ਬਾਰੇ ਰਿਕਾਰਡ ਵਿਚ ਕਿਤੇ ਲਿਖਿਆ ਹੀ

ਨਹੀਂ ਮਿਲਿਆ। ਜੌਹਲ ਸਾਹਿਬ ਨੇ ਦੱਸਿਆ ਕਿ ਪਹਿਲਾਂ ਉਨ੍ਹਾਂ ਘੰਟਾ ਭਰ ਫਰੀਦਕੋਟ ਵਾਲੀ ਲੰਬੀ ਲਾਈਨ ਵਿੱਚ ਖੜ੍ਹਾਈ ਰੱਖੇ। ਵਾਰੀ ਆਈ ਤਾਂ ਹੋਰ ਕਾਊਂਟਰ ਉੱਤੇ ਭੇਜ ਦਿੱਤੇ। ਮੇਰਾ ਪਾਸਪੋਰਟ ਉਨ੍ਹਾਂ ਨੇ ਕੋਲ ਰੱਖ ਲਿਆ ਸੀ। ਮੈਂ ਗਿਆ ਅਤੇ ਸ਼ਕਲ ਵਿਖਾ ਕੇ ਪਾਸਪੋਰਟ ਲੈ ਆਇਆ। ਅਟਾਰੀ ਰੇਲਵੇ ਸਟੇਸ਼ਨ ਤੇ ਬਾਰਸ਼ ਅਤੇ ਠੰਢ ਤੋਂ ਬਚਣ ਲਈ ਹਾਲ ਨਹੀਂ। ਬਾਥਰੂਮ ਗੰਦੇ ਅਤੇ ਬਹੁਤ ਦੂਰ ਇੱਕ ਕੋਨੇ ਤੇ ਹਨ। ਪਰ, ਏਥੇ ਚੈਕਿੰਗ ਬਹੁਤ ਧਿਆਨ ਨਾਲ ਕੀਤੀ ਜਾਂਦੀ ਹੈ ਅਤੇ ਡੰਡੇ ਘੁਮਾਉਂਦੇ ਹੋਏ ਸਖ਼ਤ ਪੁਲੀਸ ਵਾਲੇ ਕਿਸੇ ਨੂੰ ਚੂੰ ਨਹੀਂ ਕਰਨ ਦਿੰਦੇ। ਜਥਿਆਂ ਵਿੱਚ ਬਹੁਤੇ ਅਨਪੜ੍ਹ ਯਾਤਰੀ ਹੋਣ ਕਰਕੇ ਫਾਰਮ ਭਰਨ ਵਿੱਚ ਦਿੱਕਤ ਆਉਂਦੀ ਹੈ ਕਿਉਂਕਿ ਉਹ ਅੰਗ੍ਰੇਜ਼ੀ ਅਤੇ ਹਿੰਦੀ ਵਿੱਚ ਹੀ ਹੁੰਦੇ ਹਨ।

ਸਮਾਨ ਰੱਖਣ ਲਈ ਰੇਹੜੀ ਲੈਣ ਗਏ ਤਾਂ ਉਥੇ ਵੀ ਲਾਈਨ ਲੱਗੀ ਹੋਈ ਸੀ। ਕਈ ਯਾਤਰੀ ਰੇਹੜੀ ਵਾਪਸ ਨਹੀਂ ਛੱਡ ਕੇ ਆਉਂਦੇ ਸਨ। ਅਖੀਰ ਅਸੀਂ ਰੇਹੜੀ ਲੈ ਆਂਦੀ ਅਤੇ ਸਮਾਨ ਰੱਖ ਕੇ ਕਸਟਮਜ਼ ਵਾਲਿਆਂ ਕੋਲ ਲੈ ਗਏ। ਅਸੀਂ ਥੱਕ ਕੇ ਚੂਰ ਹੋਏ ਪਏ ਸਾਂ। ਅਸੀਂ ਸੋਚਿਆ ਕਿ ਜੇ ਇਹ ਅਟੈਚੀ, ਬੈਗ ਅਤੇ ਡ੍ਰਾਈ ਫਰੂਟ ਵਾਲੀ ਕਪੜੇ ਦੀ ਥੈਲੀ ਖੁਲ੍ਹਾ ਕੇ ਵੇਖਣ ਲੱਗ ਪਏ ਤਾਂ ਸਾਰਾ ਖਿਲਾਰਾ ਪੈ ਜਾਵੇਗਾ। ਸਾਡੇ ਕੋਲ ਬਹੁਤਾ ਸਮਾਨ ਨਹੀਂ ਸੀ ਅਤੇ ਕੋਈ ਇਤਰਾਜ਼ ਵਾਲੀ ਚੀਜ਼ ਨਹੀਂ ਸੀ। ਪਰ ਖੋਲ੍ਹਣ-ਬੰਦ ਕਰਨ ਦੇ ਝਮੇਲੇ ਤੋਂ ਡਰ ਆਉਂਦਾ ਸੀ।

ਅਸੀਂ ਉਹੀ ਪੁਰਾਣਾ ਅੰਗ੍ਰੇਜ਼ੀ ਬੋਲਣ ਵਾਲਾ ਫਾਰਮੂਲਾ ਵਰਤਿਆ। ਸਾਥੋਂ ਅੱਗੇ ਇੱਕ ਪੇਂਡੂ ਬਾਬਾ ਸੀ ਜਿਸ ਦੀ ਪੰਜਾਬੀ ਕਸਟਮਜ਼ ਵਾਲਿਆਂ ਨੂੰ ਸਮਝ ਨਹੀਂ ਆ ਰਹੀ ਸੀ ਅਤੇ ਕੇਂਦਰੀ ਸਰਕਾਰ ਦੇ ਅਫਸਰਾਂ ਦੀ ਹਿੰਦੀ ਉਸ ਨੂੰ ਸਮਝ ਨਹੀਂ ਆ ਰਹੀ ਸੀ। ਜਿਵੇਂ ਤਿਵੇਂ ਉਸਦੀ ਕਲੀਅਰੈਂਸ ਹੋ ਗਈ। ਅਸੀਂ ਅੰਗ੍ਰੇਜ਼ੀ ਵਿੱਚ ਕਿਹਾ ਕਿ ਅਸੀਂ ਦੋਵੇਂ ਪੰਜਾਬ ਦੇ ਸਰਕਾਰੀ ਕਾਲਜਾਂ ਵਿਚ ਅੰਗ੍ਰੇਜ਼ੀ ਦੇ ਪ੍ਰੋਫੈਸਰ ਰਹੇ ਹਾਂ। ਸਾਡੇ ਕੋਲ ਕੋਈ ਇਤਰਾਜ਼ ਵਾਲੀ ਚੀਜ਼ ਨਹੀਂ ਹੈ। ਉਸ ਅਫ਼ਸਰ ਉਤੇ ਬਿਜਲੀ ਦੀ ਤਰੰਗ ਵਾਂਗ ਅਸਰ ਹੋਇਆ। ਉਸ ਨੇ ਕਿਹਾ ਕਿ ਤੁਸੀਂ ਕੁਝ ਨਾ ਖੋਲ੍ਹੋ। ਸਿਰਫ ਨੰਬਰ ਲੁਵਾ ਲਓ ਅਤੇ ਜਾਓ। ਅੰਗ੍ਰੇਜ਼ੀ ਭਾਸ਼ਾ ਵਾਕਿਆ ਹੀ ਬਹੁਤ ਕੰਮ ਆਉਂਦੀ ਹੈ।

ਇਕ ਪੰਜਾਬ ਪੁਲੀਸ ਵਾਲਾ ਸਾਡੇ ਤੇ ਔਖਾ ਜੇਹਾ ਲਗਦਾ ਸੀ। ਸ਼ਾਇਦ ਉਸ ਨੂੰ ਗੁੱਸਾ ਸੀ ਕਿ ਇਹ ਅੰਗ੍ਰੇਜ਼ੀ ਦੇ ਦੋ ਫ਼ਿਕਰੇ ਬੋਲ ਕੇ ਏਨੇ ਸੌਖੇ ਕਿਉਂ ਨਿਕਲ ਗਏ। ਉਹ ਰੋਹਬ ਨਾਲ ਬੋਲਿਆ, "ਕੋਈ ਡ੍ਰਾਈ ਫਰੂਟ ਪੰਜ ਕਿਲੋ ਤੋਂ ਜ਼ਿਆਦਾ ਤਾਂ ਨਹੀਂ।" ਅਸੀਂ ਕਿਹਾ, "ਨਹੀਂ, ਸਰ।" ਇਹ ਵੀ ਫ਼ਾਰਮੂਲਾ ਕੰਮ ਦਾ ਹੈ ਕਿ ਪੁਲੀਸ ਦੇ ਸਿਪਾਹੀ ਤੋਂ ਲੈ ਕੇ ਉੱਚੇ ਅਫ਼ਸਰਾਂ ਤੱਕ 'ਸਰ' ਜ਼ਰੂਰ ਕਹੋ। ਸਾਨੂੰ ਤਾਂ ਪਤਾ ਹੀ ਏਥੇ ਆ ਕੇ ਲੱਗਿਆ ਕਿ ਪੰਜ-ਪੰਜ ਕਿਲੋ ਹਰ ਤਰ੍ਹਾਂ ਦਾ ਡ੍ਰਾਈ ਫਰੂਟ ਲਿਆਂਦਾ ਜਾ ਸਕਦਾ ਹੈ। ਅਸੀਂ ਤਾਂ ਕੋਈ ਵੀ ਚੀਜ਼ ਦੋ ਤਿੰਨ ਕਿਲੋ ਤੋਂ ਵੱਧ ਨਹੀਂ ਖਰੀਦੀ ਸੀ। ਮੇਰੇ ਹੱਥ ਵਿੱਚ ਬਦਾਮ ਰੋਗਨ ਦੀਆਂ ਦੋ ਛੋਟੀਆਂ ਛੋਟੀਆਂ ਪਲਾਸਟਿਕ ਦੀਆਂ ਕੇਨੀਆਂ ਵੇਖ ਕੇ ਉਸ ਨੇ ਆਪਣੀ ਬਦਨੀਤੀ ਵਿਖਾ ਹੀ ਦਿੱਤੀ। ਬੋਲਿਆ, "ਥੋੜ੍ਹਾ ਆਹ ਚਾਹੀਦਾ ਸੀ।" ਸ਼ਾਇਦ 'ਬਦਾਮ ਰੋਗਨ' ਉਸ ਦੇ ਦਿਮਾਗ ਵਿੱਚ ਨਹੀਂ ਆਇਆ ਤੇ 'ਆਹ' ਕਹਿ ਕੇ ਕੰਮ ਸਾਰ ਲਿਆ। ਅਸੀਂ ਉਸ ਨੂੰ ਟਾਲ ਦਿੱਤਾ ਅਤੇ ਪਲੇਟਫਾਰਮ ਉੱਤੇ ਆ ਗਏ। ਇੱਕ ਵਾਰ ਫਿਰ ਅਸੀਂ ਭਾਰਤ ਦੇ ਨਾਗਰਿਕ ਬਣ ਗਏ ਸਾਂ।

ਸਾਡੇ ਕੋਲ ਆਪ ਚੁੱਕਣ ਜੋਗਾ ਹੀ ਸਮਾਨ ਸੀ। ਫਿਰ ਵੀ 10-12 ਸਾਲ ਦੇ ਦੋ ਮੁੰਡੇ

ਸਮਾਨ ਚੁੱਕਣ ਦੀ ਜਿਦ ਕਰ ਰਹੇ ਸਨ। ਉਹ ਏਥੋਂ ਦੇ ਹੀ ਸਨ; ਕੁਲੀ ਨਹੀਂ ਸਨ। ਡੱਬਾ ਚੁਣਨ ਤੱਕ ਉਹ ਸਾਡੇ ਮਗਰ ਲੱਗੇ ਰਹੇ। ਉਨ੍ਹਾਂ ਦੀ ਨੀਅਤ ਖਰਾਬ ਲਗਦੀ ਸੀ ਕਿਉਂਕਿ ਕਾਫੀ ਰਾਤ ਹੋ ਚੁੱਕੀ ਸੀ ਅਤੇ ਗੱਡੀ ਦੇ ਦੂਜੇ ਪਾਸੇ ਘੁੱਪ ਹਨੇਰਾ ਸੀ। ਉਨ੍ਹਾਂ ਦੀ ਕੁਝ ਚੁੱਕ ਕੇ ਦੂਜੇ ਪਾਸੇ ਭੱਜਣ ਦੀ ਨੀਅਤ ਲਗਦੀ ਸੀ। ਉਨ੍ਹਾਂ ਨੂੰ ਘੁਰਕੀ ਮਾਰ ਕੇ ਭਜਾਉਣਾ ਪਿਆ।

ਗੱਡੀ ਵਿੱਚ ਸਾਨੂੰ ਖਾਲੀ ਜੇਹਾ ਡੱਬਾ ਮਿਲ ਗਿਆ। ਕੁਝ ਯਾਤਰੀ ਸਾਥੋਂ ਵੀ ਨਿਕੰਮੇ ਸਨ ਜਿਹੜੇ ਅਜੇ ਵੀ ਵਿਹਲੇ ਨਹੀਂ ਹੋਏ ਸਨ। ਦਸ, ਸਾਢੇ ਦਸ ਵਜੇ ਜਦੋਂ ਗੱਡੀ ਤੁਰਨ ਲਈ ਤਿਆਰ ਹੋਈ ਤਾਂ ਉਹ ਕਸਟਮਜ਼ ਅਧਿਕਾਰੀ ਵੀ ਸਾਡੇ ਨਾਲ ਆ ਬੈਠੇ ਜਿਨ੍ਹਾਂ ਨੇ ਸਾਨੂੰ ਸਨਮਾਨ ਪੂਰਵਕ ਕਲੀਅਰ ਕੀਤਾ ਸੀ। ਉਹ ਲਾਲਚੀ ਪੁਲੀਸ ਵਾਲਾ ਨਾਲ ਨਹੀਂ ਸੀ। ਅਸੀਂ ਅੰਮ੍ਰਿਤਸਰ ਤੱਕ ਇਧਰ ਉਧਰ ਦੀਆਂ ਗੱਲਾਂ ਕਰਦੇ ਰਹੇ। ਉਹ ਸਾਨੂੰ ਪਾਕਿਸਤਾਨ ਬਾਰੇ ਸਵਾਲ ਪੁਛਦੇ ਰਹੇ। ਉਨ੍ਹਾਂ ਨੇ ਦੱਸਿਆ ਕਿ ਪਾਕਿਸਤਾਨ ਤੋਂ ਆਏ ਹੋਏ ਯਾਤਰੀ ਭਾਰਤ ਵਿੱਚੋਂ ਹਾਜ਼ਮੋਲਾ, ਚੂਰਨ ਅਤੇ ਆਂਵਲਾ ਤੇਲ ਬਹੁਤ ਜ਼ਿਆਦਾ ਲੈ ਕੇ ਜਾਂਦੇ ਹਨ। ਉਨ੍ਹਾਂ ਨੇ ਅੰਬਾਲੇ ਜਾਂ ਦਿੱਲੀ ਪਹੁੰਚਣਾ ਸੀ। ਸਾਰੀ ਰਾਤ ਜਾਗ ਕੇ ਕੱਟਣੀ ਸੀ। ਉਨ੍ਹਾਂ ਨੇ ਦੱਸਿਆ ਕਿ ਜਿਹੜੇ ਲੋਕ ਚੀਨੀ ਦੇ ਬਰਤਨ ਵਗੈਰਾ ਲਿਆਏ ਸਨ, ਉਨ੍ਹਾਂ ਦੀ ਚੈਕਿੰਗ ਤੇ ਟਾਈਮ ਲੱਗਿਆ ਸੀ ਕਿਉਂਕਿ ਉਹ ਖੋਲ੍ਹ ਕੇ ਧਿਆਨ ਨਾਲ ਵੇਖਣੇ ਪੈਂਦੇ ਹਨ। ਯਾਤਰੀ ਸਮਝਦੇ ਹਨ ਕਿ ਇਹ ਅਫਸਰ ਪ੍ਰੇਸ਼ਾਨ ਕਰਦੇ ਹਨ। ਪਰ ਸਾਨੂੰ ਹੁਣ ਪਤਾ ਲੱਗਿਆ ਕਿ ਇਹ ਵਿਚਾਰੇ ਤਾਂ ਆਪ ਜਲਦੀ ਵਿਹਲੇ ਹੋ ਕੇ ਘਰੋਂ ਘਰੀਂ ਪਹੁੰਚਣਾ ਚਾਹੁੰਦੇ ਹਨ।

**ਅੰਮ੍ਰਿਤਸਰ ਵਾਪਸੀ :** ਗਿਆਰਾਂ ਵਜੇ ਦੇ ਕਰੀਬ ਸਾਡੀ ਗੱਡੀ ਅੰਮ੍ਰਿਤਸਰ ਪਹੁੰਚੀ। ਬਿਜਲੀ ਲਿਸ਼ਕ ਰਹੀ ਸੀ ਅਤੇ ਕਿਣ ਮਿਣ ਹੋ ਰਹੀ ਸੀ। ਮੌਕੇ ਦਾ ਫਾਇਦਾ ਉਠਾ ਕੇ ਕੁਲੀ ਬਹੁਤ ਜ਼ਿਆਦਾ ਪੈਸੇ ਮੰਗ ਰਹੇ ਸਨ। ਅਸੀਂ ਸਟੇਸ਼ਨ ਦੇ ਨੇੜੇ ਹੀ ਕਿਸੇ ਹੋਟਲ ਵਿੱਚ ਰਾਤ ਕੱਟਣ ਬਾਰੇ ਸੋਚਿਆ, ਕਿਉਂਕਿ ਬਾਰਸ਼ ਵਿੱਚ ਹਰਿਮੰਦਰ ਸਾਹਿਬ ਪਹੁੰਚਣਾ ਔਖਾ ਲਗਦਾ ਸੀ। ਜੌਹਲ ਸਾਹਿਬ ਪਤਾ ਕਰਨ ਗਏ, ਪਰ ਕੋਈ ਹੋਟਲ ਠੀਕ ਨਾ ਆਇਆ। ਭੀੜ ਘਟ ਗਈ ਸੀ। ਸਮਾਨ ਲੈ ਕੇ ਅਸੀਂ ਬਾਹਰ ਗਏ। ਇਕ ਆਟੋ ਰਿਕਸ਼ਾ ਮਿਲ ਗਿਆ। ਬਹੁਤ ਸਾਰੇ ਯਾਤਰੀ ਪੈਦਲ ਹੀ ਦਰਬਾਰ ਸਾਹਿਬ ਵੱਲ ਜਾ ਰਹੇ ਸਨ। ਇਕ ਯਾਤਰੀ ਨੇ ਤਾਂ ਕਮਾਲ ਹੀ ਕਰ ਦਿੱਤੀ। ਉਹ ਪਾਕਿਸਤਾਨ ਤੋਂ ਫੋਮ ਦੇ ਗੱਦਿਆਂ ਦਾ ਜੋੜਾ ਲਿਆਇਆ ਸੀ। ਕਈ ਯਾਤਰੀ ਉਸਦੇ ਪਲਾਸਟਿਕ ਵਿੱਚ ਲਪੇਟੇ ਗੱਦਿਆਂ ਦੀ ਛਤਰੀ ਬਣਾ ਕੇ ਹਸਦੇ ਖੇਡਦੇ ਜਾ ਰਹੇ ਸਨ। ਵਾਰੇ ਵਾਰੇ ਜਾਈਏ ਇਨ੍ਹਾਂ ਪੰਜਾਬੀਆਂ ਦੇ।

ਸ਼੍ਰੀ ਹਰਿਮੰਦਰ ਸਾਹਿਬ ਪਹੁੰਚ ਕੇ ਪੁੱਛ-ਗਿੱਛ ਦੀ ਖਿੜਕੀ ਤੇ ਬੈਠੇ ਇਕ ਸਰਾਂ ਦੇ ਸੇਵਾਦਾਰ ਤੋਂ ਕਮਰਾ ਮੰਗਿਆ। ਸਾਡੇ ਨਾਮ ਪੁੱਛ ਕੇ ਉਸਨੇ ਦੱਸਿਆ ਕਿ ਸਾਡੇ ਲਈ ਕਮਰਾ ਬੁੱਕ ਕੀਤਾ ਹੋਇਆ ਸੀ। ਅੱਧੀ ਰਾਤ ਹੋਣ ਵਾਲੀ ਸੀ। ਥੱਕ ਕੇ ਚੂਰ ਹੋ ਚੁੱਕੇ ਸਾਂ। ਡਰ ਸੀ ਕਿ ਕਿਤੇ ਉਹੀ 8 ਤਾਰੀਖ ਵਾਲੀ ਪ੍ਰੇਸ਼ਾਨੀ ਨਾ ਹੋਵੇ। ਪਰ ਅੱਜ ਭੀੜ ਨਹੀਂ ਸੀ ਅਤੇ ਸਾਥੋਂ ਪਹਿਲਾਂ ਆਏ ਇਕ ਦੋਸਤ ਨੇ ਕਮਰਾ ਬੁੱਕ ਕਰਵਾ ਦਿੱਤਾ ਸੀ। ਅਸੀਂ ਸੁਖ ਦਾ ਸਾਹ ਲਿਆ। ਸਮਾਨ ਰੱਖ ਕੇ ਲੰਗਰ ਛਕਣ ਚਲੇ ਗਏ। ਸ਼ਹਿਰ ਦੇ ਧਰਮੀ ਲੋਕਾਂ ਨੇ ਬਾਹਰ ਲੰਗਰ ਲਾਇਆ ਹੋਇਆ ਸੀ। ਗੁਰੂ ਘਰ ਦਾ ਲੰਗਰ ਵੀ ਚੱਲ ਰਿਹਾ ਸੀ। ਕਮਰੇ ਵਿੱਚ ਜਦੋਂ ਅਸੀਂ ਵਾਪਸ ਪਹੁੰਚੇ ਤਾਂ 20 ਤਾਰੀਖ ਸ਼ੁਰੂ ਹੋ ਚੁੱਕੀ ਸੀ। 55 ਕਿਲੋਮੀਟਰ ਦਾ ਸਫਰ ਅਸੀਂ 15-16 ਘੰਟਿਆਂ ਵਿੱਚ ਤੈਅ

ਕੀਤਾ ਸੀ ! ਲੇਟਦੇ ਹੀ ਨੀਂਦ ਆ ਗਈ।

ਮੈਨੂੰ ਸਕੂਲ ਦੇ ਹੋਸਟਲ ਵੇਲੇ ਦੀ ਆਦਤ ਹੈ ਕਿ ਭਾਵੇਂ ਕਿੰਨੇ ਵਜੇ ਵੀ ਨੀਂਦ ਆਵੇ, ਸਵੇਰੇ ਪੰਜ 'ਕੁ ਵਜੇ ਜਾਗ ਜ਼ਰੂਰ ਆ ਜਾਂਦੀ ਹੈ। ਮੈਂ ਸਵੇਰੇ ਇਸ਼ਨਾਨ ਕਰਕੇ ਦਰਬਾਰ ਸਾਹਿਬ ਮੱਥਾ ਟੇਕਣ ਚਲਾ ਗਿਆ। ਬਾਅਦ ਵਿੱਚ ਚਾਹ ਪੀਣ ਲਈ ਨੇੜੇ ਦੇ ਬਾਜ਼ਾਰ ਵਿਚ ਚਲਾ ਗਿਆ। ਚਾਹ ਦੀ ਦੁਕਾਨ ਦੇ ਸਾਹਮਣੇ ਇਕ ਤੰਗ ਜੇਹੇ ਬਾਜ਼ਾਰ ਵਿੱਚ ਮਕਾਨਾਂ ਦੇ ਵਿਚਾਲੇ ਇਕ ਛੋਟੀ ਜਿਹੀ ਮਸੀਤ ਵਿੱਚ ਉਥੋਂ ਦਾ ਮੁਸਲਮਾਨ ਸੇਵਕ ਵੇਖਿਆ। ਉਹ ਸ਼ਰਧਾ ਪੂਰਵਕ ਆਪਣੇ ਧਾਰਮਿਕ ਕਰਤਵ ਪੂਰੇ ਕਰ ਰਿਹਾ ਸੀ। ਇਹ ਹੈ ਭਾਰਤ ! ਸਾਰੇ ਧਰਮਾਂ ਵਾਲੇ ਆਪਣੇ ਧਰਮ ਅਸਥਾਨਾਂ ਦੀ ਸੇਵਾ ਸੰਭਾਲ ਆਪ ਕਰਦੇ ਹਨ। ਪਾਕਿਸਤਾਨ ਵਿਚ ਵੱਡੇ ਗੁਰਦੁਆਰੇ ਵੀ ਸਿੱਖਾਂ ਨੂੰ ਆਪ ਸੰਭਾਲਣ ਦੀ ਆਗਿਆ ਨਹੀਂ। ਇਹ ਹੀ ਹਾਲ ਬਚੇ ਹੋਏ ਹਿੰਦੂ ਮੰਦਰਾਂ ਦਾ ਹੈ। ਧਾਰਮਿਕ ਅਜ਼ਾਦੀ ਬਾਰੇ ਦੋਹਾਂ ਦੇਸ਼ਾਂ ਵਿੱਚ ਜ਼ਮੀਨ ਅਸਮਾਨ ਦਾ ਅੰਤਰ ਹੈ।

ਸਾਨੂੰ ਵਾਪਸ ਘਰ ਜਾਣ ਦੀ ਕੋਈ ਕਾਹਲ ਨਹੀਂ ਸੀ। ਆਰਾਮ ਨਾਲ ਤਿਆਰ ਹੋਏ। ਫਿਰ ਦਰਬਾਰ ਸਾਹਿਬ ਦੇ ਸਾਹਮਣੇ ਵਾਲੇ ਬਾਜ਼ਾਰ ਵਿੱਚੋਂ ਕੁਝ ਕੜੇ ਅਤੇ ਕੰਘੇ ਖਰੀਦੇ। ਜੌਹਲ ਸਾਹਿਬ ਨੇ ਕਾਫੀ ਧਿਆਨ ਨਾਲ ਵੇਖ ਕੇ ਦੇਸੀ ਦਵਾਈਆਂ ਬਣਾਉਣ ਬਾਰੇ ਇੱਕ ਕਿਤਾਬ ਖਰੀਦੀ। ਦੁਪਹਿਰੇ ਲੰਗਰ ਛਕ ਕੇ ਅਸੀਂ ਇਕ ਟਾਟਾ ਸੂਮੋ ਕਿਰਾਏ ਤੇ ਲੈ ਲਈ। ਪ੍ਰੋ. ਮਹਿਲ ਸਿੰਘ ਗਿੱਲ ਅਤੇ ਭੈਣ ਦਵਿੰਦਰ ਕੌਰ ਹੋਰਾਂ ਨੇ ਵੀ ਸਾਡੇ ਨਾਲ ਜਾਣਾ ਸੀ। ਸਫ਼ਲਤਾ ਪੂਰਵਕ ਯਾਤਰਾ ਪੂਰੀ ਹੋਣ ਲਈ ਅਸੀਂ ਵਾਹਿਗੁਰੂ ਅੱਗੇ ਸੀਸ ਨਿਵਾ ਕੇ ਮੁਕਤਸਰ ਲਈ ਚੱਲ ਪਏ।

ਜੀਪ ਵਾਲੇ ਕੋਲ ਟੈਕਸੀ ਪਰਮਿਟ ਨਹੀਂ ਸੀ। ਉਹ ਟ੍ਰੈਫਿਕ ਪੁਲੀਸ ਵਾਲਿਆਂ ਤੋਂ ਬਚਣ ਲਈ ਸ਼ਹਿਰਾਂ ਤੋਂ ਪਾਸੇ ਵਾਲੇ ਰਾਹਾਂ ਤੇ ਜਾਣਾ ਚਾਹੁੰਦਾ ਸੀ। ਸਾਡੇ ਇਲਾਕੇ ਦਾ ਬਹੁਤਾ ਵਾਕਫ਼ ਨਹੀਂ ਸੀ। ਉਸਨੂੰ ਗਾਈਡ ਕਰਨ ਲਈ ਜੌਹਲ ਸਾਹਿਬ ਡਰਾਈਵਰ ਦੇ ਨਾਲ ਬੈਠ ਗਏ। ਉਨ੍ਹਾਂ ਨੂੰ ਪੰਜਾਬ ਦੀਆਂ ਸਾਰੀਆਂ ਸੜਕਾਂ ਦਾ ਆਪਣੇ ਹੱਥ ਦੀਆਂ ਲਕੀਰਾਂ ਵਾਂਗ ਪਤਾ ਹੈ। ਜਦੋਂ ਘਰ ਪਹੁੰਚੇ ਤਾਂ ਸ਼ਾਮ ਹੋ ਚੁੱਕੀ ਸੀ। ਸਿਰਫ 12-13 ਦਿਨ ਘੁੰਮ ਕੇ ਆਏ ਸਾਂ। ਪਰ ਲਗਦਾ ਇਸ ਤਰ੍ਹਾਂ ਸੀ, ਜਿਵੇਂ ਮੁੱਦਤਾਂ ਹੋ ਗਈਆਂ ਹੋਣ। ਜੀਪ ਵਾਲੇ ਨੇ ਬੁਰੀ ਤਰ੍ਹਾਂ ਥਕਾ ਦਿਤਾ ਸੀ। ਚੱਕਰ ਆ ਰਹੇ ਸੀ। ਗੇਟ ਖੋਲ੍ਹਦੇ ਹੋਏ ਮੇਰੇ ਦਿਮਾਗ ਵਿੱਚ ਹਿੰਦੀ ਦਾ ਪੁਰਾਣਾ ਫ਼ਿਲਮੀ ਗੀਤ ਘੁੰਮ ਰਿਹਾ ਸੀ।

*"ਸੋਚਤਾ ਹੂੰ ਅਪਨੇ ਘਰ ਕੋ ਦੇਖ ਕਰ,*
*ਹੋ ਨਾ ਹੋ, ਹੈ ਯੇਹ ਮੇਰਾ ਦੇਖਾ ਹੂਆ।"*

ਜੀਪ ਅਜੇ ਖੜ੍ਹੀ ਹੀ ਸੀ। ਜਦੋਂ ਮੇਰੀ ਧਰਮ ਪਤਨੀ ਨਵਤੇਜ ਕੌਰ ਗੇਟ ਤੇ ਆਏ ਤਾਂ ਜਾਂਦੇ ਜਾਂਦੇ ਜੌਹਲ ਸਾਹਿਬ ਟੋਟਕਾ ਛੱਡ ਗਏ। ਕਹਿਣ ਲੱਗੇ,

" ਲਓ ਜੀ, ਸੰਭਾਲੋ ਤੁਹਾਡਾ ਬੰਦਾ। ਬੱਸ ਇਹ ਨਾ ਕਿਹੋ ਕਿ ਹੱਥ ਪੁਰਾਣੇ ਖੌਂਸੜੇ, ਬਸੰਤੇ ਹੋਰੀਂ ਆਏ.........।"

ਧੂੰਏ ਅਤੇ ਮਿੱਟੀ ਦੇ ਬੱਦਲ ਉਡਾਉਂਦੀ ਹੋਈ ਜੀਪ ਸ਼ਹਿਰ ਵੱਲ ਅਗਲੇ ਘਰ ਨੂੰ ਚਲੀ ਗਈ।

# ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਸੰਬੰਧੀ

ਗੁਰੂ ਨਾਨਕ ਦੇਵ ਮਿਸ਼ਨ ਇਕ ਪਰਉਪਕਾਰੀ ਸੰਸਥਾ ਹੈ। ਇਸ ਸੰਸਥਾ ਦੀ ਸਥਾਪਨਾ 1963 ਵਿੱਚ ਕੁੱਝ ਪ੍ਰਸਿੱਧ ਸਿੱਖ ਹਸਤੀਆਂ ਦੁਆਰਾ ਗੁਰਬਾਣੀ, ਸਿੱਖੀ ਸਿਧਾਂਤਾਂ, ਸਿੱਖ ਨੈਤਿਕਤਾ, ਸਿੱਖ ਸੱਭਿਆਚਾਰ ਅਤੇ ਸਿੱਖ ਇਤਿਹਾਸ ਸੰਬੰਧੀ ਮਹੱਤਵਪੂਰਨ ਜਾਣਕਾਰੀ ਆਮ ਲੋਕਾਂ ਤੱਕ ਪਹੁੰਚਾਉਣ ਲਈ ਕੀਤੀ ਗਈ ਸੀ। ਇਸ ਸੰਸਥਾ ਨੇ ਹੁਣ ਤੱਕ 519 ਅਜਿਹੀਆਂ ਪੁਸਤਕਾਵਾਂ (Tracts) ਪ੍ਰਕਾਸ਼ਿਤ ਕੀਤੀਆਂ ਹਨ, ਜਿਨ੍ਹਾਂ ਦੁਆਰਾ ਸਿੱਖੀ ਦੇ ਵੱਖ-ਵੱਖ ਪੱਖਾਂ ਨੂੰ ਸਪੱਸ਼ਟ ਰੂਪ ਵਿੱਚ ਉਜਾਗਰ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਇਹ ਸੰਸਥਾ ਸਿੱਖੀ ਨਾਲ ਸੰਬੰਧਿਤ ਕੇਵਲ ਸਾਹਿਤ ਨੂੰ ਹੀ ਪ੍ਰਕਾਸ਼ਿਤ ਨਹੀਂ ਕਰਦੀ, ਸਗੋਂ ਸਿੱਖ-ਸਿਧਾਂਤਾਂ ਅਨੁਸਾਰ ਹੋਰ ਵੀ ਅਨੇਕਾਂ ਪਰਉਪਕਾਰੀ ਕੰਮ ਕਰਦੀ ਹੈ। ਇਸ ਸੰਸਥਾ ਅਧੀਨ ਹੇਠ ਲਿਖੇ ਸੱਤ ਪਰਉਪਕਾਰੀ ਟਰੱਸਟ (Charitable Trusts) ਕੰਮ ਕਰ ਰਹੇ ਹਨ।

**(1) ਅਕਾਲੀ ਫੂਲਾ ਸਿੰਘ ਯਾਦਗਾਰੀ ਟਰੱਸਟ (2) ਡਾ. ਗੰਡਾ ਸਿੰਘ ਯਾਦਗਾਰੀ ਟਰੱਸਟ (3) ਮਦਰ ਆਫ਼ ਖਾਲਸਾ ਯਾਦਗਾਰੀ ਟਰੱਸਟ (4) ਗਿਆਨੀ ਕਰਤਾਰ ਸਿੰਘ ਯਾਦਗਾਰੀ ਟਰੱਸਟ (5) ਗਿਆਨੀ ਦਿੱਤ ਸਿੰਘ ਯਾਦਗਾਰੀ ਟਰੱਸਟ (6) ਭਗਤ ਲਛਮਣ ਸਿੰਘ ਯਾਦਗਾਰੀ ਟਰੱਸਟ (7) ਸ. ਨਰੈਣ ਸਿੰਘ ਯਾਦਗਾਰੀ ਟਰੱਸਟ**

ਉਪਰੋਕਤ ਵਰਣਨ ਕੰਮਾਂ ਤੋਂ ਇਲਾਵਾ ਸਕੂਲਾਂ ਅਤੇ ਕਾਲਜਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਗੁਰਮਤਿ ਸੰਬੰਧੀ ਜਾਣਕਾਰੀ ਦੇਣ ਲਈ ਇਮਤਿਹਾਨ ਆਯੋਜਿਤ ਕੀਤੇ ਜਾਂਦੇ ਹਨ। ਇਨ੍ਹਾਂ ਇਮਤਿਹਾਨਾਂ ਵਿਚ ਪ੍ਰਸ਼ਨ-ਪੱਤਰ (Questions Papers) ਸਿੱਖ ਗੁਰੂਆਂ, ਉਨ੍ਹਾਂ ਦੁਆਰਾ ਰਚਿਤ ਬਾਣੀ, ਸਿੱਖ ਇਤਿਹਾਸ ਆਦਿ ਨਾਲ ਸੰਬੰਧਿਤ ਹੁੰਦੇ ਹਨ। ਇਨ੍ਹਾਂ ਇਮਤਿਹਾਨਾਂ ਵਿਚ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲਿਆਂ ਨੂੰ ਇਨਾਮ ਵੀ ਦਿੱਤੇ ਜਾਂਦੇ ਹਨ। ਗੁਰੂ ਨਾਨਕ ਦੇਵ ਮਿਸ਼ਨ ਦੁਆਰਾ ਅਜਿਹੀਆਂ ਕਾਰਜਸ਼ਾਲਾਵਾਂ (Workshops) ਦਾ ਵੀ ਪ੍ਰਬੰਧ ਕੀਤਾ ਜਾਂਦਾ ਹੈ ਜਿਨ੍ਹਾਂ ਵਿਚ ਉੱਭਰ ਰਹੇ ਯੁਵਕ ਲੇਖਕਾਂ ਨੂੰ ਮਾਹਿਰਾਂ ਦੁਆਰਾ ਲੋੜੀਂਦੀ ਸਿਖਲਾਈ ਦਿੱਤੀ ਜਾਂਦੀ ਹੈ। ਗੁਰਮਤਿ ਕਾਲਜਾਂ ਵਿੱਚ ਪੜ੍ਹ ਰਹੇ ਲਾਇਕ ਵਿਦਿਆਰਥੀਆਂ ਨੂੰ ਵਜ਼ੀਫ਼ੇ ਅਤੇ ਹੋਰ ਲੋੜੀਂਦੀ ਸਹਾਇਤਾ ਮਿਸ਼ਨ ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ।

ਗੁਰੂ ਨਾਨਕ ਦੇਵ ਮਿਸ਼ਨ ਦੀ ਆਮਦਨ ਦੇ ਕੋਈ ਆਪਣੇ ਸੁਤੰਤਰ ਸਾਧਨ ਨਹੀਂ ਹਨ। ਗੁਰਬਾਣੀ ਸੁਨੇਹੀਆਂ ਅਤੇ ਸਿੱਖੀ ਦੇ ਹਿਤੈਸ਼ੀਆਂ ਵਲੋਂ ਦਿੱਤੀ ਮਾਇਆ ਦੁਆਰਾ ਹੀ ਮਿਸ਼ਨ ਆਪਣੀਆਂ ਗਤੀਵਿਧੀਆਂ ਨੂੰ ਨਿਰੰਤਰ ਜਾਰੀ ਰੱਖ ਰਿਹਾ ਹੈ। ਮਿਸ਼ਨ ਦੇ ਮੈਂਬਰਾਂ ਦੁਆਰਾ ਦਿੱਤਾ ਵਾਰਸ਼ਿਕ ਅਤੇ ਜੀਵਨ-ਪ੍ਰਯੰਤ ਚੰਦਾ ਹੀ ਮਿਸ਼ਨ ਦੀ ਆਮਦਨ ਦਾ ਮੁੱਖ ਸਾਧਨ ਹੈ। ਇਸ ਤੋਂ ਇਲਾਵਾ ਕੁਝ ਸ਼ਰਧਾਲੂ ਗੁਰਸਿੱਖ ਵੀ ਸਮੇਂ-ਸਮੇਂ ਤੇ ਮਿਸ਼ਨ ਦੀ ਮਾਲੀ ਸਹਾਇਤਾ ਕਰਦੇ ਰਹਿੰਦੇ ਹਨ। ਪਿਛਲੇ ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੇ ਵੀ ਮਿਸ਼ਨ ਦੀ ਕੁੱਝ ਮਾਲੀ ਸਹਾਇਤਾ ਕੀਤੀ ਸੀ। ਪਰ ਇਸਦੇ ਬਾਵਜੂਦ ਮੈਂ ਇਹ ਲਿਖਣ ਲਈ ਮਜਬੂਰ ਹਾਂ ਕਿ ਮਿਸ਼ਨ ਨੂੰ ਆਪਣੀਆਂ ਬਹੁ-ਪੱਖੀ ਧਾਰਮਿਕ ਗਤੀਵਿਧੀਆਂ ਜਾਰੀ ਰੱਖਣ ਲਈ ਧਨ ਦੀ ਸਖ਼ਤ ਲੋੜ ਹੈ। ਪਿਛਲੇ ਕਈ ਸਾਲਾਂ ਤੋਂ ਮਿਸ਼ਨ ਦੇ ਖਰਚਿਆਂ ਵਿਚ ਕਾਫ਼ੀ ਜ਼ਿਆਦਾ ਵਾਧਾ ਹੋਇਆ ਹੈ। ਇਸਦਾ ਮੁੱਖ ਕਾਰਨ ਟ੍ਰੈਕਟ ਪ੍ਰਕਾਸ਼ਿਤ ਕਰਨ ਲਈ ਲੋੜੀਂਦੇ ਕਾਗਜ਼, ਛਪਾਈ ਅਤੇ ਡਾਕ ਖਰਚ ਵਿੱਚ ਬਹੁਤ ਹੀ ਜ਼ਿਆਦਾ ਵਾਧਾ ਹੋਣਾ ਹੈ। ਡਾਕ ਦਾ ਖਰਚ ਇਤਨਾ

ਜ਼ਿਆਦਾ ਵੱਧ ਗਿਆ ਹੈ ਕਿ ਮਿਸ਼ਨ ਦੇ ਮੈਂਬਰਾਂ ਨੂੰ ਜਿਹੜਾ ਟ੍ਰੈਕਟ ਪਹਿਲਾਂ ਕੇਵਲ ਇੱਕ ਰੁਪਏ ਵਿੱਚ ਭੇਜਿਆ ਜਾਂਦਾ ਸੀ ਹੁਣ ਉਸ ਟ੍ਰੈਕਟ ਨੂੰ ਭੇਜਣ ਲਈ ਲਗਪਗ 4 ਰੁਪਏ ਖਰਚੇ ਜਾਂਦੇ ਹਨ। ਹਰ ਖੇਤਰ ਵਿਚ ਮਹਿੰਗਾਈ ਕਾਫ਼ੀ ਜ਼ਿਆਦਾ ਵਧਣ ਦੇ ਕਾਰਨ ਹੀ ਗੁਰੂ ਨਾਨਕ ਦੇਵ ਮਿਸ਼ਨ ਦੇ ਸਮੁੱਚੇ ਖਰਚ ਵਿੱਚ ਕਾਫ਼ੀ ਜ਼ਿਆਦਾ ਵਾਧਾ ਹੋਇਆ ਹੈ। ਇਸ ਕਾਰਨ ਮੈਂ ਗੁਰਬਾਣੀ ਸੁਨੇਹੀਆਂ ਤੇ ਸਿੱਖੀ ਦੇ ਹਿਤੈਸ਼ੀਆਂ ਨੂੰ ਸਨਿਮਰ ਬੇਨਤੀ ਕਰਦਾ ਹਾਂ ਕਿ ਉਹ ਵੱਧ ਤੋਂ ਵੱਧ ਗੁਰਸਿੱਖਾਂ ਨੂੰ ਗੁਰੂ ਨਾਨਕ ਦੇਵ ਮਿਸ਼ਨ ਦਾ ਮੈਂਬਰ ਬਣਾਉਣ ਅਤੇ ਮਿਸ਼ਨ ਨੂੰ ਮਾਲੀ ਸਹਾਇਤਾ ਦੇਣ ਦੀ ਕ੍ਰਿਪਾਲਤਾ ਕਰਨ ਤਾਂ ਜੋ ਮਿਸ਼ਨ ਆਪਣੀਆਂ ਧਾਰਮਕ ਗਤੀਵਿਧੀਆਂ ਦਾ ਖੇਤਰ ਹੋਰ ਜ਼ਿਆਦਾ ਵਿਸ਼ਾਲ ਕਰ ਸਕੇ। ਗੁਰੂ ਨਾਨਕ ਦੇਵ ਮਿਸ਼ਨ ਦਾ ਮੈਂਬਰ ਬਣਨ ਲਈ ਚੰਦਿਆਂ ਦਾ ਵੇਰਵਾ ਇਸ ਪ੍ਰਕਾਰ ਹੈ।

## ਚੰਦਿਆਂ ਦੀ ਦਰ

ਭਾਰਤ :-

ਵਾਰਸ਼ਕ....................................35-00

ਜੀਵਨ-ਪ੍ਰਯੰਤ............................350-00

ਵਿਦੇਸ਼ :-

ਜੀਵਨ-ਪ੍ਰਯੰਤ..........................1000-00

ਗੁਰੂ ਨਾਨਕ ਦੇਵ ਮਿਸ਼ਨ ਦੇ ਮੈਂਬਰਾਂ ਨੂੰ ਮਿਸ਼ਨ ਵਲੋਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਪੁਸਤਕਾਵਾਂ (Tracts) ਮੁਫ਼ਤ ਭੇਜੀਆਂ ਜਾਂਦੀਆਂ ਹਨ। ਇਹ ਜਾਂ ਹੋਰ ਅਜਿਹੇ ਟ੍ਰੈਕਟ ਗੁਰਪੁਰਬਾਂ ਸਮੇਂ ਗੁਰਮਤਿ ਪ੍ਰਚਾਰ ਲਈ ਅਤੇ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਨੂੰ ਇਨਾਮ ਦੇ ਤੌਰ ਤੇ ਵੰਡੋ। ਅਜਿਹੇ ਕਾਰਜਾਂ ਲਈ ਵਿਸ਼ੇਸ਼ ਛੂਟ 33% ਤੱਕ ਦਿੱਤੀ ਜਾ ਸਕਦੀ ਹੈ।

ਮੈਨੂੰ ਪੂਰਨ ਵਿਸ਼ਵਾਸ ਹੈ ਕਿ ਗੁਰਸਿੱਖ ਪਾਠਕ ਮੇਰੀ ਇਸ ਬੇਨਤੀ ਨੂੰ ਜ਼ਰੂਰ ਸਵੀਕਾਰ ਕਰਨਗੇ ਅਤੇ ਮਿਸ਼ਨ ਦੀ ਮਾਲੀ ਹਾਲਤ ਨੂੰ ਦ੍ਰਿੜ ਬਣਾਉਣ ਲਈ ਆਪਣਾ ਵਡਮੁੱਲਾ ਯੋਗਦਾਨ ਜ਼ਰੂਰ ਦੇਣਗੇ। ਗੁਰੂ ਨਾਨਕ ਦੇਵ ਮਿਸ਼ਨ ਨੂੰ ਹਰ ਤਰ੍ਹਾਂ ਦੀ ਰਕਮ ਮਨੀਆਰਡਰ, ਚੈੱਕ ਜਾਂ ਬੈਂਕ ਡਰਾਫਟ ਰਾਹੀਂ ਭੇਜੀ ਜਾ ਸਕਦੀ ਹੈ। ਬੈਂਕ ਡਰਾਫਟ ਜਾਂ ਚੈੱਕ ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਦੇ ਨਾਮ ਤੇ ਕਿਸੇ ਵੀ ਬੈਂਕ ਦਾ ਭੇਜਿਆ ਜਾ ਸਕਦਾ ਹੈ।


**ਡਾ. ਐਸ.ਐਸ. ਨੰਦਾ**

ਸਕੱਤਰ

ਗੁਰੂ ਨਾਨਕ ਦੇਵ ਮਿਸ਼ਨ

ਅਕਾਡਮੀ ਆਫ਼ ਸਿੱਖ ਰਿਲੀਜਨ ਐਂਡ ਕਲਚਰ,

1-ਢਿੱਲੋਂ ਮਾਰਗ, ਪਟਿਆਲਾ

ਫੋਨ : 0175-2215704

0175-2219475



Indo Printers 98142-20571